# ਕੈਨੇਡਾ ਦਰਪਣ

22 ਮਈ, 1987

**May 22, 1987**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

Price 50¢ WEEKENDING MAY 22, 1987 Vol. 6 No. 18 Out of Greater Vancouver 65¢ Second Class Mail Reg. No. 5991

ਕੈਨੇਡਾ ਦਰਪਣ

The Canada Darpan Punjabi Weekly Newspaper P.O.BOX 265, Surrey, B.C. V3T 4W8 Ph. (604) 581-4473

## ਹਰਿਆਣਾ ਚੋਣਾਂ ਜਿੱਤਣ ਲਈ

# ਅਕਾਲੀ ਸਰਕਾਰ ਭੰਗ

ਚੰਡੀਗੜ੍ਹ — ਭਾਰਤ ਦੀ ਕੇਂਦਰ ਸਰਕਾਰ ਨੇ ਇਕ ਵਾਰ ਫਿਰ ਲੋਕਾਂ ਦੀ ਚੁਣੀ ਸਰਕਾਰ ਨੂੰ ਭੰਗ ਕਰਕੇ ਸੋਮਵਾਰ ਦੀ ਰਾਤ ਪੰਜਾਬ ਵਿਚ ਗਵਰਨਰੀ ਰਾਜ ਲਾਗੂ ਕਰ ਦਿੱਤਾ ਹੈ। ਪੰਜਾਬ ਅਸੈਂਬਲੀ ਛੇ ਮਹੀਨੇ ਲਈ ਮੁਅੱਤਲ ਕਰ ਦਿੱਤੀ ਗਈ ਅਤੇ ਬਰਨਾਲਾ ਸਰਕਾਰ ਭੰਗ ਕਰ ਦਿੱਤੀ ਗਈ ਹੈ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ ਨੇ ਟਿੱਪਣੀ ਕਰਦਿਆਂ ਮੰਗਲਵਾਰ ਕਿਹਾ ਕਿ ਕੇਂਦਰ ਦੀ ਕਾਂਗਰਸ ਸਰਕਾਰ ਜਿਵੇਂ ਕਿਵੇਂ ਹਰਿਆਣਾ ਵਿਚ ਅਸੈਂਬਲੀ ਚੋਣਾਂ ਜਿੱਤਣਾ ਚਾਹੁੰਦੀ ਹੈ। ਹਰਿਆਣਾ ਵਿਚ ਚੋਣਾਂ ਜੂਨ ਦੇ ਪਹਿਲੇ ਅੱਧ ਵਿਚ ਹੋ ਰਹੀਆਂ ਹਨ। ਗਵਰਨਰ ਸਿਧਾਰਥ ਸ਼ੰਕਰ ਰੇਅ ਨੇ ਆਪਣੀ ਸਲਾਹਕਾਰ ਕੌਂਸਲ ਬਣਾ ਲਈ ਹੈ।

### ਭਾਰਤੀ ਜਨਤਾ ਪਾਰਟੀ ਤੇ ਕਾਂਗਰਸ ਵਲੋਂ ਸਵਾਗਤ

ਪੰਜਾਬ ਵਿਚ ਗਵਰਨਰੀ ਰਾਜ ਲਾਗੂ ਕੀਤੇ ਜਾਣ ਦਾ ਭਾਰਤੀ ਜਨਤਾ ਪਾਰਟੀ ਅਤੇ ਕਾਂਗਰਸ (ਆਈ) ਨੇ ਸਵਾਗਤ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਨੂੰ ਗਵਰਨਰੀ ਰਾਜ ਛੇ ਮਹੀਨੇ ਪਹਿਲਾਂ ਲਾਗੂ ਕਰਨਾ ਚਾਹੀਦਾ ਸੀ। ਭਾਰਤੀ ਜਨਤਾ ਪਾਰਟੀ ਦੇ ਆਗੂ ਡਾ: ਬਲਦੇਵ ਪ੍ਰਕਾਸ਼ ਨੇ ਕਿਹਾ ਕਿ ਪੰਜਾਬ ਵਿਚ 'ਜੰਗਲ ਦਾ ਰਾਜ' ਹੈ ਜਿਥੇ ਕੋਈ ਵੀ ਸ਼ਹਿਰੀ ਸੁਰਖਿਅਤ ਨਹੀਂ। ਕਾਂਗਰਸ ਪਾਰਟੀ ਦੇ ਪ੍ਰਧਾਨ ਬੇਅੰਤ ਸਿੰਘ ਨੇ ਕਿਹਾ ਕਿ ਬਰਨਾਲਾ ਸਰਕਾਰ ਲੋਕਾਂ ਦੇ ਜਾਨ ਮਾਲ ਦੀ ਰਾਖੀ ਨਹੀਂ ਕਰ ਸਕੀ ਇਸ ਲਈ ਇਨ੍ਹਾਂ ਨੂੰ ਸਰਕਾਰ ਬਣਾਏ ਰੱਖਣ ਦਾ ਅਧਿਕਾਰ ਨਹੀਂ ਰਿਹਾ। ਜਨਤਾ ਪਾਰਟੀ ਦੇ ਕਿਰਪਾਲ ਸਿੰਘ ਨੇ ਵੀ ਸਵਾਗਤ ਕੀਤਾ ਹੈ।

### ਸੀ. ਪੀ. ਐਮ. ਤੇ ਸੀ. ਪੀ. ਆਈ. ਵਲੋਂ ਨਿੰਦਿਆ

ਸੀ. ਪੀ. ਐਮ. ਤੇ ਸੀ. ਪੀ. ਆਈ. ਨੇ ਕੇਂਦਰ ਦੇ ਇਰਾਦਿਆਂ 'ਤੇ ਸ਼ੱਕ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਪੰਜਾਬ ਦੇ ਮਸਲੇ ਨੂੰ ਸੁਲਝਾਉਣ ਲਈ ਕਦੇ ਵੀ ਈਮਾਨਦਾਰ ਨਹੀਂ ਰਹੀ। ਦੋਵਾਂ ਪਾਰਟੀਆਂ ਨੇ ਕਿਹਾ ਕਿ ਪੰਜਾਬ ਸਮਝੌਤਾ ਲਾਗੂ ਨਾ ਕਰਕੇ ਕੇਂਦਰ ਨੇ ਜਾਣ ਬੁਝ ਕੇ ਬਰਨਾਲਾ ਸਰਕਾਰ ਨੂੰ ਕਮਜ਼ੋਰ ਕੀਤਾ ਅਤੇ ਪੰਜਾਬ ਵਿਚ ਸਥਿਤੀ ਨੂੰ ਵਿਗਾੜਿਆ। ਸੀ. ਪੀ. ਐਮ. ਨੇ ਇਕ ਪ੍ਰੈਸ ਬਿਆਨ ਵਿਚ ਕਿਹਾ ਕਿ ਦਹਿਸ਼ਤਪਸੰਦ ਅਤੇ ਕੇਂਦਰ ਦੋਵੇਂ ਹੀ ਪੰਜਾਬ ਦੀ ਹਾਲਤ ਲਈ ਜ਼ਿਮੇਂਵਾਰ ਹਨ।

## ਚੰਦੂਮਾਜਰਾ ਜੇਲ੍ਹ ਭੇਜ ਦਿਤਾ ਗਿਆ

### ਸਾਬਕਾ ਅਕਾਲੀ ਮੰਤਰੀਆਂ ਦੀ ਗ੍ਰਿਫ਼ਤਾਰੀਆਂ ਦੀ ਸੰਭਾਵਨਾ

ਚੰਡੀਗੜ੍ਹ — ਇਥੋਂ ਮਿਲੀ ਖਬਰ ਅਨੁਸਾਰ ਪਿਛਲੀ ਰਾਤ ਪੰਜਾਬ ਸਰਕਾਰ ਵਿਚ ਰਹਿ ਚੁਕੇ ਸਹਿਕਾਰਤਾ ਮੰਤਰੀ ਅਤੇ ਅਕਾਲੀ ਐਮ. ਐਲ. ਏ. ਪ੍ਰੋ: ਪ੍ਰੇਮ ਸਿੰਘ ਚੰਦੂ ਮਾਜਰਾ ਨੂੰ ਦਹਿਸ਼ਤਪਸੰਦਾਂ ਦੀ ਮੱਦਦ ਕਰਨ ਦੇ ਦੋਸ਼ ਵਿਚ ਉਸਦੀ ਕੋਠੀ ਵਿਚੋਂ ਗ੍ਰਿਫਤਾਰ ਕਰ ਲਿਆ ਗਿਆ ਪੁਲੀਸ ਨੇ ਉਸਦਾ ਰੀਮਾਂਡ ਲੈ ਲਿਆ ਹੈ ਅਤੇ ਚੰਦੂਮਾਜਰਾ ਨੂੰ ਜੇਲ੍ਹ ਭੇਜ ਦਿੱਤਾ ਗਿਆ।

ਯਾਦ ਰਹੇ ਕਿ ਪਿਛਲੇ ਤਿੰਨ ਹਫਤਿਆਂ ਤੋਂ ਚੰਦੂਮਾਜਰਾ ਅਤੇ ਕੁਝ ਹੋਰ ਅਕਾਲੀ ਮੰਤਰੀਆਂ ਵਲੋਂ ਸੁਰਜੀਤ ਸਿੰਘ ਬਰਨਾਲਾ ਉਤੇ ਜ਼ੋਰ ਪਾਇਆ ਜਾ ਰਿਹਾ ਸੀ ਕਿ ਉਹ ਪੁਲਸ ਦੇ ਡਾਇਰੈਕਟਰ ਜਨਰਲ ਸ੍ਰੀ ਰੀਬੀਰੋ ਦੇ ਅਹੁਦੇ ਦੀ ਮਿਆਦ ਨਾ ਵਧਣ ਦੇਣ। ਪਰ ਕਲ੍ਹ ਕੇਂਦਰ ਸਰਕਾਰ ਨੇ ਸ੍ਰੀ ਰੀਬੀਰੋ ਨੂੰ ਇਕ ਸਾਲ ਹੋਰ ਪੰਜਾਬ ਦਾ ਮੁੱਖੀ ਬਣੇ ਰਹਿਣ ਦੇ ਆਰਡਰ ਕਰ ਦਿੱਤੇ।

ਸ੍ਰੀ ਰੀਬੀਰੋ ਨੇ ਪ੍ਰੋ: ਚੰਦੂਮਾਜਰਾ ਉਤੇ ਦੋਸ਼ ਲਾਇਆ ਸੀ ਕਿ ਉਹ ਦਹਿਸ਼ਤਪਸੰਦਾਂ ਨੂੰ ਪਨਾਹ ਦੇ ਰਿਹਾ ਹੈ ਅਤੇ ਜੋ ਦਹਿਸ਼ਤਪਸੰਦ ਗ੍ਰਿਫਤਾਰ ਕੀਤੇ ਜਾਂਦੇ ਹਨ — ਉਹ ਉਨ੍ਹਾਂ ਦੀ ਰਿਹਾਈ ਲਈ ਪੁਲਸ ਉਤੇ ਆਪਣਾ ਪ੍ਰਭਾਵ ਪਾਉਂਦਾ ਹੈ।

ਪਿਛਲੇ ਹਫਤੇ ਹੋਈ ਕੈਬਨਿਟ ਮੀਟਿੰਗ ਵਿਚ ਵੀ ਸ੍ਰੀ ਰੀਬੀਰੋ ਨੂੰ ਲੈ ਕੇ ਮੰਤਰੀਆਂ ਦੀਆਂ ਆਪਸ ਵਿਚ ਝਪਟਾਂ ਹੋਈਆਂ ਸਨ।

### ਸਾਬਕਾ ਅਕਾਲੀ ਮੰਤਰੀਆਂ ਦੀਆਂ ਗ੍ਰਿਫ਼ਤਾਰੀਆਂ

ਇਥੋਂ ਦੇ ਸੂਤਰਾਂ ਦਾ ਕਹਿਣਾ ਹੈ ਕਿ ਪੰਜਾਬ ਦੇ ਕਈ ਹੋਰ ਮੰਤਰੀ ਵੀ ਇਸ ਲਪੇਟ ਵਿਚ ਆਉਣ ਦੀ ਸੰਭਾਵਨਾ ਹੈ। ਹਰਭਜਨ ਸਿੰਘ ਸੰਧੂ ਤੇ ਮੇਜਰ ਸਿੰਘ ਉਬੋਕੇ ਦੇ ਨਾਂ ਇਸ ਪ੍ਰਸੰਗ ਵਿਚ ਲਏ ਜਾ ਰਹੇ ਹਨ। ਇਹ ਵੀ ਪਤਾ ਲੱਗਾ ਹੈ ਕਿ ਕਈ ਸਾਬਕਾ ਅਕਾਲੀ ਮੰਤਰੀਆਂ ਉਤੇ ਭ੍ਰਿਸ਼ਟਾਚਾਰ ਦੇ ਦੋਸ਼ ਵੀ ਲਾਏ ਜਾ ਰਹੇ ਹਨ। ਇਸ ਸਬੰਧ ਵਿਚ ਬਸੰਤ ਸਿੰਘ ਖਾਲਸਾ ਦਾ ਨਾਂ ਲਿਆ ਜਾ ਰਿਹਾ ਹੈ ਕਿ ਉਨ੍ਹਾਂ ਸਿਹਤ ਮੰਤਰੀ ਹੁੰਦਿਆਂ ਕਰੋੜਾਂ ਰੁਪਏ ਬਣਾਏ ਹਨ। ਯਾਦ ਰਹੇ ਕਿ ਸਰਕਾਰੀ ਕਰਮਚਾਰੀਆਂ ਦੇ ਤਬਾਦਲਿਆਂ ਵਿਚ ਕਈ ਮੰਤਰੀਆਂ ਉਤੇ ਭ੍ਰਿਸ਼ਟਾਚਾਰ ਦੇ ਦੋਸ਼ ਅਖਬਾਰਾਂ ਵਿਚ ਲੱਗਦੇ ਰਹੇ ਹਨ।

### ਅਮਰਿੰਦਰ ਸਿੰਘ ਵਲੋਂ ਖੁਸ਼ੀ ਦਾ ਪ੍ਰਗਟਾਵਾ

ਸਾਬਕਾ ਕਾਂਗਰਸੀ ਐਮ. ਪੀ. ਤੇ ਬਾਦਲ ਧੜੇ ਦੇ ਨੇਤਾ ਅਮਰਿੰਦਰ ਸਿੰਘ ਨੇ ਅਕਾਲੀ ਸਰਕਾਰ ਟੁੱਟਣ ਉਤੇ ਕੱਛਾਂ ਵਜਾਉਂਦਿਆਂ ਕਿਹਾ ਕਿ ਬਰਨਾਲਾ ਸਰਕਾਰ ਦੀ ਪਿਛਲੇ ਪੌਣੇ ਦੋ ਸਾਲ ਦੀ ਕਾਰਗੁਜ਼ਾਰੀ ਨਿਕੰਮੀ ਰਹੀ ਹੈ — ਇਸ ਲਈ ਬਰਨਾਲਾ ਸਰਕਾਰ ਦੇ ਟੁੱਟਣ ਉਤੇ ਕਿਸੇ ਸਿੱਖ ਨੂੰ ਕੋਈ ਦੁੱਖ ਨਹੀਂ ਹੈ।

### ਕੇਂਦਰੀ ਕੈਬਨਿਟ ਦਾ ਫੈਸਲਾ

ਸੋਮਵਾਰ ਸ਼ਾਮ ਨੂੰ ਕੇਂਦਰੀ ਕੈਬਨਿਟ ਦੀ ਇਕ ਹੰਗਾਮੀ ਮੀਟਿੰਗ

ਬਾਕੀ ਪੰਨਾ 2 'ਤੇ



ਏ. ਸੀ. ਜਿਊਲਰਜ਼

9373 - 120 St. Delta, B.C.

PH. 588-5808



ਡੇਲਟਾ-ਸਰੀ ਨਿਵਾਸੀਆਂ ਨੂੰ ਹੁਣ ਹੋਰ ਥਾਂ ਜਾਣ ਦੀ ਲੋੜ ਨਹੀਂ — ਸਿੱਧੇ ਸਕਾਟ ਰੋਡ ਉਤੇ ਚਲੇ ਆਓ

ਆਪਣੀ ਮਰਜ਼ੀ ਦੇ ਗਹਿਣੇ ਬਣਵਾਓ — 40 ਸਾਲ ਦਾ ਤਜਰਬਾ

ਪੰਨਾ 1 ਦੀ ਬਾਕੀ

ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਬੁਲਾਈ ਅਤੇ ਫੈਸਲਾ ਲਿਆ ਗਿਆ ਕਿ ਪੰਜਾਬ ਵਿਚ ਕਤਲ, ਲੁੱਟਮਾਰ ਆਦਿ ਦੀਆਂ ਘਟਨਾਵਾਂ ਏਨੀਆਂ ਵੱਧ ਗਈਆਂ ਹਨ ਕਿ ਪੰਜਾਬ ਵਿਚ ਗਵਰਨਰੀ ਰਾਜ ਬਿਨਾਂ ਸ਼ਾਂਤੀ ਨਹੀਂ ਹੋ ਸਕਦੀ। ਇਸ ਸਾਲ ਚਾਰ ਮਹੀਨਿਆਂ ਵਿਚ 300 ਵਿਅਕਤੀ ਕਤਲ ਹੋ ਚੁਕੇ ਹਨ।

## ਸੀ. ਆਰ. ਪੀ. ਤਾਈਨਾਤ

ਕੇਂਦਰ ਸਰਕਾਰ ਨੇ ਘਟਨਾ-ਗ੍ਰਸਤ ਜ਼ਿਲਿਆਂ ਅੰਮ੍ਰਿਤਸਰ ਅਤੇ ਗੁਰਦਾਸਪੁਰ ਵਿਚ ਸਾਰੇ ਸੀ. ਆਰ. ਪੀ. ਤਾਈਨਾਤ ਕਰ ਦਿੱਤੀ ਹੈ।

## ਰੀਬੀਰੋ ਦੀ ਮਿਆਦ ਵਿਚ ਵਾਧਾ

ਪੰਜਾਬ ਪੁਲੀਸ ਦੇ ਡਾਇਰੈਕਟਰ ਜਨਰਲ ਸ੍ਰੀ ਰੀਬੀਰੋ ਦੇ ਅਹੁਦੇ ਦੀ ਮਿਆਦ ਕੇਂਦਰ ਸਰਕਾਰ ਨੇ ਇਕ ਸਾਲ ਲਈ ਹੋਰ ਵਧਾ ਦਿੱਤੀ ਹੈ। ਹੁਣ ਉਹ ਮਈ 1988 ਤੱਕ ਪੰਜਾਬ ਵਿਚ ਇਸੇ ਅਹੁਦੇ ਤੇ ਟਿਕੇ ਰਹਿਣਗੇ। ਪਿਛਲੇ ਦਿਨੀਂ ਉਨ੍ਹਾਂ ਦੀ ਬਦਲੀ ਦੀ ਕਾਫੀ ਚਰਚਾ ਰਹੀ ਹੈ।

## ਉਤਰੀ ਸੂਬਿਆਂ ਵਿਚ ਚੌਕਸੀ

ਕੇਂਦਰ ਸਰਕਾਰ ਨੇ ਉਤਰੀ ਭਾਰਤ ਦੇ ਸਾਰੇ ਸੂਬਿਆਂ ਵਿਚ ਪੁਲਸ ਨੂੰ ਚੌਕਸ ਰਹਿਣ ਦੇ ਹੁਕਮ ਦਿੱਤੇ ਹਨ। ਯੂ. ਪੀ., ਜੰਮੂ ਕਸ਼ਮੀਰ, ਹਰਿਆਣਾ, ਹਿਮਾਚਲ, ਬਿਹਾਰ ਵਿਚ ਪੁਲਸ ਦੇ ਮੁਖੀਆਂ ਨੂੰ ਆਰਡਰ ਭੇਜੇ ਗਏ ਹਨ ਕਿ ਹੋ ਸਕਦਾ ਹੈ ਕਿ ਅਤਿਵਾਦੀ ਪੰਜਾਬ ਵਿਚੋਂ ਦੌੜਨ ਦੀ ਕੋਸ਼ਿਸ਼ ਕਰਨ ਇਸ ਲਈ ਇਨ੍ਹਾਂ ਸੂਬਿਆਂ ਵਿਚ ਚੌਕਸੀ ਵਰਤੀ ਜਾਏ

## ਗਵਰਨਰੀ ਰਾਜ ਨੌਵੀਂ ਵਾਰ ਲਾਗੂ

ਪਿਛਲੇ 20 ਸਾਲ ਵਿਚ ਪੰਜਾਬ ਵਿਚ 9 ਵਾਰ ਗਵਰਨਰੀ ਰਾਜ ਲਾਗੂ ਕੀਤਾ ਜਾ ਚੁੱਕਾ ਹੈ। ਸਤੰਬਰ 1985 ਤੋਂ ਪਹਿਲਾਂ ਦੋ ਸਾਲ ਵੀ ਪੰਜਾਬ ਵਿਚ ਗਵਰਨਰੀ ਰਾਜ ਰਿਹਾ। ਜਿੰਨੀ ਵਾਰ ਅਕਾਲੀ ਵਜ਼ਾਰਤ ਬਣੀ ਹੈ — ਇਸ ਨੇ ਕਦੇ ਵੀ ਆਪਣੀ ਪੂਰੀ ਮਿਆਦ ਪੂਰੀ ਨਹੀਂ ਕੀਤੀ। ਬਰਨਾਲਾ ਤੋਂ ਪਹਿਲਾਂ ਬਾਦਲ, ਗੁਰਨਾਮ ਸਿੰਘ ਸਰਕਾਰਾਂ ਵੀ ਕਦੇ ਆਪਣਾ ਪੂਰਾ ਸਮਾਂ ਨਹੀਂ ਚੱਲੀਆਂ।

## ਇੰਗਲੈਂਡ ਵਿਚ ਮਾਰਗਰੇਟ ਥੈਚਰ ਦੀ ਜਿੱਤ ਯਕੀਨੀ

ਲੰਡਨ — ਇੰਗਲੈਂਡ ਦੀ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ ਦਾ ਤੀਜੀ ਵਾਰ ਚੋਣਾਂ ਜਿੱਤਣਾਂ ਯਕੀਨੀ ਬਣਦਾ ਜਾ ਰਿਹਾ ਹੈ। ਇਹ ਚੋਣਾਂ 11 ਜੂਨ ਨੂੰ ਹੋ ਰਹੀਆਂ ਹਨ। ਨਵੇਂ ਪੋਲਾਂ ਮੁਤਾਬਕ ਕੰਨਜ਼ਰਵੇਟਿਵ ਪਾਰਟੀ ਲੋਕਾਂ ਵਿਚ ਇਸ ਸਮੇਂ ਵਧੇਰੇ ਮਕਬੂਲ ਹੈ। ਵਿਰੋਧੀ ਧਿਰ ਦੋ ਹਿੱਸਿਆਂ ਵਿਚ ਵੰਡੀ ਹੋਣ ਕਾਰਨ ਥੈਚਰ ਦਾ ਜਿੱਤਣਾ ਯਕੀਨੀ ਸਮਝਿਆ ਜਾ ਰਿਹਾ ਹੈ। ਲੇਬਰ ਪਾਰਟੀ ਦੇ ਲੀਡਰ ਕਿਨਕ ਨੇ ਕਿਹਾ ਕਿ ਟੋਰੀ ਪਾਰਟੀ ਨੇ ਆਰਥਿਕਤਾ ਤਬਾਹੀ ਦੇ ਕੰਢੇ ਜਾ ਪੁਚਾਈ ਹੈ ਅਤੇ ਕਮਿਊਨਿਟੀ ਸੇਵਾਵਾਂ ਲਗਪਗ ਖਤਮ ਹੀ ਕਰ ਦਿੱਤੀਆਂ ਹਨ।

ਇਹ ਅਨੁਮਾਨ ਲਾਇਆ ਗਿਆ ਹੈ ਕਿ ਟੋਰੀ ਪਾਰਟੀ ਅੱਗੇ ਨਾਲੋਂ ਵੀ ਵੱਧ ਸੀਟਾਂ ਜਿਤੇਗੀ।

# ਸੰਤ ਲੌਂਗੋਵਾਲ ਦਾ ਕਾਤਲ ਜਰਨੈਲ ਹਲਵਾਰਾ ਮੁਕਾਬਲੇ 'ਚ ਹਲਾਕ

ਸੰਗਰੂਰ — ਇਥੋਂ ਪ੍ਰਾਪਤ ਖਬਰ ਅਨੁਸਾਰ ਸੰਤ ਲੌਂਗੋਵਾਲ ਦੇ ਕਤਲ ਦਾ ਮੁਖ ਦੋਸ਼ੀ ਜਰਨੈਲ ਸਿੰਘ ਹਲਵਾਰਾ ਇਸ ਜ਼ਿਲੇ ਦੇ ਇਕ ਪਿੰਡ ਵਿਚ ਮਾਰਿਆ ਗਿਆ ਹੈ। ਉਸਦੇ ਨਾਲ ਤਿੰਨ ਹੋਰ ਦਹਿਸ਼ਤਪਸੰਦ ਵੀ ਗ੍ਰਿਫਤਾਰ ਕੀਤੇ ਗਏ ਹਨ। ਜਰਨੈਲ ਸਿੰਘ ਕੋਲੋਂ ਇਕ ਲੱਖ ਰੁਪਏ ਤੋਂ ਵੱਧ ਦੀ ਰਕਮ ਕੈਸ਼ ਮਿਲੀ ਹੈ। ਨੈਸ਼ਨਲ ਬੈਂਕ ਲੁਧਿਆਣਾ ਦੇ ਡਾਕੇ ਵਿਚ ਵੀ ਜਰਨੈਲ ਸਿੰਘ ਸ਼ਾਮਲ ਦੱਸਿਆ ਗਿਆ ਸੀ।

ਸੰਤ ਲੌਂਗੋਵਾਲ ਦੇ ਕਾਤਲਾਂ ਵਿਚੋਂ ਜਰਨੈਲ ਸਿੰਘ ਹਲਵਾਰਾ ਤੇ ਚਰਨਜੀਤ ਸਿੰਘ ਮਫਰੂਰ ਸਨ। ਜਰਨੈਲ ਸਿੰਘ ਕਈ ਵਾਰ ਪੁਲਸ ਹੱਥੋਂ ਨਿਕਲ ਚੁਕਾ ਦੋਸ਼ੀ ਸੀ। ਜਰਨੈਲ ਸਿੰਘ ਫੜਨ ਲਈ ਇਕ ਲੱਖ ਰੁਪਏ ਦਾ ਇਨਾਮ ਵੀ ਰੱਖਿਆ ਗਿਆ ਸੀ। ਲੁਧਿਆਣੇ ਜ਼ਿਲੇ ਵਿਚ ਵਾਪਰੀਆਂ ਬਹੁਤੀਆਂ ਵਾਰਦਾਤਾਂ ਵਿਚ ਇਸਦੇ ਗੈਂਗ ਦਾ ਹੀ ਹੱਥ ਦੱਸਿਆ ਜਾਂਦਾ ਸੀ। ਜਰਨੈਲ ਸਿੰਘ ਪਹਿਲਾਂ ਹਲਵਾਰੇ ਵਿਚ ਵੀ ਇਕ ਕਤਲ ਕਰ ਚੁਕਾ ਸੀ।

## 126 ਗ੍ਰਿਫਤਾਰੀਆਂ

ਪੰਜਾਬ ਵਿਚ ਗਵਰਨਰੀ ਰਾਜ ਲਾਗੂ ਹੋਣ ਤੋਂ ਪਿਛੋਂ 126 ਦਹਿਸ਼ਤਪਸੰਦ ਗ੍ਰਿਫਤਾਰ ਕੀਤੇ ਜਾ ਚੁੱਕੇ ਹਨ। ਗ੍ਰਿਫਤਾਰ ਕੀਤੇ ਜਾਣ ਵਾਲਿਆਂ ਵਿਚ ਇਕ ਸਾਬਕਾ ਮੰਤਰੀ ਵੀ ਸ਼ਾਮਲ ਹੈ।

## ਕਨੇਡੀਅਨ ਫਾਰਮ ਵਰਕਜ਼ ਯੂਨੀਅਨ ਵਲੋਂ ਸਾਰੀ ਇੰਡੋ ਕਨੇਡੀਅਨ ਕਮਿਊਨਿਟੀ ਦਾ ਭਾਰੀ ਇਕੱਠ

**ਕਨੇਡੀਅਨ ਫਾਰਮ ਵਰਕਜ ਯੂਨੀਅਨ ਦੇ ਪ੍ਰਧਾਨ, ਸਰਵਣ ਬੋਲ ਨੇ ਖਬਰ ਦਿੱਤੀ ਹੈ ਕਿ ਉਹ 24 ਮਈ ਦਿਨ ਐਤਵਾਰ ਬਾਅਦ ਦੁਪਹਿਰ ਢਾਈ ਵਜੇ ਮੋਬਰਲੀ ਸਕੂਲ ਵਿਚ ਬਿੱਲ 19 ਅਤੇ 20 ਦੇ ਵਿਰੋਧ ਵਿਚ ਸਾਰੀ ਇੰਡੋ ਕਨੇਡੀਅਨ ਕਮਿਊਨਿਟੀ ਦਾ ਸਾਥ ਲੈ ਕੇ ਇਕ ਭਾਰੀ ਮੀਟਿੰਗ ਕਰ ਰਹੇ ਹਨ ਇਸ ਮੀਟਿੰਗ ਵਿਚ ਬੀ. ਸੀ. ਫੈਡਰੇਸ਼ਨ ਦੇ ਸਕੱਤਰ ਕਲਿਫ ਐਂਡਸਟੀਨ ਅਤੇ ਬੀ. ਸੀ. ਟੀਚਰ ਫੈਡਰੇਸ਼ਨ ਦੇ ਪਹਿਲੇ ਮੀਤ ਪ੍ਰਧਾਨ ਐਲਨ ਕਰਾਂਫੋਰਡ ਵੀ ਬੋਲ ਰਹੇ ਹਨ। ਸਰਵਣ ਬੋਲ ਨੇ ਦੱਸਿਆ ਕਿ ਉਹ ਕਮਿਊਨਿਟੀ ਦੀਆਂ ਸਾਰੀਆਂ ਜਾਇਜ਼ ਜੱਥੇਬੰਦੀਆਂ ਦਾ ਸਾਥ ਲੈ ਰਹੇ ਹਨ। ਇਸ ਮੀਟਿੰਗ ਬਾਰੇ ਵਿਸਥਾਰ ਵਿਚ ਇਸੇ ਪੇਪਰ ਦੇ ਅਗਲੇ ਅੰਕ ਵਿਚ ਦੱਸਿਆ ਜਾਵੇਗਾ।**

## 25-26 ਮਈ ਦੇ ਬੰਦ ਨਾਲ ਸਾਡਾ ਕੋਈ ਸਬੰਧ ਨਹੀਂ — ਗੁਰਜੀਤ ਸਿੰਘ

ਚੰਡੀਗੜ੍ਹ — ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਐਕਟਿੰਗ ਪ੍ਰਧਾਨ ਭਾਈ ਗੁਰਜੀਤ ਸਿੰਘ ਨੇ ਦਰਬਾਰ ਸਾਹਿਬ ਕੰਪਲੈਕਸ ਨੇੜਿਓਂ ਸੀ. ਆਰ. ਪੀ. ਅਤੇ ਪੁਲੀਸ ਨੂੰ ਸਿੱਖ ਨੌਜਵਾਨਾਂ ਦੀਆਂ ਗ੍ਰਿਫਤਾਰੀਆਂ ਵਿਰੁੱਧ ਚਿਤਾਵਨੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਜੇਕਰ ਇਹ ਕਾਰਵਾਈ ਇਸੇ ਤਰ੍ਹਾਂ ਜਾਰੀ ਰਹੀ ਤਾਂ ਫੈਡਰੇਸ਼ਨ ਇਸ ਦਾ ਮੂੰਹ ਤੋੜਵਾਂ ਉਤਰ ਦੇਵੇਗੀ। ਫੈਡਰੇਸ਼ਨ ਦੇ ਨੇਤਾ ਵਲੋਂ ਜਾਰੀ ਕੀਤੇ ਪ੍ਰੈਸ ਬਿਆਨ ਵਿਚ ਕਿਹਾ ਗਿਆ ਹੈ ਕਿ ਪੁਲੀਸ ਅਤੇ ਸੁਰੱਖਿਆ ਦਸਤੇ ਜਥੇਬੰਦੀ ਦੇ ਵਰਕਰਾਂ ਅਤੇ 'ਸ਼ਹੀਦ ਪਰਿਵਾਰਾਂ' ਨੂੰ ਤੰਗ ਪਰੇਸ਼ਾਨ ਕਰ ਰਹੇ ਹਨ। ਫਿਰੋਜ਼ਪੁਰ ਜ਼ਿਲਾ ਪ੍ਰਧਾਨ ਜਸਮੇਲ ਸਿੰਘ ਫੌਜੀ ਦੇ ਪਰਿਵਾਰ ਨੂੰ ਪੁਲੀਸ ਫੜ ਕੇ ਲੈ ਗਈ ਅਤੇ ਸਮਾਨ ਜ਼ਬਤ ਕਰ ਲਿਆ। ਜਲੰਧਰ ਦੇ ਐਕਟਿੰਗ ਪ੍ਰਧਾਨ ਪ੍ਰਿਥੀਪਾਲ ਸਿੰਘ ਦੇ ਭਰਾ ਬਿੱਲਾ ਨੂੰ ਪੁਲੀਸ ਨੇ ਪੰਦਰਾਂ ਦਿਨ ਤੋਂ ਫੜਿਆ ਹੋਇਆ ਹੈ। ਰੋਪੜ ਜ਼ਿਲੇ ਵਿਚ ਵੀ ਪੁਲੀਸ ਵਧੀਕੀਆਂ ਕਰ ਰਹੀ ਹੈ। ਜ਼ਿਲਾ ਪ੍ਰਧਾਨ ਸੁਰਿੰਦਰ ਸਿੰਘ ਕਿਸ਼ਨਪੁਰਾ ਦੇ ਪਰਿਵਾਰ ਨੂੰ ਤੰਗ ਕੀਤਾ ਜਾ ਰਿਹਾ ਹੈ।

ਭਾਈ ਗੁਰਜੀਤ ਸਿੰਘ ਨੇ ਮੋਗਾ ਵਿਖੇ ਬੀਬੀ ਕਾਹਨ ਕੌਰ ਦੇ ਗੁਰਦੁਆਰੇ ਵਿਚ ਇਕੱਠ ਬਾਰੇ ਸਪੱਸ਼ਟ ਕੀਤਾ ਹੈ ਕਿ ਉਥੇ ਇਕੱਠ ਉਨ੍ਹਾਂ ਦੇ ਗਰੁੱਪ ਵਲੋਂ ਸੀ। ਸਟੇਜ ਦਾ ਸਮੁੱਚਾ ਪ੍ਰਬੰਧ ਵੀ ਉਨ੍ਹਾਂ ਕੋਲ ਸੀ। ਉਨ੍ਹਾਂ ਕਿਹਾ ਕਿ 25-26 ਮਈ ਦੇ ਬੰਦ ਨਾਲ ਉਨ੍ਹਾਂ ਦੀ ਜਥੇਬੰਦੀ ਦਾ ਕੋਈ ਸਬੰਧ ਨਹੀਂ। ਉਨ੍ਹਾਂ ਨੇ 'ਆਜ਼ਾਦ ਖਾਲਸਾ' ਜਥੇਬੰਦੀ ਵਲੋਂ ਖਾਲਿਸਤਾਨ ਦਾ ਨਕਸ਼ਾ ਜਾਰੀ ਕਰਨ ਬਾਰੇ ਸਖਤ ਨੋਟਿਸ ਲੈਂਦੇ ਹੋਏ ਕਿਹਾ ਕਿ ਨਕਸ਼ਾ ਜਾਰੀ ਕਰਨ ਦਾ ਅਧਿਕਾਰ ਸਿਰਫ ਪੰਥਕ ਕਮੇਟੀ ਨੂੰ ਹੈ। ਉਨ੍ਹਾਂ ਨੇ ਸਿਖ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਅਜਿਹੇ ਪ੍ਰਚਾਰ ਤੋਂ ਗੁਮਰਾਹ ਨਾ ਹੋਣ ਭਾਈ ਗੁਰਜੀਤ ਸਿੰਘ ਨੇ ਦੋਸ਼ ਲਾਇਆ ਕਿ ਅਵਤਾਰ ਸਿੰਘ ਬ੍ਰਹਮਾ ਦੇ ਗਰੋਹ ਨੇ ਭਾਈ ਫਤਹਿ ਸਿੰਘ ਨੂੰ "ਸ਼ਹੀਦ" ਕੀਤਾ ਹੈ। ਉਹ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦਾ ਨਜ਼ਦੀਕੀ ਸੀ। ਉਨ੍ਹਾਂ ਕਿਹਾ ਕਿ ਜੇਕਰ ਟਕਸਾਲ ਦੇ ਸਿੰਘਾਂ ਨੂੰ ਇਸੇ ਤਰ੍ਹਾਂ "ਸ਼ਹੀਦ" ਕਰਨਾ ਚਾਹਿਆ ਤਾਂ ਫੈਡਰੇਸ਼ਨ 'ਬ੍ਰਹਮਾ' ਦੇ ਗਰੋਹ ਵਿਰੁਧ ਢੁਕਵੀਂ ਕਾਰਵਾਈ ਕਰੇਗੀ।

## ਖਾਲਿਸਤਾਨ ਨਾਲ ਮੇਰਾ ਕੋਈ ਸੰਬਧ ਨਹੀਂ

ਸਿੰਘ ਸਾਹਿਬ


**Birak Farm Workers Supply Co. Ltd.**

641 E. 56th Ave., Vancouver, B.C.

# ਫਾਰਮ ਵਰਕਰਾਂ ਦੀ ਲੋੜ!

- ਸਾਨੂੰ ਫਾਰਮ ਵਰਕਰਾਂ ਦੀ ਲੋੜ ਹੈ
- ਸਾਡੇ ਕੋਲ ਸਟਰਾਅ ਬੇਰੀ, ਰਸ ਬੇਰੀ, ਬਿਲੂ ਬੇਰੀ, Winter ਰਸ ਬੇਰੀ, ਬਲੈਕ ਰਸ ਬੇਰੀ ਤੇ ਛੱਲੀਆਂ ਦੀ ਗੁਡਾਈ ਦਾ ਕੰਮ ਹੈ ਅਤੇ ਗੋਭੀ, ਬਰੌਕਲੀ ਦੀ ਕਟਾਈ, ਆਲੂ ਸ਼ਲਗਮਾਂ, ਗਾਜਰਾਂ ਦੀ ਪੁਟਾਈ ਦਾ ਘੰਟਿਆਂ ਦਾ ਕੰਮ ਨਵੰਬਰ ਦੇ ਅਖੀਰ ਤੱਕ ਹੈ।

## ਅਸੀਂ ਇਸ ਸਾਲ ਵੱਧ ਹੇਠ ਲਿਖੇ ਰੇਟ Pay ਕਰ ਰਹੇ ਹਾਂ :—

- ਘੰਟਿਆਂ ਦਾ ਰੇਟ $4.00
- ਰਸ ਬੇਰੀ 16 ਪੌਂਡ ਪ੍ਰਤੀ ਫਲੈਟ $2.75
- Fresh ਰਸ ਬੇਰੀ 16 ਪੌਂਡ ਪ੍ਰਤੀ ਫਲੈਟ $3.75
- ਸਟਰਾਅ ਬੇਰੀ 16 ਪੌਂਡ ਪ੍ਰਤੀ ਫਲੈਟ $2.65
- ਸਪਰੋਟਾਂ ਦੀ ਬਾਲਟੀ $1.75

- ਸਾਡੇ ਕੋਲ ਕੰਮ ਤੇ ਲਿਜਾਣ ਅਤੇ ਵਾਪਸ ਛੱਡਣ ਦਾ ਅੱਛਾ ਪ੍ਰਬੰਧ ਹੈ
- ਤਨਖਾਹ ਹਰ ਦੋ ਹਫਤੇ ਬਾਅਦ ਦਿੱਤੀ ਜਾਵੇਗੀ
- ਕੀਤੇ ਕੰਮ ਦੀਆਂ ਸਟੈਂਪਾਂ ਦਿੱਤੀਆਂ ਜਾਣਗੀਆਂ
- ਇਸ ਸਾਲ ਵੈਨਕੂਵਰ, ਬਰਨਬੀ, ਰਿਚਮੰਡ, ਡੈਲਟਾ, ਸਰੀ ਤੋਂ ਵੀ ਵਰਕਰ ਚੁੱਕਣ ਦਾ ਅੱਛਾ ਪ੍ਰਬੰਧ ਹੈ
- ਬਾਹਰਲੇ ਸ਼ਹਿਰਾਂ ਤੋਂ ਆਏ ਕਾਮਿਆਂ ਨੂੰ ਸਪੈਸ਼ਲ ਸਹੂਲਤਾਂ ਦਿੱਤੀਆਂ ਜਾਣਗੀਆਂ।

ਹੋਰ ਜਾਣਕਾਰੀ ਲਈ ਫੋਨ ਕਰੋ ਜਾਂ ਸਾਨੂੰ ਮਿਲੋ :

**ਗੁਰਪਾਲ ਸਿੰਘ ਬਿਰਕ — 325- 1027**

**ਗੁਰਚਰਨ ਸਿੰਘ ਬਿਰਕ — 321-4963**

# ਕਮਾਂਡੋ ਫੋਰਸ ਤੇ ਫੈਡਰੇਸ਼ਨ ਹਰਿਆਣਾ ਵਿਚ ਵੀ ਦਾਖਲ

ਚੰਡੀਗੜ੍ਹ — ਖਾੜਕੂ ਜੱਥੇਬੰਦੀਆਂ ਵਲੋਂ ਹਰਿਆਣਾ ਵਿਚ ਸ਼ਰਾਬ ਤੇ ਤਮਾਕੂ ਵਿਰੋਧੀ ਮੁਹਿੰਮ ਸ਼ੁਰੂ ਕਰ ਦਿੱਤੀ ਗਈ ਹੈ। ਹਰਿਆਣਾ ਪੁਲੀਸ ਨੇ ਇਸ ਗੱਲ ਦੀ ਪੁਸ਼ਟੀ ਕਰ ਦਿੱਤੀ ਹੈ ਕਿ ਖਾਲਿਸਤਾਨ ਕਮਾਂਡੋ ਫੋਰਸ ਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਵਲੋਂ ਸ਼ਰਾਬ ਤੇ ਤਮਾਕੂ ਵਿਰੋਧੀ ਇਸ਼ਤਿਹਾਰ ਹਰਿਆਣਾ ਦੇ ਕਈ ਇਲਾਕਿਆਂ ਵਿਚ ਲੱਗੇ ਹੋਏ ਪਾਏ ਗਏ ਹਨ । ਪੁਲੀਸ ਨੇ ਇਸ ਸਬੰਧ ਵਿਚ ਬਾਰਾਂ ਵਿਅਕਤੀਆਂ ਜਿਨ੍ਹਾਂ ਵਿਚੋਂ ਦੋ ਅੰਮ੍ਰਿਤਸਰ ਦੇ ਦਹਿਸ਼ਤਗਰਦ ਸ਼ਾਮਲ ਹਨ ਤੇ ਉਨ੍ਹਾਂ ਨੂੰ ਪਨਾਹ ਦੇਣ ਵਾਲੇ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲਿਆ ਹੈ। ਇਹ ਇਸ਼ਤਿਹਾਰ ਫਤਿਆਬਾਦ (ਹਿਸਾਰ) ਅਸੰਧ (ਕਰਨਾਲ) ਸਫੈਦੋਂ (ਜ਼ੀਂਦ) ਦੇ ਧਾਰਮਿਕ ਅਸਥਾਨਾਂ ਦੇ ਬਾਹਰ ਲੱਗੇ ਹੋਏ ਦੇਖੇ ਗਏ। ਹਰਿਆਣਾ ਪੁਲੀਸ ਦੇ ਡਾਇਰੈਕਟਰ ਜਨਰਲ ਪੁਲੀਸ ਸ੍ਰੀ ਕੇ ਕੇ ਜੁਤਸ਼ੀ ਨੇ ਦੱਸਿਆ ਜ਼ਿਲਾ ਸਿਰਸਾ ਵਿਚ ਮੰਡੀ ਡਬਵਾਲੀ ਤੋਂ ਚਾਰ ਸ਼ੱਕੀ ਦਹਿਸ਼ਤਗਰਦ ਪਕੜੇ ਗਏ ਜਿਨ੍ਹਾਂ ਪਾਸੋਂ ਸਵਰਗਵਾਸੀ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਭਾਸ਼ਨ ਦੇ ਇਤਰਾਜ਼ਯੋਗ ਟੇਪ ਵੀ ਬਰਾਮਦ ਕੀਤੇ ਗਏ । ਸ੍ਰੀ ਜੁਤਸ਼ੀ ਨੇ ਕੁਝ ਅਖਬਾਰਾਂ ਵਿਚ ਛਪੇ ਇਨ੍ਹਾਂ ਸਮਾਚਾਰਾਂ ਦਾ ਖੰਡਨ ਕੀਤਾ ਕਿ ਦਹਿਸ਼ਤਗਰਦ ਤੇ ਅਤੰਕਵਾਦੀ ਜਥੇਬੰਦ ਹੋ ਕੇ ਹਰਿਆਣਾ ਵਿਚ ਦਾਖਲ ਹੋ ਗਏ ਹਨ ਅਤੇ ਉਨ੍ਹਾਂ ਨੇ ਉਥੇ ਆਪਣੇ ਦਫਤਰ ਸਥਾਪਤ ਕਰ ਲਏ ਹਨ ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਦਹਿਸ਼ਤਗਰਦਾਂ ਵਲੋਂ ਜਥੇਬੰਦ ਹੋ ਕੇ ਹਰਿਆਣਾ ਵਿਚ ਦਾਖਲ ਹੋਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਘਟਨਾਵਾਂ ਨੂੰ ਮੁੱਖ ਰੱਖਦਿਆਂ ਹਰਿਆਣਾ ਵਿਚ ਪਹਿਲਾਂ ਹੀ ਚੌਕਸੀ ਵਰਤੀ ਜਾ ਰਹੀ ਹੈ ਤੇ ਬੈਰੀਅਰ ਤੇ ਨਾਕਾਬੰਦੀਆਂ ਲਾ ਕੇ ਪੂਰੀ ਤਰ੍ਹਾਂ ਸ਼ੱਕੀ ਵਿਅਕਤੀਆਂ ਦੀ ਤਲਾਸ਼ੀ ਲਈ ਜਾ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਪੰਜਾਬ ਨਾਲ ਲਗਦੇ ਹਰਿਆਣਾ ਦੇ ਬੈਰੀਅਰਾਂ, ਚੈਕਪੋਸਟਾਂ 'ਤੇ ਟੈਲੀਫੋਨ ਤੇ ਵਾਇਰਲੈਸ ਸੈਟਾਂ ਨਾਲ ਜੋੜੇ ਹੋਏ ਹਨ। ਸ੍ਰੀ ਜੁਤਸ਼ੀ ਨੇ ਕਿਹਾ ਕਿ ਗਜ਼ਟਿਡ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਚੈਕ ਪੋਸਟਾਂ ਦੀ ਪੜਤਾਲ ਕਰਨ ਤੇ ਪਿੰਡਾਂ ਵਿਚ ਪੰਚਾਂ ਤੇ ਸਰਪੰਚਾਂ ਨੂੰ ਸ਼ੱਕੀ ਵਿਅਕਤੀਆਂ ਤੇ ਪੂਰੀ ਤਰ੍ਹਾਂ ਨਜ਼ਰ ਰੱਖਣ ਦੀ ਹਦਾਇਤ ਕੀਤੀ ਗਈ ਹੈ ।

# ਲਾਲਡੇਂਗਾ ਮੁੱਖ ਮੰਤਰੀਆਂ ਦੀ ਮੀਟਿੰਗ 'ਚੋਂ ਲਾਂਭੇ ਰੱਖੇ ਜਾਣ 'ਤੇ ਹੈਰਾਨ

ਕਲਕੱਤਾ — ਮਿਜ਼ੋਰਮ ਦੇ ਮੁੱਖ ਮੰਤਰੀ ਲਾਲਡੇਂਗਾ ਨੇ ਇਸ ਗੱਲ 'ਤੇ ਹੈਰਾਨੀ ਪ੍ਰਗਟ ਕੀਤੀ ਹੈ ਕਿ ਨਵੀਂ ਦਿੱਲੀ ਵਿਚ ਗੈਰ ਕਾਂਗਰਸੀ ਮੁਖ ਮੰਤਰੀਆਂ ਦੀ ਕੀਤੀ ਗਈ ਮੀਟਿੰਗ ਵਿਚ ਪੱਛਮੀ ਬੰਗਾਲ ਦੇ ਮੁੱਖ ਮੰਤਰੀ ਜੋਤੀ ਬਾਸੂ ਨੇ ਉਨ੍ਹਾਂ ਨੂੰ ਕਿਉਂ ਨਹੀਂ ਸੱਦਾ ਪੱਤਰ ਦਿੱਤਾ । ਐਜ਼ਲ ਤੋਂ ਨਵੀਂ ਦਿੱਲੀ ਵੱਲ ਨੂੰ ਜਾਂਦਿਆਂ ਕਲਕੱਤਾ ਹਵਾਈ ਅੱਡੇ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਉਕਾ ਹੀ ਇਸ ਬਾਰੇ ਕੋਈ ਪਤਾ ਨਹੀਂ ਕਿ ਇਸ ਮੀਟਿੰਗ ਵਿਚੋਂ ਉਨ੍ਹਾਂ ਨੂੰ ਕਿਉਂ ਲਾਂਭੇ ਰੱਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਬਾਰੇ ਮੈਂ ਸ੍ਰੀ ਜੋਤੀ ਬਾਸੂ ਨਾਲ ਮੁਲਾਕਾਤ ਕਰਾਂਗਾ । ਇਹ ਪੁੱਛੇ ਜਾਣ 'ਤੇ ਕਿ ਕੀ ਉਨ੍ਹਾਂ ਨੂੰ ਇਸ ਕਰ ਕੇ ਤਾਂ ਨਹੀਂ ਲਾਂਭੇ ਰੱਖਿਆ ਗਿਆ ਕਿਉਂਕਿ ਉਨ੍ਹਾਂ ਬਿਆਨ ਦਿੱਤੇ ਸਨ ਕਿ ਉਨ੍ਹਾਂ ਦੀ ਸਰਕਾਰ ਕੇਂਦਰ ਦੇ ਬਹੁਤ ਨੇੜੇ ਹੈ, ਸ੍ਰੀ ਲਾਲਡੇਂਗਾ ਨੇ ਕਿਹਾ ਕਿ ਰਾਜਾਂ ਨੂੰ ਕੇਂਦਰ ਦੇ ਨੇੜੇ ਹੀ ਹੋਣਾ ਚਾਹੀਦਾ ਹੈ ਵਰਨਾ ਰਾਜ ਆਪਣੇ ਵਿਕਾਸ ਕਾਰਜਾਂ ਦੇ ਟੀਚੇ ਨਹੀਂ ਪ੍ਰਾਪਤ ਕਰ ਸਕਦੇ ।

# ਦੇਵੀ ਲਾਲ ਨੂੰ ਸਿੱਕਿਆਂ ਨਾਲ 4 ਵਾਰ ਤੋਲਿਆ

ਸਿਰਸਾ — ਇਥੋਂ ਵੀਹ ਕਿਲੋਮੀਟਰ ਦੂਰ ਕਸਬਾ ਰਾਣੀਆ ਦੇ ਰਾਮ ਲੀਲਾ ਮੈਦਾਨ ਵਿਚ ਹਰਿਆਣਾ ਸੰਘਰਸ਼ ਸੰਮਤੀ ਦੇ ਪ੍ਰਧਾਨ ਚੌਧਰੀ ਦੇਵੀ ਲਾਲ ਨੂੰ ਚਾਰ ਵਾਰ ਸਿੱਕਿਆਂ ਨਾਲ ਤੋਲਿਆ ਗਿਆ ਅਤੇ ਇਕ ਵਾਰ ਹਲਕੇ ਦੇ ਲੋਕ ਦਲ ਵਿਧਾਇਕ ਚੌਧਰੀ ਭਾਗੀ ਰਾਮ ਨੂੰ ਵੀ ਤੋਲਿਆ ਗਿਆ । ਇਨ੍ਹਾਂ ਦੋਹਾਂ ਦੇ ਤੋਲ ਲਈ ਕੋਈ 70000 ਰੁਪਏ ਹੋਏ। ਚੌਧਰੀ ਦੇਵੀ ਲਾਲ ਨੇ ਹਲਕੇ ਦੇ ਵਿਧਾਇਕ ਨੂੰ ਆਉਣ ਵਾਲੀਆਂ ਚੋਣਾਂ ਵਿਚ ਖਰਚ ਕਰਨ ਲਈ ਦੇ ਦਿੱਤੇ ।

# ਕੁਲਵਿੰਦਰ ਕਿੱਡ ਦਾ ਅਦਾਲਤੀ ਰਿਮਾਂਡ

ਖਰੜ — ਖਰੜ ਦੇ ਜੁਡੀਸ਼ਲ ਮੈਜਿਸਟਰੇਟ ਸ੍ਰੀ ਆਰ ਪੀ ਸ਼ਰਮਾ ਨੇ ਕਥਿਤ ਦਹਿਸ਼ਤਪਸੰਦਾਂ — ਕੁਲਵਿੰਦਰ ਸਿੰਘ ਕਿੱਡ, ਹਰਮੀਤ ਸਿੰਘ ਤੇ ਹਰਪਾਲ ਸਿੰਘ ਨੂੰ ਅਦਾਲਤੀ ਹਿਰਾਸਤ ਵਿਚ ਭੇਜਣ ਦਾ ਹੁਕਮ ਦਿੱਤਾ।

# ਕੈਨੇਡਾ ਦੇ ਬਦੇਸ਼ ਮੰਤਰੀ ਜੋਅ ਕਲਾਰਕ ਕੈਨੇਡਾ ਦਰਪਣ ਦੇ ਸੰਪਾਦਕ ਨਾਲ



ਵੈਨਕੂਵਰ — ਪਿਛਲੇ ਦਿਨੀਂ ਪੈਨ ਪੈਸੇਫਿਕ ਹੋਟਲ ਵਿਚ ਬਦੇਸ਼ ਮੰਤਰੀ ਮਿ: ਜੋਅ ਕਲਾਰਕ ਨੇ ਦੱਸਿਆ ਕਿ ਕਾਮਨਵੈਲਥ ਕਾਨਫਰੰਸ ਦੀਆਂ ਤਿਆਰੀਆਂ ਜ਼ੋਰਾਂ ਉਤੇ ਹਨ। ਉਨ੍ਹਾਂ ਕਿਹਾ ਕਿ ਕੈਨੇਡਾ ਤੇ ਭਾਰਤ ਇਸ ਕਾਨਫਰੰਸ ਵਿਚ ਅਹਿਮ ਭੂਮਿਕਾ ਨਿਭਾਉਣਗੇ । ਇਹ ਕਾਨਫਰੰਸ ਅਕਤੂਬਰ ਵਿਚ ਵੈਨਕੂਵਰ ਵਿਚ ਹੋ ਰਹੀ ਹੈ ।


PIZZA 222
222 IS # 1
222 IS 2 FOR 1



ORDER 2 PAY FOR 1
EVERY DAY
THIS OFFER APPLIES TO ALL LARGE, MEDIUM OR SMALL PIZZAS ON MENU

ਹੌਟ ਅਤੇ ਫਾਸਟ ਪੀਜ਼ੇ ਲਈ ਫੋਨ ਕਰੋ:
222-2222

222
ਦੇ ਸਟੋਰਾਂ ਵਿਚ Low Fat ਮੀਟ, ਅਸਲੀ ਚੀਜ਼ (cheese) ਤੇ ਤਾਜ਼ੀਆਂ ਸਬਜ਼ੀਆਂ ਹੀ ਵਰਤੀਆਂ ਜਾਂਦੀਆਂ ਹਨ

ਤੁਹਾਡੇ ਕਹਿਣ ਤੇ ਪੰਜਾਬੀ ਵਿਚ ਵੀ ਆਰਡਰ ਲਿਆ ਜਾ ਸਕਦਾ ਹੈ

ਭਾਰਤੀ ਕਮਿਊਨਿਟੀ ਦੇ ਸਭ ਤੋਂ ਮਨਪਸੰਦ ਪੀਜ਼ੇ
ਹੇਠ ਲਿਖੇ ਹਨ

1. 222 Special (222 ਸਪੈਸ਼ਲ)
Cheese, Tomato Sauce, Pepperoni, Mushroom, Onions, Green Peppers and Ham. (Extra hot upon request)

2. 222 Vegetarian (ਵੈਜੀਟੇਰੀਅਨ)
(Cheese, Tomato Sauce, Mushrooms, Green Peppers, Onions Pineapple, Olives, Tomatoes)

Free Delivery on single orders
$ 1.99 Delivery charge for all 2 for 1 orders

ਤੁਹਾਡੀ ਸੇਵਾ ਲਈ 17 ਸਟੋਰ

**THE CANADA DARPAN**
(Punjabi Weekly Newspaper)
P.O.BOX 265
Surrey, B.C. V3T 4W8
Chief Editor: DARSHAN GILL
Art: N. DHALIWAL
All office holders of CANADA DARPAN are honorary associates.
'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਂਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
Ph. 581-4473

# ਕੇਂਦਰ ਦੀ ਬੇਈਮਾਨੀ ਦਾ ਇਕ ਹੋਰ ਸਬੂਤ

ਕੇਂਦਰੀ ਸਰਕਾਰ ਦੀ ਬਦਦਿਆਨਤਦਾਰੀ ਦੀ ਜਾਗਦੀ ਮਿਸਾਲ ਅਕਾਲੀ ਸਰਕਾਰ ਦੀ ਬਰਤਰਫ਼ੀ ਹੈ। ਕੇਂਦਰੀ ਆਗੂ ਜਿਸ ਕਿਸਮ ਦੀਆਂ ਘਿਨਾਉਣੀਆਂ ਚਾਲਾਂ ਚਲ ਰਹੇ ਹਨ ਇਹ ਇਨ੍ਹਾਂ ਦੇ ਇਕੱਲੇ ਪੰਜਾਬ ਨਾਲ ਵਿਤਕਰੇ ਕਾਰਨ ਨਹੀਂ ਸਗੋਂ ਇਹ ਸਮੁੱਚੇ ਦੇਸ਼ ਵਿਚ ਹੀ ਲੋਕਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰ ਰਹੇ ਹਨ। 1982 ਤੋਂ ਲੈ ਕੇ ਕੇਂਦਰ ਸਰਕਾਰ ਨੇ ਪੰਜਾਬ ਦੇ ਲੋਕਾਂ ਨਾਲ ਜਿਸ ਤਰ੍ਹਾਂ ਸਲੂਕ ਕੀਤਾ ਹੈ — ਇਸ ਦਾ ਖਮਿਆਜ਼ਾ ਭੁਗਤਣ ਤੋਂ ਕੇਂਦਰੀ ਲੀਡਰ ਬਚ ਨਹੀਂ ਸਕਦੇ। ਪਹਿਲਾਂ ਪੰਜਾਬ ਸਮਝੌਤਾ ਕੀਤਾ ਗਿਆ — ਸੰਤ ਲੌਂਗੋਵਾਲ ਨੂੰ ਬਲੀ ਦਾ ਬੱਕਰਾ ਬਣਾਇਆ ਗਿਆ — ਚੋਣਾਂ ਕਰਵਾਈਆਂ ਗਈਆਂ — ਕਾਂਗਰਸ (ਆਈ) ਨੂੰ ਮੂੰਹ ਦੀ ਖਾਣੀ ਪਈ। 73 ਸੀਟਾਂ ਜਿੱਤ ਕੇ ਅਕਾਲੀ ਸਰਕਾਰ ਬਣੀ। ਅਕਾਲੀ ਸਰਕਾਰ ਬਣਨ ਦੇ ਦਿਨ ਤੋਂ ਪੰਜਾਬ ਸਮਝੌਤਾ ਖੱਟੇ ਪਾ ਦਿਤਾ ਗਿਆ। ਪਹਿਲਾਂ ਚੰਡੀਗੜ੍ਹ ਦੇਣ ਤੋਂ ਇਨਕਾਰ ਕੀਤਾ ਗਿਆ — ਫਿਰ ਪਾਣੀਆਂ ਦਾ ਮਸਲਾ ਰੋਲਿਆ ਗਿਆ। ਦਿੱਲੀ ਦੀ ਕਤਲੇਆਮ ਦੀ ਰੀਪੋਰਟ ਦੀ ਭੰਨ ਤੋੜ ਕੀਤੀ ਗਈ। ਗ੍ਰਿਫ਼ਤਾਰ ਵਿਅਕਤੀਆਂ ਦੀ ਰਿਹਾਈ ਦਾ ਮਸਲਾ ਜਾਣ ਬੁਝ ਕੇ ਲਟਕਾਇਆ ਗਿਆ।

ਬਰਨਾਲਾ ਸਰਕਾਰ ਨੂੰ ਕਮਜ਼ੋਰ ਕਰਨ ਲਈ ਹੀ ਪੰਜਾਬ ਸਮਝੌਤਾ ਲਾਗੂ ਨਾ ਕੀਤਾ ਗਿਆ। ਦੂਜੇ ਪਾਸੇ ਅਮਰਿੰਦਰ ਤੇ ਸੁਖਜਿੰਦਰ ਵਰਗੇ ਛਹੇ ਚੜ੍ਹਾ ਕੇ ਬਾਦਲ ਤੇ ਟੌਹੜੇ ਨੂੰ ਬਰਨਾਲੇ ਨਾਲੋਂ ਵੱਖ ਕੀਤਾ ਗਿਆ। ਦਹਿਸ਼ਤਗਰਦਾਂ ਅਤੇ ਲੁਟੇਰਿਆਂ ਨੂੰ ਖੁਲ੍ਹੀ ਛੁੱਟੀ ਦਿੱਤੀ ਗਈ ਤਾਂ ਕਿ ਅਕਾਲੀ ਸਰਕਾਰ ਬਦਨਾਮ ਕੀਤੀ ਜਾ ਸਕੇ। ਪੰਜਾਬ ਦੇ ਲੋਕ ਤਾਂ ਇਥੋਂ ਤੱਕ ਵੀ ਇਲਜ਼ਾਮ ਲਾਉਂਦੇ ਹਨ ਕਿ ਅਸਲ ਵਿਚ ਕਤਲ, ਡਾਕੇ ਤੇ ਲੁਟਾਂ ਖੋਹਾਂ ਵਿਚ ਵੀ ਪੁਲਸ ਕਰਮਚਾਰੀ ਭਾਈਵਾਲ ਹਨ।

ਇਨ੍ਹਾਂ ਲੂੰਬੜ ਚਾਲਾਂ ਵਿਚ ਇਕ ਪਾਸੇ ਬਰਨਾਲੇ ਦੀ ਹਮਾਇਤ ਜਾਰੀ ਰੱਖਣ ਦੇ ਬਿਆਨ ਦਾਗੇ ਜਾਂਦੇ ਰਹੇ ਦੂਜੇ ਪਾਸੇ ਬਰਨਾਲੇ ਦੀ ਸ਼ਕਤੀ ਖੋਰੀ ਜਾਂਦੀ ਰਹੀ। ਅੰਦਰੋ ਅੰਦਰ ਬਾਦਲ, ਟੌਹੜੇ ਤੇ ਅਮਰਿੰਦਰ ਵਰਗਿਆਂ ਨਾਲ ਵੀ ਗੱਲਬਾਤ ਲਗਾਤਾਰ ਜਾਰੀ ਰੱਖੀ ਗਈ। ਏਥੋਂ ਤੱਕ ਕਿ ਵਿਰੋਧੀ ਪਾਰਟੀਆਂ ਨਾਲ ਵੀ ਸਾਜ਼ਿਸ਼ ਖੇਡੀ ਗਈ। ਉਹ ਪੰਜਾਬ ਵਿਚ ਬਰਨਾਲਾ ਸਰਕਾਰ ਨੂੰ ਤਕੜਿਆਂ ਕਰਨ ਵਿਚ ਲੱਗੀਆਂ ਰਹੀਆਂ ਪਰ ਕੇਂਦਰ ਆਪਣੇ ਖਾਲਿਸਤਾਨੀ ਜਮੂਰਿਆਂ ਰਾਹੀਂ ਪੰਜਾਬ ਨੂੰ ਅੱਗ ਦੇ ਪਲੀਤੇ ਲਾਉਂਦਾ ਰਿਹਾ।

ਹੁਣ ਹਰਿਆਣੇ ਦੀਆਂ ਚੋਣਾਂ ਜਿੱਤਣ ਲਈ ਸਟੇਟ ਗਵਰਨਰੀ ਰਾਜ ਦਾ ਰਚਿਆ ਗਿਆ ਹੈ। ਬਾਅਦ ਵਿਚ ਪੰਜਾਬ ਵਿਚ ਕਾਂਗਰਸੀ ਗਲਬਾ ਕਾਇਮ ਰੱਖਣ ਲਈ ਕਿਸੇ ਧੜੇ ਨਾਲ ਗੰਢ ਗੁੰਦੀ ਜਾਏਗੀ। ਇਹ ਧੜਾ ਜਾਗੀਰਦਾਰਾਂ ਦਾ ਧੜਾ ਹੀ ਹੋਵੇਗਾ ਕਿਉਂਕਿ ਉਨ੍ਹਾਂ ਦੇ 'ਕਾਕਿਆਂ' ਕੋਲੋਂ ਹੀ ਇਹ ਖਾਲਿਸਤਾਨੀ ਨਾਅਰੇ ਲਵਾ ਰਹੇ ਹਨ ਤੇ ਪੰਜਾਬ ਦੇ ਆਮ ਲੋਕਾਂ ਨੂੰ ਕਤਲ ਕਰਵਾ ਰਹੇ ਹਨ।

ਇਹ ਘਿਨਾਉਣੀ ਚਾਲ ਤੇ ਸਾਜ਼ਿਸ਼ ਕੇਵਲ ਪੰਜਾਬ ਦੇ ਲੋਕ ਹੀ ਫੇਅਲ ਕਰ ਸਕਦੇ ਹਨ।

# ਇੰਗਲੈਂਡ ਵਿਚ ਵਸਦੇ ਸਿੱਖਾਂ ਦੀ ਸੋਚ

**ਸਤਿੰਦਰ ਸਿੰਘ**

ਇਸ ਵੇਲੇ ਇੰਗਲੈਂਡ ਵਿਚ ਲਗਪਗ ਸਾਢੇ ਤਿੰਨ ਲੱਖ ਸਿਖ ਰਹਿੰਦੇ ਹਨ। ਇਹ ਚਾਰ ਵੱਖ ਵੱਖ ਦੌਰਾਂ ਰਾਹੀਂ ਇਥੇ ਪਹੁੰਚੇ। ਇਨ੍ਹਾਂ ਵਿਚੋਂ ਇਕ ਤਿਹਾਈ 50ਵਿਆਂ ਵਿਚ ਰੁਜ਼ਗਾਰ ਖਾਤਰ ਇਥੇ ਆਏ। ਇਹ ਲਗਪਗ ਅਨਪੜ੍ਹ ਜਾਂ ਥੋੜ੍ਹਾ ਬਹੁਤਾ ਪੜ੍ਹੇ-ਲਿਖੇ ਹੋਏ ਸਨ। ਇੰਗਲੈਂਡ ਨੇ ਇਨ੍ਹਾਂ ਦੀ ਆਮਦ ਦਾ ਇਸ ਕਰਕੇ ਸੁਆਗਤ ਕੀਤਾ ਕਿਉਂਕਿ ਉਸ ਨੂੰ ਦੂਸਰੀ ਵਿਸ਼ਵ ਜੰਗ ਪਿਛੋਂ ਮਜ਼ਦੂਰਾਂ ਦੀ ਸਖਤ ਥੁੜ੍ਹ ਪੇਸ਼ ਆ ਰਹੀ ਸੀ।

## ਦੂਜਾ ਦੌਰ

ਸਿਖ ਪਰਿਵਾਸੀਆਂ ਦਾ ਦੂਸਰਾ ਦੌਰ ਪਹਿਲੇ ਨਾਲੋਂ ਇਕ ਦਹਾਕਾ ਪਿਛੋਂ ਲਗਪਗ ਅੱਧ ਸੱਠਵਿਆਂ ਵਿਚ ਸ਼ੁਰੂ ਹੋਇਆ। ਇਨ੍ਹਾਂ ਵਿਚ ਬਹੁਤ ਸਾਰੇ ਵਿਦਿਆਰਥੀ ਅਤੇ ਛੋਟਾ ਮੋਟਾ ਵਪਾਰ ਕਰਨ ਵਾਲੇ ਸ਼ਾਮਲ ਸਨ। ਵਪਾਰੀ ਤਾਂ ਇਥੇ ਆਪਣੇ ਦੇਸ਼ ਵਾਸੀਆਂ ਦੀਆਂ ਲੋੜਾਂ ਪੂਰੀਆਂ ਕਰਨ ਅਤੇ ਭਾਰੀ ਮੁਨਾਫਾ ਕਮਾਉਣ ਦੀ ਆਸ ਵਿਚ ਆਏ ਜਦੋਂ ਕਿ ਵਿਦਿਆਰਥੀਆਂ ਦਾ ਉਦੇਸ਼ ਆਪਣੀਆਂ ਸਿਖਿਅਕ ਯੋਗਤਾਵਾਂ ਵਿਚ ਸੁਧਾਰ ਕਰਨਾ ਸੀ।

ਤੀਸਰੇ ਦੌਰ ਵਿਚ ਵਧੇਰੇ ਕਰਕੇ ਉਹ ਸਿੱਖ ਸ਼ਾਮਲ ਸਨ ਜਿਹੜੇ ਸੱਠਵਿਆਂ ਅਤੇ ਸੱਤਰਵਿਆਂ ਵਿਚ ਕੀਨੀਆ ਅਤੇ ਯੁਗਾਂਡਾ ਵਿਚੋਂ ਕੱਢ ਦਿਤੇ ਗਏ ਸਨ ਅਤੇ ਉਹ ਇੰਗਲੈਂਡ ਵਿਚ ਪੱਕੇ ਤੌਰ 'ਤੇ ਵਸਣ ਦੀ ਨੀਅਤ ਨਾਲ ਉਥੇ ਜਾ ਪਹੁੰਚੇ। ਇਨ੍ਹਾਂ ਵਿਚੋਂ ਬਹੁਤੀ ਗਿਣਤੀ ਚੰਗੇ ਪੜ੍ਹੇ ਲਿਖਿਆਂ ਦੀ ਸੀ ਅਤੇ ਹੋਰ ਦਿਲਚਸਪ ਗੱਲ ਇਹ ਕਿ ਇਨ੍ਹਾਂ ਦੀ ਪੰਜਾਬ ਵਿਚ ਰਹਿੰਦੇ ਆਪਣੇ ਲੋਕਾਂ ਨਾਲੋਂ ਸਮਾਜਕ ਵਿਚਾਰਧਾਰਾ ਘੱਟ ਪਛੜੇਵੇਂ ਵਾਲੀ ਸੀ। ਹੋਰ ਇਹ ਕਿ ਇਹ ਵਧੇਰੇ ਕਰਕੇ ਵਪਾਰ ਮੁਖੀ ਸਨ। ਇਹੀਓ ਕਾਰਨ ਸੀ ਕਿ ਇਹ ਬਰਤਾਨੀਆ ਦੇ ਸਮਾਜਕ ਖੇਤਰ ਵਿਚ ਬੜੀ ਆਸਾਨੀ ਨਾਲ ਜਜ਼ਬ ਹੋ ਗਏ।

ਇੰਗਲੈਂਡ ਪੁੱਜਣ ਵਾਲੇ ਸਿੱਖਾਂ ਦਾ ਚੌਥਾ ਅਤੇ ਆਖਰੀ ਦੌਰ 1984 ਵਿਚ ਅੰਮ੍ਰਿਤਸਰ ਵਿਖੇ ਹੋਈ ਨੀਲਾ ਤਾਰਾ ਕਾਰਵਾਈ ਤੋਂ ਪਿਛੋਂ ਸ਼ੁਰੂ ਹੋਇਆ। ਸਮਾਜਕ ਸੰਦਰਭ ਵਿਚ ਇਨ੍ਹਾਂ ਵਿਚ ਰਲੇ ਮਿਲੇ ਸਿਖ ਸ਼ਾਮਲ ਸਨ ਪਰ ਤਾਂ ਵੀ ਬਹੁਗਿਣਤੀ ਧਾਰਮਿਕ ਵਿਸ਼ਵਾਸ਼ਾਂ ਵਿਚ ਨਿਸ਼ਚਾ ਰੱਖਣ ਅਤੇ ਗਰਮ ਰਾਜਸੀ ਵਿਚਾਰਧਾਰਾ ਰੱਖਣ ਵਾਲਿਆਂ ਦੀ ਸੀ। ਦੂਜੇ ਸ਼ਬਦਾਂ ਵਿਚ ਇਹ ਵੀ ਕਿਹਾ ਜਾ ਸਕਦਾ ਹੈ ਕਿ ਬਹੁਗਿਣਤੀ "ਰਾਜਸੀ ਸ਼ਰਨਾਰਥੀ ਹੋਣ ਦਾ" ਦਾਅਵਾ ਕਰਨ ਵਾਲਿਆਂ ਦੀ ਸੀ। ਇਨ੍ਹਾਂ ਦੀ ਗਿਣਤੀ ਸਿੱਖ ਪਰਿਵਾਸੀਆਂ ਵਿਚ ਭਾਵੇਂ ਨਿਗੂਣੀ ਹੀ ਕਹੀ ਜਾ ਸਕਦੀ ਹੈ ਤਾਂ ਵੀ ਇਨ੍ਹਾਂ ਨੇ ਤਿੰਨ ਵੱਖ ਵੱਖ ਕਾਰਨਾਂ ਕਰਕੇ ਆਪਣੇ ਭਾਈਚਾਰੇ ਦੇ ਸਮਾਜਕ, ਰਾਜਸੀ ਅਤੇ ਧਾਰਮਿਕ ਜੀਵਨ ਨੂੰ ਵਧੇਰੇ ਪ੍ਰਭਾਵਿਤ ਕੀਤਾ ਹੈ।

ਪਹਿਲਾ ਕਾਰਨ ਇਹ ਹੈ ਕਿ ਏਥੇ ਵਸਦੇ ਸਿੱਖ ਪਰਿਵਾਸੀਆਂ ਦੀ ਨਜ਼ਰ ਵਿਚ "ਨਾਇਕ" ਹਨ। ਦੂਜਾ, ਬਹੁਤੇ ਕੁਲਵਕਤੀ ਪ੍ਰਚਾਰਕ ਅਤੇ ਸਿਆਸੀ ਅੰਦੋਲਨਕਾਰ ਹਨ ਜਦੋਂ ਕਿ ਪਰਿਵਾਰਕ ਵਿਅਕਤੀ ਹੋਣ ਦੇ ਨਾਤੇ ਹੀ ਇਨ੍ਹਾਂ ਤੋਂ ਬਿਨਾਂ ਦੂਜੇ ਸਿੱਖ ਸਿਰਫ ਐਤਵਾਰ ਵਾਲੇ ਦਿਨ ਹੀ ਅਜਿਹੇ ਕਾਰਜ ਵਿਚ ਰੁਚਿੱਤ ਹੋ ਸਕਦੇ ਜਾਂ ਹੁੰਦੇ ਹਨ। ਤੀਜਾ, ਇਨ੍ਹਾਂ ਵਲੋਂ ਇਥੇ ਪੁੱਜਣ ਪਿਛੋਂ ਵੱਖ ਵੱਖ ਗੁਰਦੁਆਰਿਆਂ ਵਿਚ ਆਪਣਾ ਥਾਂ ਟਿਕਾਣਾ ਜਮਾਉਣ ਪਿਛੋਂ ਇਨ੍ਹਾਂ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਆਪਣੇ ਹੱਥਾਂ ਵਿਚ ਲੈਣਾ ਸ਼ੁਰੂ ਕਰ ਦਿੱਤਾ ਹੈ। ਇਸ ਨਾਲ ਨਾ ਕੇਵਲ ਇਨ੍ਹਾਂ ਲੋਕਾਂ ਨੂੰ ਆਪਣੀਆਂ ਮਾਲੀ ਮੁਸ਼ਕਲਾਂ ਤੋਂ ਹੀ ਮੁਕਤੀ ਮਿਲੀ ਹੈ ਸਗੋਂ ਆਪਣੀ ਵੱਖਵਾਦੀ ਸਿਆਸਤ ਨੂੰ ਪ੍ਰਚਾਰਨ ਅਤੇ ਆਪਣੀ ਸਥਿਤੀ ਨੂੰ ਹੋਰ ਮਜ਼ਬੂਤ ਕਰਨ ਦਾ ਢੁਕਵਾਂ ਮੌਕਾ ਮਿਲਿਆ ਹੈ।

ਜਿਵੇਂ ਕਿ ਆਸ ਹੀ ਸੀ ਇਨ੍ਹਾਂ ਚਹੁੰ ਦੌਰਾਂ ਵਿਚ ਇਥੇ ਆਏ ਸਿੱਖਾਂ ਨੂੰ ਸਮਾਜਕ ਸਮੱਸਿਆਵਾਂ ਦਾ ਨਾ ਕੇਵਲ ਸਾਹਮਣਾ ਕਰਨਾ ਹੀ ਪਿਆ ਹੈ ਸਗੋਂ ਇਸ ਵੇਲੇ ਵੀ ਕਰ ਰਹੇ ਹਨ। ਉਦਾਹਰਣ ਵਜੋਂ ਪਹਿਲੇ ਦੌਰ ਵਿਚ ਇਥੇ ਆਏ ਸਿਖ ਪਰਵਾਸੀਆਂ ਨੂੰ ਅੰਗਰੇਜ਼ੀ ਜ਼ਬਾਨ ਨਹੀਂ ਸੀ ਆਉਂਦੀ। ਫਲਸਰੂਪ ਉਨ੍ਹਾਂ ਦਾ ਅੰਗਰੇਜ਼ੀ ਪੱਧਰ ਦੇ ਜੀਵਨ ਢੰਗ ਨਾਲ ਕੋਈ ਤਾਲਮੇਲ ਨਹੀਂ। ਇਹ ਇਸ ਕਰਕੇ ਵੀ ਹੈ ਕਿ ਉਹ ਜੇ ਭਾਰਤ ਵਿਚ ਵੀ ਅਨਪੜ੍ਹ ਸਨ ਤਾਂ ਇਥੇ ਵੀ ਉਨ੍ਹਾਂ ਦੀ ਹਾਲਤ ਇਹੋ ਜਿਹੀ ਸੀ। ਇਸ ਨਾਲ ਉਨ੍ਹਾਂ ਦੀ ਸੰਤੁਸ਼ਟੀ ਸਿਰਫ ਇਸੇ ਗੱਲ ਵਿਚ ਸੀ ਕਿ ਉਹ ਇਕੱਠੇ ਰਹਿਣ। ਇਸ ਨੀਅਤ ਨਾਲ ਨਾਲ ਉਹ ਸਾਊਥਹਾਲ ਵਿਚ ਅਤੇ ਇਸ ਦੇ ਨੇੜੇ ਤੇੜੇ ਰਹਿਣ ਲੱਗੇ। ਇਸ ਪਿਛੇ ਦੋ ਹੋਰ ਕਾਰਨ ਵੀ ਕੰਮ ਕਰਦੇ ਸਨ। ਪਹਿਲਾ, ਇਕ ਤਾਂ ਇਹ ਖੇਤਰ ਲੰਡਨ ਦੇ ਹੀਥਰੋ ਹਵਾਈ ਅੱਡੇ ਦੇ ਬਹੁਤ ਨੇੜੇ ਸੀ ਅਤੇ ਦੂਜਾ ਇਹ ਖੇਤਰ ਸਨਅਤੀ ਇਲਾਕਾ ਸੀ। ਦੂਜਾ ਕਾਰਨ ਵਧੇਰੇ ਮਹੱਤਵਪੂਰਨ ਵੀ ਸੀ।

ਪਿਛਲੇ ਕੁਝ ਸਾਲਾਂ ਤੋਂ ਇਨ੍ਹਾਂ ਦੀ ਗਿਣਤੀ ਵਿਚ ਬੜਾ ਵਾਧਾ ਹੋਇਆ ਹੈ। ਉਹ ਇਉਂ ਕਿ ਇਨ੍ਹਾਂ ਨੇ ਨਾ ਕੇਵਲ ਆਪਣੇ ਘਰ ਪਰਿਵਾਰ ਹੀ ਪੰਜਾਬ ਤੋਂ ਇਥੇ ਮੰਗਵਾ ਲਏ ਹਨ ਸਗੋਂ ਆਨੀ ਬਹਾਨੀ ਆਪਣੇ ਦੋਸਤਾਂ ਮਿੱਤਰਾਂ ਜਾਂ ਦੂਰ ਦੁਰਾਡੇ ਦੇ ਰਿਸ਼ਤੇਦਾਰਾਂ ਨੂੰ ਵੀ ਇਥੇ ਬੁਲਾ ਲਿਆ ਹੈ।

## ਮੁਖ ਟੀਚਾ

ਇਨ੍ਹਾਂ ਦਾ ਇੰਗਲੈਂਡ ਆਉਣ ਦਾ ਮੁਖ ਟੀਚਾ ਸਖਤ ਮਿਹਨਤ ਕਰਨੀ ਅਤੇ ਵੱਧ ਤੋਂ ਵੱਧ ਪੈਸੇ ਕਮਾਉਣਾ ਹੀ ਸੀ ਅਤੇ ਹੈ ਵੀ। ਇਹ ਲੋਕ ਕਈ ਵਾਰੀ ਦਿਨ ਵਿਚ ਦੋ ਦੋ ਸ਼ਿਫਟਾਂ ਵਿਚ ਵੀ ਕੰਮ ਕਰਦੇ ਹਨ ਅਤੇ ਚੰਗੇ ਪੈਸੇ ਕਮਾਉਂਦੇ ਹਨ, ਪਰ ਜਿਥੋਂ ਤੱਕ ਉਨ੍ਹਾਂ ਦੇ ਸਮਾਜਕ ਜੀਵਨ ਦਾ ਸਬੰਧ ਹੈ, ਇਸ ਵਿਚ ਉਨ੍ਹਾਂ ਦੀ ਸਭ ਤੋਂ ਵੱਡੀ ਆਦਤ ਸਿਰਫ ਦਾਰੂ ਪੀਣ ਤਕ ਹੀ ਸੀਮਤ ਹੈ। ਹਾਂ, ਸਾਲ ਵਿਚ ਇਕ ਅੱਧੀ ਵਾਰ ਉਹ ਪੰਜਾਬ ਵਿਚ ਆਪਣੇ ਬਾਪ ਦਾਦੇ ਦੀ ਧਰਤੀ ਉਤੇ ਜ਼ਰੂਰ ਗੇੜਾ ਕੱਢਦੇ ਹਨ। ਇਸ ਗੇੜੇ ਦੇ ਆਮ ਕਰਕੇ ਦੋ ਕਾਰਨ ਹੁੰਦੇ ਹਨ। ਪਹਿਲਾ, ਆਪਣੀ ਮਾਤ ਭੂਮੀ ਨਾਲ ਮੋਹ ਅਤੇ ਦੂਜਾ ਆਂਢ ਗੁਆਂਢ ਨੂੰ ਆਪਣੀ ਅਮੀਰੀ ਦਾ ਰੋਹਬ ਦਿਖਾਉਣਾ। ਪਰ ਪਿਛਲੇ ਕੁਝ ਕੁ ਸਾਲਾਂ ਤੋਂ ਇਨ੍ਹਾਂ ਦੇ ਪੰਜਾਬ ਦੇ ਗੇੜੇ ਘਟਣ ਲਗ ਪਏ ਹਨ। ਉਹ ਇਸ ਕਰਕੇ ਕਿ ਉਨ੍ਹਾਂ ਦੀ ਜਿਹੜੀ ਔਲਾਦ ਇੰਗਲੈਂਡ ਵਿਚ ਜੰਮੀ ਪਲੀ ਹੁੰਦੀ ਹੈ, ਉਸ ਦੀਆਂ ਜੜ੍ਹਾਂ ਚੂੰਕਿ ਪੰਜਾਬ ਵਿਚ ਨਹੀਂ, ਇਸ ਲਈ ਉਨ੍ਹਾਂ ਦਾ ਇਸ ਧਰਤੀ ਨਾਲ ਮੋਹ ਨਹੀਂ ਹੁੰਦਾ। ਦੂਜਾ ਜਿਉਂ ਜਿਉਂ ਉਨ੍ਹਾਂ ਦੇ ਇਸ ਧਰਤੀ 'ਤੇ ਆਪਣੇ ਪਰਿਵਾਰਾਂ ਦੇ ਮੈਂਬਰਾਂ ਦੀ ਗਿਣਤੀ ਘਟਦੀ ਜਾਂਦੀ ਹੈ ਤਿਉਂ ਤਿਉਂ ਉਨ੍ਹਾਂ ਦੇ ਗੇੜੇ ਵਿਚ ਕਮੀ ਆਉਣੀ ਸ਼ੁਰੂ ਹੋ ਜਾਂਦੀ ਹੈ। ਇਕ ਅਤੇ ਸਭ ਤੋਂ ਵੱਡਾ ਕਾਰਨ ਇਹ ਕਿ ਹੁਣ ਪੰਜਾਬ ਵਿਚਲੀ ਨਵੀਂ ਸਥਿਤੀ ਕਾਰਨ ਉਹ ਆਪਣੇ ਆਪ ਨੂੰ ਬੇਗਾਨਾ ਜਿਹਾ ਮਹਿਸੂਸ ਕਰਨ ਲੱਗੇ ਹਨ।

ਇਸ ਨਾਲ ਇਨ੍ਹਾਂ ਵਿਚ ਨਾ ਕੇਵਲ ਆਪਣੀ ਪਛਾਣ ਦਾ ਸੰਕਟ ਵਧਿਆ ਹੈ ਸਗੋਂ ਇਸ ਨਾਲ ਪੀੜ੍ਹੀ ਦੀ ਵਿੱਥ ਵੀ ਵਧੀ ਹੈ। ਇਸ ਦੇ ਕਈ ਇਕ ਹੋਰ ਸਮਾਜਕ ਪਹਿਲੂ ਵੀ ਹਨ। ਮਿਸਾਲ ਵਜੋਂ ਜਦੋਂ ਮਾਪੇ ਆਪਣੇ ਬੱਚਿਆਂ ਨੂੰ ਸਿੱਖ ਆਦਰਸ਼ ਅਪਨਾਉਣ ਲਈ ਕਹਿੰਦੇ ਹਨ ਤਾਂ ਬੱਚਿਆਂ ਨੂੰ ਹੈਰਾਨੀ ਇਹ ਹੁੰਦੀ ਹੈ ਕਿ ਉਨ੍ਹਾਂ ਦੇ ਮਾਪਿਆਂ ਨੇ ਪੱਛਮ ਦੇ ਪ੍ਰਭਾਵ ਹੇਠ ਆ ਕੇ ਭਾਰਤ ਦੇ ਰੂਹਾਨੀਅਤ ਸਭਿਆਚਾਰ ਨੂੰ ਕਿਉਂ ਤਿਆਗ ਦਿੱਤਾ ਹੈ ਹੋਰ ਮਹੱਤਵਪੂਰਨ ਗੱਲ ਇਹ ਕਿ ਪੱਛਮ ਵਿਚ ਵਿਅਕਤੀਗਤ ਅਤੇ ਨਿਜਤਾ ਦੇ ਸੰਕਲਪ ਨੇ ਵੀ ਭਾਰਤ ਦੇ ਸਾਂਝੇ ਪਰਿਵਾਰ ਦੇ ਸੰਕਲਪ ਅਤੇ ਹੋਰ ਸਮਾਜਕ ਸਬੰਧਾਂ ਨੂੰ ਚਕਨਾਚੂਰ ਕਰ ਦਿੱਤਾ ਹੈ।

ਅੱਧ ਸੱਠਵਿਆਂ ਵਿਚ ਇਨ੍ਹਾਂ ਸਿੱਖ ਪਰਿਵਾਸੀਆਂ ਉਤੇ ਡਾਂਵਾ ਡੋਲ ਆਰਥਿਕ ਪ੍ਰਬੰਧ ਨੇ ਆਪਣਾ ਅਸਰ ਛੱਡਿਆ। ਉਹ ਇੰਜ ਕਿ ਮੁਲਕ ਵਿਚ ਤਕਨੀਕ ਪ੍ਰਗਤੀ ਹੋਣ ਨਾਲ ਮਨੁੱਖੀ ਮਜ਼ਦੂਰੀ ਘਟਣ ਲੱਗ ਪਈ। ਫਲਸਰੂਪ ਇਨ੍ਹਾਂ ਪਰਿਵਾਸੀਆਂ ਨੂੰ ਉਨ੍ਹਾਂ ਆਰਥਿਕ ਫਾਇਦਿਆਂ ਵੱਲ ਜਾਣਾ ਪਿਆ ਜਿਹੜੇ ਕਿ ਅੱਜ ਵੀ ਉਪਲਬਧ ਹਨ। ਇਨ੍ਹਾਂ ਫਾਇਦਿਆਂ ਵਿਚ ਆਪਣਾ ਵਪਾਰ ਜਮਾਉਣਾ, ਕਰਜ਼ਾ ਕੰਪਨੀਆਂ ਦੀ ਸਥਾਪਨਾ, ਸ਼ਾਮਲ ਹਨ।

ਇਸ ਬਦਲ ਰਹੀ ਆਰਥਿਕ ਸਥਿਤੀ ਨੇ ਸਿੱਖ ਪਰਿਵਾਸੀਆਂ ਨੂੰ ਆਪਣੇ ਬੱਚਿਆਂ ਨੂੰ ਵਧੀਆ ਤੇ ਕਾਰਗਰ ਵਿਦਿਆ ਦਿਵਾਉਣ ਵਲ ਸੋਚਣ ਲਈ ਰਾਹ ਦਿੱਤਾ। ਇੰਗਲੈਂਡ ਵਿਚ ਨੌਕਰੀਆਂ ਪ੍ਰਾਪਤ ਕਰਨਾ

ਬਾਕੀ ਪੰਨਾ 6 'ਤੇ

**Immigration and Citizenship Matters**
**JAMES SUE & COMPANY**
**Immigration Advocates**

- Filing a successful application for immigrant & business Visas
- Family Re-Unification
- Indian Adoptions
- Making a Refugee Claim
- Inquiries & Deportation
- Immigration Appeal Board matters
- Assisted relative applications for brother, sister, uncles, Aunts, nephews and Nieces — Married or single regardless of age.
- Hindi, Punjabi spoken

Evening Office : 433-4685

If you need help and require updated information — Contact :

**BABU JIM NARAIN** of James, Sue & Company who has 18 years of experience on Immigration and Citizenship matters with top Immigration Lawyers.

5024 Victoria Drive, Vancouver, B.C. V5P 3T8

**ਸਪੈਸ਼ਲ ਅਨਾਊਂਸਮੈਂਟ**

ਨਵੀਂ ਇਮੀਗਰੇਸ਼ਨ ਪਾਲਿਸੀ ਅਨੁਸਾਰ ਤੁਸੀਂ ਭਾਰਤ ਜਾਂ ਕਿਸੇ ਹੋਰ ਦੇਸ਼ ਤੋਂ ਘਰੇਲੂ ਕੰਮ ਕਰਨ ਲਈ ਕਾਮੇ (domestic workers) ਮੰਗਵਾ ਸਕਦੇ ਹੋ ਜਿਨ੍ਹਾਂ ਲਈ ਸਪੈਸ਼ਲ ਵੀਜ਼ਾ ਮਿਲਦਾ ਹੈ ਤੇ ਉਹ ਪੱਕੇ ਇਮੀਗਰੇਂਟ ਬਣ ਸਕਦੇ ਹਨ। ਜੇ ਤੁਸੀਂ ਕਿਸੇ ਨੂੰ ਇਸ ਨਵੀਂ ਪਾਲਿਸੀ ਅਧੀਨ ਮੰਗਵਾਉਣਾ ਚਾਹੁੰਦੇ ਹੋ ਤਾਂ ਹੁਣ ਮੌਕਾ ਹੈ। ਹੋਰ ਜਾਣਕਾਰੀ ਲਈ ਬਾਬੂ ਜਿਮ ਨਰਾਇਣ ਨੂੰ ਮਿਲੋ!

Tel: Off.
324-9441

# ਵਿੰਨੀਪੈਗ ਵਿਚ ਸ਼ਾਨਦਾਰ ਰੰਗਾਰੰਗ ਪ੍ਰੋਗਰਾਮ

ਵਿੰਨੀਪੈਗ — ਪਿਛਲੇ ਦਿਨੀਂ ਇਥੇ ਵਿਸਾਖੀ ਦੇ ਤਿਉਹਾਰ ਦੀ ਖੁਸ਼ੀ ਵਿਚ ਇਕ ਮੇਲਾ ਮਨਾਇਆ ਗਿਆ ਜਿਸ ਵਿਚ ਕੈਨੇਡਾ ਦੇ ਵੱਖ ਵੱਖ ਸ਼ਹਿਰਾਂ ਤੋਂ ਪ੍ਰਸਿਧ ਕਲਾਕਾਰ ਪਹੁੰਚੇ। ਹਰਭਜਨ ਮਾਨ ਤੇ ਗੁਰਸੇਵਕ ਮਾਨ ਨੇ ਧਾਰਮਿਕ ਅਤੇ ਸਭਿਆਚਾਰਕ ਗੀਤ ਗਾਏ। ਮੇਲੇ ਦੀ ਪ੍ਰਧਾਨਗੀ ਮੈਨੀਟੋਬਾ ਦੇ ਵਿੱਤ ਮੰਤਰੀ ਯੂਜੀਨ ਕਿਸਟੀਰਾ ਨੇ ਕੀਤੀ ਅਤੇ ਮੇਲੇ ਦੀ ਸ਼ੁਰੂਆਤ ਕਰਦਿਆਂ ਉਨ੍ਹਾਂ ਅਜਿਹੇ ਸਭਿਆਚਾਰਕ ਪ੍ਰੋਗਰਾਮ ਆਯੋਜਤ ਕਰਨ ਲਈ ਪੰਜਾਬੀ ਲੋਕਾਂ ਨੂੰ ਵਧਾਈ ਦਿੱਤੀ।

ਇਸ ਸ਼ਹਿਰ ਵਿਚ ਇਹ ਪਹਿਲਾ ਪ੍ਰੋਗਰਾਮ ਸੀ ਜਿਸ ਵਿਚ ਇਕ ਹਜ਼ਾਰ ਤੋਂ ਵੱਧ ਲੋਕ ਸ਼ਾਮਲ ਹੋਏ। ਇਹ ਮੇਲਾ ਪਲੇ ਹਾਊਸ ਥੀਏਟਰ ਵਿਚ ਮਨਾਇਆ ਗਿਆ।

'ਦੇਸ਼ ਪੰਜਾਬ' ਟੈਲੀਵੀਜ਼ਨ ਪ੍ਰੋਗਰਾਮ ਦੇ ਹੋਸਟ-ਪ੍ਰੋਡੀਊਸਰ ਰਾਜ ਸਿੰਘ ਮਾਨ ਨੇ ਇਸ ਮੇਲੇ ਦੇ ਪ੍ਰੋਗਰਾਮ ਨੂੰ ਸਿਰੇ ਚੜ੍ਹਾਉਣ ਵਿਚ ਅਹਿਮ ਹਿਸਾ ਲਿਆ। ਇਸ ਪ੍ਰੋਗਰਾਮ ਦਾ ਪ੍ਰਬੰਧ ਸਿੱਖ ਸੁਸਾਇਟੀ ਆਫ ਮੈਨੀਟੋਬਾ ਨੇ ਕੀਤਾ।

ਹਰਭਜਨ ਮਾਨ ਤੇ ਗੁਰਸੇਵਕ ਮਾਨ ਦੇ ਗੀਤਾਂ ਨੂੰ ਲੋਕਾਂ ਨੇ ਬਹੁਤ ਸਲਾਹਿਆ। ਯਾਦ ਰਹੇ ਕਿ ਇਹ ਦੋਵੇਂ ਬਹੁਤੇ ਗੀਤ ਕਰਨੈਲ ਸਿੰਘ ਰਾਮੂਵਾਲੀਆ ਦੇ ਲਿਖੇ ਗਾਉਂਦੇ ਹਨ।



ਗਾਇਕ ਹਰਭਜਨ ਮਾਨ ਤੇ ਗੁਰਸੇਵਕ ਮਾਨ



ਯੂਜੀਨ ਕਿਸਟੀਰਾ ਭੰਗੜੇ ਵਾਲੀ ਪੱਗ ਵਿਚ। ਖੱਬੇ ਪਾਸੇ ਸਿੱਖ ਸੁਸਾਇਟੀ ਦੇ ਪ੍ਰਧਾਨ ਨਰਿੰਦਰ ਸਿੰਘ ਤੂਰ ਤੇ ਸੱਜੇ ਪਾਸੇ ਸਰੀ ਦੇ ਸਾਹਿਬ ਥਿੰਦ



ਟੀ. ਵੀ. ਪ੍ਰੋਗਰਾਮ 'ਦੇਸ ਪੰਜਾਬ' ਚੈਨਲ 11 ਉਤੇ ਧੁੰਮਾਂ ਪਾ ਰਿਹਾ ਹਰਭਜਨ ਮਾਨ ਤੇ ਕਲਾਕਾਰ ਸਾਥੀ

# ਕੇਂਦਰ ਨੇ ਪੰਜਾਬੀਆਂ ਦੀ ਪਿੱਠ 'ਚ ਛੁਰਾ ਮਾਰਿਆ — ਭਾਰਦਵਾਜ

ਚੰਡੀਗੜ੍ਹ — ਪਿਛਲੇ ਹਫਤੇ, ਪੰਜਾਬ ਰਾਜ ਖਾਦੀ ਤੇ ਗਰਾਮ ਉਦਯੋਗ ਬੋਰਡ ਦੇ ਚੇਅਰਮੈਨ ਪ੍ਰੋ: ਐਮ. ਸੀ. ਭਾਰਦਵਾਜ ਉਤਰੀ-ਪੂਰਬੀ ਪਹਾੜੀ ਸੂਬਿਆਂ ਦੀ ਖਾਦੀ ਵਰਕਰ ਕਾਨਫਰੰਸ 'ਚ ਸ਼ਾਮਲ ਹੋਣ ਲਈ ਆਸਾਮ ਗਏ। ਰਾਬਿੰਦਰਾ ਭਵਨ ਗੁਹਾਟੀ ਵਿਖੇ ਇਕ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਰਾਜੀਵ-ਲੌਂਗੋਵਾਲ ਸਮਝੌਤੇ 'ਤੇ ਅਮਲ ਨਾ ਕਰ ਕੇ ਪੰਜਾਬੀਆਂ ਦੀ ਪਿਠ 'ਚ ਛੁਰਾ ਮਾਰਿਆ ਹੈ। ਉਨ੍ਹਾਂ ਕੇਂਦਰੀ ਸਰਕਾਰ ਦੀਆਂ ਨੀਤੀਆਂ 'ਤੇ ਤਿੱਖਾ ਹਮਲਾ ਕਰਦਿਆਂ ਹੋਇਆਂ ਕਿਹਾ ਕਿ ਅੱਜ ਜਦੋਂ ਸਾਰੀ ਦੁਨੀਆਂ 'ਚ ਤੇਲ ਦੀਆਂ ਕੀਮਤਾਂ ਸੰਨ 1974 ਦੇ ਮੁਕਾਬਲੇ ਅੱਧੀਆਂ ਵੀ ਨਹੀਂ ਰਹੀਆਂ, ਸਾਡੇ ਦੇਸ਼ 'ਚ ਪੈਟਰੋਲ ਤੇ ਤੇਲ ਦੀਆਂ ਕੀਮਤਾਂ ਲਗਾਤਾਰ ਵਧਦੀਆਂ ਹੀ ਤੁਰੀਆਂ ਜਾ ਰਹੀਆਂ ਹਨ। ਪਰ ਆਸਾਮੀਆਂ ਨੂੰ ਨਾ-ਮਾਤਰ (ਸਿਰਫ 19 ਪੈਸੇ ਫੀ ਲੀਟਰ) ਹੀ ਰਾਇਲਟੀ ਵਜੋਂ ਮਿਲਦੇ ਹਨ। ਉਨ੍ਹਾਂ ਕਿਹਾ ਕਿ ਪੰਜਾਬ 'ਚ ਵੀ ਆਸਾਮ ਵਾਂਗੂੰ ਸੱਤ ਲੱਖ ਗੱਭਰੂ ਤੇ ਮੁਟਿਆਰਾਂ ਬੇਰੁਜ਼ਗਾਰ ਹਨ। ਆਜ਼ਾਦੀ ਤੋਂ ਮਗਰੋਂ, ਆਸਾਮ ਵਾਂਗੂ ਹੀ ਪੰਜਾਬ 'ਚ ਵੀ ਇਕ ਇੰਚ ਨਵੀਂ ਰੇਲ-ਲਾਈਨ ਨਹੀਂ ਵਿਛਾਈ ਗਈ। ਪੇਂਡੂ ਖੇਤਰ 'ਚ ਖਾਸ ਤੌਰ 'ਤੇ ਖੇਤੀਬਾੜੀ ਨਾਲ ਸਬੰਧਤ ਉਦਯੋਗ ਨਾ ਮਾਤਰ ਹੀ ਹਨ।

ਖਾਦੀ ਵਰਕਰਾਂ ਨੂੰ ਸੰਬੋਧਨ ਕਰਦਿਆਂ ਵੀ ਪ੍ਰੋ: ਭਾਰਦਵਾਜ ਨੇ ਦੱਸਿਆ ਕਿ ਆਜ਼ਾਦੀ ਤੋਂ ਮਗਰੋਂ, ਮਹਾਤਮਾ ਗਾਂਧੀ ਦੇ ਨਾਂ 'ਤੇ ਰਾਜ ਸੰਭਾਲਣ ਵਾਲੇ, ਮਹਾਤਮਾ ਗਾਂਧੀ ਜੀ ਦੀ ਪਿੰਡਾਂ ਦੇ ਵਿਕਾਸ ਬਾਬਤ ਫਿਲਾਸਫੀ ਤੋਂ ਕੋਹਾਂ ਦੂਰ ਜਾ ਚੁੱਕੇ ਹਨ। ਅੱਜ ਡਿਫੈਂਸ ਉਤੇ ਹੀ 45 ਕਰੋੜ ਰੁਪਏ ਰੋਜ਼ਾਨਾ ਖਰਚ ਕੀਤੇ ਜਾ ਰਹੇ ਹਨ ਜਦੋਂ ਕਿ ਸੰਨ 1972 'ਚ ਇਹੋ ਖਰਚਾ ਮਸਾਂ ਤਿੰਨ ਕਰੋੜ ਪ੍ਰਤੀ ਦਿਨ ਸੀ। ਉਨ੍ਹਾਂ ਕਿਹਾ ਕਿ ਭਾਵੇਂ ਪਬਲਿਕ ਸੈਕਟਰ 'ਚ 50,000 ਕਰੋੜ ਖਰਚ ਕੀਤੇ ਹਨ ਪਰ ਖਾਦੀ 'ਤੇ ਇਕ ਫੀਸਦੀ ਤੋਂ ਘੱਟ ਭਾਵ 500 ਕਰੋੜ ਵੀ ਨਹੀਂ ਖਰਚੇ ਗਏ ਪਰ ਇਸ ਦੇ ਬਾਵਜੂਦ ਵੀ ਖਾਦੀ ਸੰਸਥਾਵਾਂ ਨੇ ਚਾਲੀ ਲੱਖ ਲੋਕਾਂ ਨੂੰ ਰੁਜ਼ਗਾਰ ਦਿੱਤਾ ਹੈ ਅਤੇ ਦੂਜੇ ਪਾਸੇ ਜਿੱਥੇ 99 ਫੀਸਦੀ ਖਰਚ ਹੋਇਆ ਹੈ, ਨੇ 35 ਲੱਖ ਨੂੰ ਵੀ ਰੁਜ਼ਗਾਰ ਨਹੀਂ ਦਿੱਤਾ। ਇਸ ਕਾਨਫਰੰਸ 'ਚ ਆਸਾਮ ਦੇ ਮੁੱਖ ਮੰਤਰੀ ਸ੍ਰੀ ਪਫੁਲ ਮਹੰਤਾ ਹੋਰਾਂ ਤੋਂ ਇਲਾਵਾ ਨਾਗਾਲੈਂਡ, ਤ੍ਰਿਪੁਰਾ ਤੇ ਆਸਾਮ ਦੇ ਖਾਦੀ ਬੋਰਡਾਂ ਦੇ ਚੇਅਰਮੈਨਾਂ ਤੋਂ ਇਲਾਵਾ ਆਸਾਮ ਅਸੈਂਬਲੀ ਦੇ ਸਪੀਕਰ ਤੇ ਹੋਰ ਅਣਗਿਣਤ ਅਫਸਰ ਤੇ ਬੁੱਧੀਜੀਵੀ ਮੌਜੂਦ ਸਨ।

■ ਸਾਨੂੰ ਚਿੱਠੀ ਪੱਤਰ ਲਿਖਣ ਵੇਲੇ ਆਪਣਾ ਪੂਰਾ ਪਤਾ, ਹੋ ਸਕੇ ਤਾਂ ਫੋਨ ਜ਼ਰੂਰ ਲਿਖੋ। ਲੇਖਕ/ਕਵੀ ਸੱਜਣ ਸਾਨੂੰ ਰਚਨਾ ਘੱਲਣ ਸਮੇਂ ਆਪਣੀ ਲਿਖਤ ਦੀ ਫੋਟੋ ਕਾਪੀ ਆਪਣੇ ਪਾਸ ਜ਼ਰੂਰ ਰਖਣ।


# ਫਾਰਮਾਂ ਵਿਚ ਕੰਮ ਕਰਨ ਵਾਲਿਆਂ ਲਈ

# ਖੁਸ਼ਖਬਰੀ!

- ਕੰਮ ਘੰਟਿਆਂ ਦਾ ਸ਼ੁਰੂ ਹੋ ਗਿਆ ਹੈ
- ਪਿਛਲੇ ਸਾਲਾਂ ਵਾਂਗ ਕੰਮ ਹੁਣ ਤੋਂ ਲੈ ਕੇ ਨਵੰਬਰ ਤੱਕ ਚੱਲੇਗਾ
- ਪਹਿਲੇ ਸਾਲ ਦੀ ਸਟਰਾਅ ਬੇਰੀ, ਰਸ ਬੇਰੀ, ਬਲੂ ਬੇਰੀ, ਕਰੈਨ ਬੇਰੀ, ਸਪਰਾਊਟ ਅਤੇ ਸਬਜ਼ੀਆਂ ਦਾ ਕੰਮ ਹੋਵੇਗਾ।
- ਵਰਕਰਾਂ ਦੇ ਕੰਮ 'ਤੇ ਆਉਣ ਜਾਣ ਵਾਸਤੇ ਪੂਰੀ ਸਹੂਲਤ ਹੋਵੇਗੀ
- ਤਨਖਾਹ ਦੋ ਹਫ਼ਤਿਆਂ ਬਾਅਦ ਦਿਤੀ ਜਾਵੇਗੀ
- ਕੰਮ ਕੀਤੇ ਦੀਆਂ ਸਟੈਂਪਾਂ ਦਿੱਤੀਆਂ ਜਾਣਗੀਆਂ
- ਸਾਰੇ ਲੋਅਰ ਮੇਨਲੈਂਡ ਤੋਂ ਕੰਮ ਕਰਨ ਵਾਲਿਆਂ ਨੂੰ ਘਰੋਂ ਲਿਜਾਣ ਤੇ ਛੱਡਣ ਦਾ ਪ੍ਰਬੰਧ ਹੋਵੇਗਾ
- ਘੰਟੇ ਦਾ ਰੇਟ ਚਾਰ ਡਾਲਰ ਹੋਵੇਗਾ।

ਹੋਰ ਜਾਣਕਾਰੀ ਲਈ ਫੋਨ ਕਰੋ: **584-8359** **Bining Enterprises Ltd.**

ਪੰਨਾ 4 ਦੀ ਬਾਕੀ

ਆਸਾਨ ਨਹੀਂ। ਪੜ੍ਹੇ ਲਿਖੇ ਲੋਕਾਂ ਨੂੰ ਤਾਂ ਇਸ ਲਈ ਮੁਸ਼ਕਲ ਨਹੀਂ ਹੁੰਦੀ ਪਰ ਇਸ ਲਈ ਵਧੇਰੇ ਸਿੱਖ ਪਰਿਵਾਸੀ ਇਕ ਵਾਰੀ ਨੌਕਰੀ ਤੇ ਲੱਗ ਜਾਣ ਪਿਛੋਂ ਉਸ ਨੂੰ ਲਗਦੀ ਵਾਹੇ ਛੱਡਣਾ ਨਹੀਂ ਸਨ ਗੁਆਰਾ ਕਰ ਸਕਦੇ।

ਦੂਸਰੇ ਦੌਰ ਵਿਚ ਆਏ ਸਿੱਖ ਪਰਿਵਾਸੀਆਂ ਦੇ ਆਰਥਿਕ ਅਤੇ ਮਾਲੀ ਪੱਧਰ ਪਹਿਲੇ ਦੌਰ ਦੇ ਪਰਿਵਾਸੀਆਂ ਨਾਲੋਂ ਕੁਝ ਉਚੇ ਹਨ। ਇਨ੍ਹਾਂ ਵਿਚੋਂ ਲਗਪਗ 20 ਫੀਸਦੀ ਕਿੱਤਾਕਾਰੀ ਖੇਤਰਾਂ ਵਿਚ ਹਨ। ਇਨ੍ਹਾਂ ਵਿਚੋਂ ਵੀ ਅੱਧੇ ਡਾਕਟਰ, ਇੰਜੀਨੀਅਰ ਅਤੇ ਵਕੀਲ ਹਨ। ਬਾਕੀ ਅੱਧੇ ਵਪਾਰ ਵਿਚ ਰੁੱਝੇ ਹੋਏ ਹਨ। ਇਸ ਤੱਥ ਦੇ ਬਾਵਜੂਦ ਕਿ ਉਨ੍ਹਾਂ ਨੇ ਪੱਛਮ ਦਾ ਵਿਅਕਤੀਗਤ ਪ੍ਰਭਾਵ ਗ੍ਰਹਿਣ ਕੀਤਾ ਹੈ ਤਾਂ ਵੀ ਉਹ ਸਮਾਜਕ ਬੰਧਨਾ ਨਾਲ ਜੁੜੇ ਹੋਏ ਹਨ। ਇਸ ਦਾ ਕਾਰਨ ਇਹ ਹੈ ਕਿ ਜਦੋਂ ਵੀ ਕੋਈ ਨੌਜੁਆਨ ਆਪਣਾ ਵਪਾਰ ਸ਼ੁਰੂ ਕਰਨਾ ਚਾਹੁੰਦਾ ਹੈ ਤਾਂ ਪਰਿਵਾਰ ਦੇ ਮੈਂਬਰ ਇਸ ਖਾਤਰ ਆਪਣੇ ਸੋਮਿਆਂ ਰਾਹੀਂ ਉਸ ਦੀ ਮੱਦਦ ਕਰਦੇ ਹਨ। ਪਰ ਦਿਲਚਸਪ ਗੱਲ ਇਹ ਹੈ ਕਿ ਉਸ ਵਲੋਂ ਅੰਗਰੇਜ਼ੀ ਸਿਖਿਆ ਅਤੇ ਅੰਗਰੇਜ਼ੀ ਜੀਵਨ ਢੰਗ ਗ੍ਰਹਿਣ ਕਰਨ ਦੇ ਬਾਵਜੂਦ ਉਸ ਨੂੰ ਅੰਗਰੇਜ਼ ਸਮਾਜ ਵਲੋਂ ਆਪਣਾ ਮੈਂਬਰ ਨਹੀਂ ਮੰਨਿਆ ਜਾਂਦਾ। ਇਸ ਲਈ ਇਹ ਅਮਲੀ ਅਤੇ ਜਜ਼ਬਾਤੀ ਕਾਰਨ ਉਸ ਨੂੰ ਆਪਣੇ ਪਰਿਵਾਰ ਨੂੰ ਛੱਡਣਾ ਅਸੰਭਵ ਬਣਾਉਂਦੇ ਹਨ।

ਇਸ ਦੇ ਬਾਵਜੂਦ ਸਿੱਖ ਪਰਿਵਾਸੀਆਂ ਦੀ ਨਵੀਂ ਪੀੜ੍ਹੀ ਨੇੜ ਭਵਿਖ ਆਪਣੀ ਮਾਤਭੂਮੀ ਨਾਲੋਂ ਬਿਲਕੁਲ ਟੁੱਟ ਸਕਦੀ ਸੀ ਪਰ ਦੋ ਘਟਨਾਵਾਂ ਕਰਕੇ ਸਥਿਤੀ ਕੁਝ ਬਦਲੀ। ਇਹ ਦੋ ਹਨ : ਬਰਤਾਨੀਆ ਵਿਚ ਨਸਲੀ ਫਸਾਦਾਂ ਅਤੇ ਅੰਮ੍ਰਿਤਸਰ ਵਿਚ ਭਾਰਤੀ ਫੌਜ ਵਲੋਂ ਹਰਿਮੰਦਰ ਸਾਹਿਬ ਵਿਚ ਕੀਤੀ ਗਈ ਨੀਲਾਤਾਰਾ ਕਾਰਵਾਈ। ਸ਼ਾਇਦ ਇਹੋ ਵਜ੍ਹਾ ਕਿ ਹੁਣ ਇੰਗਲੈਂਡ ਵਿਚ ਵਸਦੇ ਜਿਨ੍ਹਾਂ ਸਿੱਖਾਂ ਨੇ ਆਪਣੇ ਕੇਸ ਵੀ ਕਟਵਾ ਲਏ ਸਨ ਅਤੇ ਗੁਰਮੁਖੀ ਲਿੱਪੀ ਸਿਖਣ ਵੱਲ ਕੋਈ ਧਿਆਨ ਨਹੀਂ ਸੀ ਦਿੱਤਾ, ਉਨ੍ਹਾਂ ਨੇ ਹੁਣ ਸਿਖੀ ਚਿੰਨ੍ਹਾਂ ਨੂੰ ਅਪਨਾਉਣਾ ਸ਼ੁਰੂ ਕਰ ਦਿੱਤਾ ਹੈ ਤੇ ਨਾਲ ਹੀ ਪੱਬਾਂ ਜਾਂ ਸ਼ਰਾਬਖਾਨਿਆਂ ਵਿਚ ਵਧੇਰੇ ਜਾਣ ਦੀ ਥਾਂ ਗੁਰਦੁਆਰਿਆਂ ਵਿਚ ਜਾਣਾ ਸ਼ੁਰੂ ਕਰ ਦਿੱਤਾ ਹੈ? ਇਥੇ ਹੀ ਬੱਸ ਨਹੀਂ ਉਨ੍ਹਾਂ ਨੇ ਆਪਣੇ ਬਾਪ ਦਾਦੇ ਦੀ ਧਰਤੀ ਦੇ ਗੁਣ ਗਾਉਣੇ ਸ਼ੁਰੂ ਕਰ ਦਿੱਤੇ ਹਨ ਤੇ ਇਕ ਵਾਰੀ ਮੁੜ ਉਨ੍ਹਾਂ ਵਿਚ ਇਸ ਧਰਤੀ ਦੇ ਦਰਸ਼ਨਾਂ ਦੀ ਤਾਂਘ ਵਧਣ ਲੱਗੀ ਹੈ।

ਇਨ੍ਹਾਂ ਵਿਚੋਂ ਕੁਝ ਗਰਮ ਮਿਜ਼ਾਜੀਏ ਤਾਂ ਪੰਜਾਬ ਵਿਚ ਸਿਖ ਹੋਮਲੈਂਡ ਦੀ ਸਥਾਪਨਾ ਦੇ ਨਜ਼ਰੀਏ ਨਾਲ "ਇਨਕਲਾਬ" ਦੀ ਅਗਵਾਈ ਲਈ ਪੰਜਾਬ ਮੁੜਨ ਦੀਆਂ ਗੱਲਾਂ ਕਰਦੇ ਹਨ। ਭਾਰਤ ਵਿਚ ਰਹਿੰਦੇ ਬਹੁਤ ਸਾਰੇ ਸਿਖਾਂ ਵਾਂਗ ਉਨ੍ਹਾਂ ਨੂੰ ਵੀ ਇਸ ਗੱਲ ਦਾ ਅਹਿਸਾਸ ਸਤਾ ਰਿਹਾ ਹੈ ਕਿ ਹਿੰਦੂਆਂ ਨੇ ਉਨ੍ਹਾਂ ਨੂੰ ਧੋਖਾ ਦੇ ਕੇ ਉਸ ਦੇਸ਼ ਨਾਲੋਂ ਬਿਲਕੁਲ ਅਲੱਗ ਕਰ ਦਿੱਤਾ ਹੈ ਜਿਸ ਦੇ ਆਰਥਿਕ ਵਿਕਾਸ ਲਈ ਉਨ੍ਹਾਂ ਨੇ ਬੇਬਹਾ ਹਿਸਾ ਪਾਇਆ ਹੈ। ਇਸ ਤਰ੍ਹਾਂ ਦੇ ਸਿਖ ਪਰਿਵਾਸੀਆਂ ਨੂੰ ਆਖਰੀ ਦੌਰ ਦੇ ਉਨ੍ਹਾਂ ਮੈਂਬਰਾਂ ਵਲੋਂ ਹੋਰ ਉਤੇਜਿਤ ਕੀਤਾ ਜਾਂਦਾ ਹੈ ਜੋ ਇਕ ਤਰ੍ਹਾਂ ਭਾਰਤ ਵਿਚੋਂ ਭਗੌੜਿਆਂ ਦੀ ਸ਼ਕਲ ਵਿਚ ਇਥੇ ਪਹੁੰਚੇ ਸਨ। ਇਨ੍ਹਾਂ ਮੈਂਬਰਾਂ ਲਈ ਭਾਰਤ ਵਿਰੋਧੀ ਗੁੱਸਾ ਜ਼ਾਹਿਰ ਕਰਕੇ ਇਸ ਬੇਗਾਨਗੀ ਨੂੰ ਹੋਰ ਉਛਾਲ ਸਕਣਾ ਇਸ ਕਰਕੇ ਔਖਾ ਨਹੀਂ ਕਿਉਂਕਿ ਇਨ੍ਹਾਂ ਦਾ ਇੰਗਲੈਂਡ ਦੇ ਬਹੁਤ ਸਾਰੇ ਗੁਰਦੁਆਰਿਆਂ 'ਤੇ ਪਹਿਲਾਂ ਹੀ ਕਬਜ਼ਾ ਹੋ ਗਿਆ ਹੈ।

ਇਥੇ ਇਹ ਚੇਤੇ ਰੱਖਣ ਵਾਲੀ ਗੱਲ ਹੈ ਕਿ ਗੁਰਦੁਆਰਾ ਹਿੰਦੂਆਂ ਦੇ ਮੰਦਰ, ਮੁਸਲਮਾਨਾਂ ਦੀ ਮਸਜਿਦ ਜਾਂ ਇਸਾਈਆਂ ਦੇ ਗਿਰਜਾਘਰ ਵਾਂਗ ਪਰਮਾਤਮਾ ਦੀ ਪੂਜਾ ਕਰਨ ਵਾਲਾ ਸਥਾਨ ਨਹੀਂ ਹੈ, ਸਗੋਂ ਇਹ ਤਾਂ ਬਹੁਪੱਖੀ ਕੰਮਕਾਜੀ ਸਥਾਨ ਹੈ। ਇਹ ਰਾਜਸੀ ਪਲੇਟਫਾਰਮ ਹੈ, ਇਕ ਸਮਾਜ ਕਲਿਆਣ ਏਜੰਸੀ ਹੈ, ਸਭਿਆਚਾਰਕ, ਵਿਦਿਅਕ ਅਤੇ ਸਮਾਜਕ ਕੇਂਦਰ ਹੈ।

ਇਸ ਲਈ ਖਾਲਿਸਤਾਨ ਪੱਖੀ ਤੱਤਾਂ ਵਲੋਂ ਇੰਗਲੈਂਡ ਦੇ ਬਹੁਤ ਸਾਰੇ ਗੁਰਦੁਆਰਿਆਂ 'ਤੇ ਕੀਤਾ ਗਿਆ ਕੰਟਰੋਲ ਭਾਵੇਂ ਬਦਸ਼ਗਨਾ ਦਿਖਾਈ ਦਿੰਦਾ ਹੈ ਪਰ ਇਹ ਕੁਝ ਕਾਰਨਾਂ ਕਰਕੇ ਅਜਿਹਾ ਨਹੀਂ ਹੈ। ਪਹਿਲਾ, ਸਿੱਖ ਨੌਜੁਆਨ ਆਪਣੇ ਰੋਜ਼ਾਨਾ ਜੀਵਨ ਦੇ ਕੰਮ-ਕਾਜ ਵਿਚ ਪੂਰੀ ਤਰ੍ਹਾਂ ਰੁੱਝੇ ਹੋਏ ਹਨ। ਉਹ ਸਿਰਫ ਐਤਵਾਰ ਵਾਲੇ ਦਿਨ ਹੀ ਇਥੇ ਵਸਦੇ ਹੋਰਨਾਂ ਸਿੱਖ ਪਰਿਵਾਸੀਆਂ ਨੂੰ ਵੱਖਵਾਦ ਦੇ ਆਪਣੇ ਮਨਸੂਬਿਆਂ ਤੋਂ ਜਾਣੂ ਕਰਵਾ ਸਕਦੇ ਹਨ। ਦੂਜਾ, ਉਨ੍ਹਾਂ ਵਲੋਂ ਸਮੇਂ ਸਮੇਂ ਖਾਲਿਸਤਾਨ ਦੀ ਪ੍ਰਾਪਤੀ ਲਈ ਆਪਣੀਆਂ ਜਾਨਾਂ ਕੁਰਬਾਨ ਕਰ ਦੇਣ ਦੇ ਜਿਹੜੇ ਜ਼ੋਰਦਾਰ ਐਲਾਨ ਕੀਤੇ ਜਾਂਦੇ ਹਨ, ਉਸ ਦੇ ਬਾਵਜੂਦ ਉਨ੍ਹਾਂ ਵਿਚੋਂ ਇਕ ਫੀਸਦੀ ਯੁਵਕ ਵੀ ਪੰਜਾਬ ਆ ਕੇ ਆਪਣੇ ਸੁਪਨਿਆਂ ਦੇ ਦੇਸ਼ ਲਈ ਲੜਨ ਖਾਤਰ ਤਿਆਰ ਨਹੀਂ। ਹਾਂ, ਇਸ ਵਿਚ ਕੋਈ ਸ਼ੱਕ ਨਹੀਂ ਕਿ ਆਪਣੀ ਕਸੂਰਵਾਰ ਜ਼ਮੀਰ ਦੀ ਤਸੱਲੀ ਲਈ ਉਹ ਖਾਲਸਿਤਾਨੀ ਫੰਡਾਂ ਲਈ ਦਿਲ ਖੋਲ੍ਹ ਕੇ ਰਕਮਾਂ ਜ਼ਰੂਰ ਦੇ ਰਹੇ ਹਨ। ਪਰ ਹੁਣ ਇਹ ਫੰਡ ਵੀ ਘਟਦੇ ਜਾ ਰਹੇ ਹਨ। ਇਸ ਦੇ ਵੀ ਕਈ ਕਾਰਨ ਹਨ ਜਿਵੇਂ ਕਿ ਇਨ੍ਹਾਂ ਲਈ ਕਈਆਂ ਵਲੋਂ ਦਾਅਵਾ ਜਤਾਉਣਾ, ਫੰਡਾਂ ਦਾ ਦੁਰਪ੍ਰਬੰਧ ਅਤੇ ਖਾਲਿਸਤਾਨ ਪੱਖੀ ਵੱਖ ਵੱਖ ਗਰੁੱਪਾਂ ਵਿਚ ਆਪਸੀ ਲੜਾਈ ਆਦਿ।

### ਅਮਲੀ ਉਦੇਸ਼

ਇੰਜ ਅਜਿਹੇ ਅਮਲੀ ਉਦੇਸ਼ਾਂ ਲਈ ਇੰਗਲੈਂਡ ਵਿਚ ਵਸਦੇ ਸਿਖ ਇਕ ਤਰ੍ਹਾਂ ਬਰਤਾਨਵੀ ਸਮਾਜ ਦਾ ਹਿਸਾ ਹੀ ਬਣ ਗਏ ਹਨ। ਉਹ ਪਰਿਵਾਸੀ ਵੀ ਨਹੀਂ ਰਹੇ ਅਤੇ ਹੁਣ ਤਾਂ ਉਹ ਸਮਾਂ ਵੀ ਦੂਰ ਨਹੀਂ ਜਦੋਂ ਉਹ ਆਪਣੇ ਆਪ ਨੂੰ ਪੰਜਾਬ ਸਮੱਸਿਆ ਵਿਚ ਸ਼ਾਮਲ ਕਰਨ ਦੀ ਥਾਂ ਉਸ ਮੁਲਕ ਦੀ ਰਾਜਨੀਤੀ ਵਿਚ ਵਧੇਰੇ ਦਿਲਚਸਪੀ ਦਿਖਾਉਣਗੇ ਜਿਸ ਨੇ ਉਨ੍ਹਾਂ ਨੂੰ ਪੈਰਾਂ 'ਤੇ ਖੜ੍ਹੇ ਹੋਣ ਵਿਚ ਸਹਾਇਤਾ ਦਿੱਤੀ ਹੈ। ਇਨ੍ਹਾਂ ਸਿੱਖਾਂ ਵਿਚੋਂ ਕੁਝ ਇਕ ਤਾਂ ਬੜੀਆਂ ਅਹਿਮ ਪੁਜ਼ੀਸ਼ਨਾਂ ਉਤੇ ਜਾ ਬਿਰਾਜੇ ਹਨ। ਕੀਨਿਆਈ ਸਿੱਖ ਮੋਤਾ ਸਿੰਘ ਇਸ ਵੇਲੇ ਬਰਤਾਨੀਆ ਵਿਚ ਜੱਜ ਲੱਗਾ ਹੋਇਆ ਹੈ। ਹੁਣ ਤਾਂ ਉਹ ਸਮਾਂ ਵੀ ਬਹੁਤ ਨੇੜੇ ਜਾਪਦਾ ਹੈ ਜਦੋਂ ਸਾਊਥ ਹਲਕੇ ਦੀ ਪ੍ਰਤੀਨਿਧਤਾ ਕਰਦਾ ਦਸਤਾਰ ਅਤੇ ਦਾੜ੍ਹੀ ਵਾਲਾ ਸਿੱਖ ਸਰਦਾਰ ਬਰਤਾਨੀਆ ਦੇ ਹਾਊਸ ਆਫ ਕਾਮਨਜ਼ ਵਿਚ ਜਾ ਬੈਠੇਗਾ।

# ਅਮਰੀਕਾ ਨੇ ਪਾਕਿ-ਸਤਾਨ ਦੀ ਪਿੱਠ ਠੋਕੀ

ਵਾਸ਼ਿੰਗਟਨ — ਅਮਰੀਕਾ ਦੇ ਵਿਦੇਸ਼ ਰਾਜ ਮੰਤਰੀ ਮਾਈਕਲ ਆਰਮਾਕੋਸਟ ਨੇ ਸਪਸ਼ਟ ਤੌਰ 'ਤੇ ਕਿਹਾ ਹੈ ਕਿ ਅਮਰੀਕਾ ਕਿਸੇ ਵੀ ਮੁਲਕ ਨੂੰ ਪਾਕਿਸਤਾਨ ਨਾਲ ਆਪਣੇ ਸਬੰਧਾਂ ਦੇ ਰਾਹ ਵਿਚ ਰੋੜਾ ਨਹੀਂ ਬਣਨ ਦੇਵੇਗਾ। ਇਥੇ ਏਸ਼ੀਆ ਸੁਸਾਇਟੀ ਨੂੰ ਸੰਬੋਧਨ ਕਰਦਿਆਂ ਸ੍ਰੀ ਆਰਮਾਕੋਸਟ ਨੇ ਕਿਹਾ ਕਿ ਪਾਕਿਸਤਾਨ ਨਾਲ ਸਹਿਯੋਗ ਦੇ ਮਾਮਲੇ ਵਿਚ ਅਮਰੀਕੀ ਪ੍ਰਸ਼ਾਸਨ "ਨਾ ਤਾਂ ਸੰਸਦੀ ਵੀਟੋ ਦੀ ਪ੍ਰਵਾਹ ਕਰੇਗਾ ਅਤੇ ਨਾ ਹੀ ਕਿਸੇ ਹੋਰ ਦੇਸ਼ ਦੇ ਦਬਾਓ ਹੇਠ ਆਵੇਗਾ।"

ਦੱਖਣੀ ਏਸ਼ੀਆ ਬਾਰੇ ਆਪਣੀ 45 ਮਿੰਟਾਂ ਦੀ ਵਾਰਤਾ ਦੌਰਾਨ ਸ੍ਰੀ ਆਰਮਾਕੋਸਟ ਨੇ ਸਪਸ਼ਟ ਕੀਤਾ ਕਿ ਪਾਕਿਸਤਾਨ ਦੇ ਇਤਰਾਜ਼ਯੋਗ ਪ੍ਰਮਾਣੂ ਪ੍ਰੋਗਰਾਮ ਦੇ ਬਾਵਜੂਦ ਅਮਰੀਕਾ, ਪਾਕਿਸਤਾਨ ਨਾਲ ਆਪਣੇ ਵਿਸ਼ੇਸ਼ ਕਿਸਮ ਦੇ ਸਬੰਧਾਂ ਨੂੰ ਹੋਰ ਮਜ਼ਬੂਤ ਬਣਾਵੇਗਾ। ਅਮਰੀਕਾ ਵਲੋਂ ਪਾਕਿਸਤਾਨ ਨੂੰ 'ਅਵਾਕਸ' ਜਹਾਜ਼ ਲੀਜ਼ 'ਤੇ ਸਪਲਾਈ ਕਰਨ ਦੀ ਸੰਭਾਵਨਾ ਦੇ ਹੱਕ ਵਿਚ ਬੋਲਦਿਆਂ ਅਮਰੀਕੀ ਵਿਦੇਸ਼ ਰਾਜ ਮੰਤਰੀ ਨੇ ਦੱਸਿਆ ਕਿ ਅਮਰੀਕੀ ਪ੍ਰਸ਼ਾਸਨ ਪਾਕਿਸਤਾਨ ਦੀ ਦਰਖਾਸਤ 'ਤੇ ਗੰਭੀਰਤਾ ਪੂਰਬਕ ਗੌਰ ਕਰ ਰਿਹਾ ਹੈ। ਉਨ੍ਹਾਂ ਪਾਕਿਸਤਾਨੀ ਦਰਖਾਸਤ ਨੂੰ ਵਾਜਬ ਦੱਸਿਆ ਅਤੇ ਕਿਹਾ ਕਿ ਅਫਗਾਨਿਸਤਾਨ ਵਲੋਂ ਹਵਾਈ ਹਮਲਿਆਂ ਦੇ ਖਦਸ਼ੇ ਨੂੰ ਧਿਆਨ ਵਿਚ ਰੱਖਦਿਆਂ ਪਾਕਿਸਤਾਨ ਨੂੰ "ਅਵਾਕਸ" ਜਹਾਜ਼ਾਂ ਦੀ ਤੁਰਤ ਲੋੜ ਹੈ।

ਸ੍ਰੀ ਆਰਮਾਕੋਸਟ ਨੇ 'ਅਵਾਕਸ' ਜਹਾਜ਼ਾਂ ਬਾਰੇ ਪਾਕਿਸਤਾਨੀ ਦਰਖਾਸਤ ਵਿਰੁੱਧ ਭਾਰਤੀ ਪ੍ਰਤੀਕਰਮ ਨੂੰ ਬੇਲੋੜਾ ਦੱਸਿਆ ਪਰ ਨਾਲ ਹੀ ਕਿਹਾ ਕਿ ਅਮਰੀਕੀ ਹਲਕਿਆਂ ਨੂੰ ਮਿਲੀ ਜਾਣਕਾਰੀ ਅਨੁਸਾਰ ਭਾਰਤ, ਪਾਕਿਸਤਾਨ ਨੂੰ 'ਅਵਾਕਸ' ਜਹਾਜ਼ ਵੇਚੇ ਜਾਣ ਨਾਲ ਲੀਜ਼ 'ਤੇ ਦਿੱਤੇ ਜਾਣਾ ਘੱਟ ਖਤਰਨਾਕ ਸਮਝਦਾ ਹੈ। ਸ੍ਰੀ ਆਰਮਾਕੋਸਟ ਨੇ ਦਾਅਵਾ ਕੀਤਾ ਕਿ ਪਾਕਿਸਤਾਨ 'ਤੇ ਅਫਗਾਨ ਹਵਾਈ ਹਮਲੇ ਵਧਦੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਹੁਣ ਤੱਕ ਅਜਿਹੇ 300 ਹਮਲੇ ਹੋ ਚੁੱਕੇ ਹਨ ਜਿਨ੍ਹਾਂ ਵਿਚ 1000 ਤੋਂ ਵੱਧ ਪਾਕਿਸਤਾਨੀ ਨਾਗਰਿਕ ਮਾਰੇ ਗਏ। ਉਨ੍ਹਾਂ ਕਿਹਾ ਕਿ ਇਸੇ ਕਾਰਨ ਹੀ ਰੀਗਨ ਪ੍ਰਸ਼ਾਸਨ, ਇਸਲਾਮਾਬਾਦ ਨੂੰ 'ਅਵਾਕਸ' ਜਹਾਜ਼ ਲੀਜ਼ 'ਤੇ ਦੇਣ ਬਾਰੇ ਸਿਧਾਂਤਕ ਰੂਪ ਵਿਚ ਸਹਿਮਤ ਹੈ। ਉਨ੍ਹਾਂ ਦੱਸਿਆ ਕਿ ਅਮਰੀਕੀ ਪ੍ਰਸ਼ਾਸਨ ਅਜੇ ਵੀ ਇਹੀ ਸਮਝਦਾ ਹੈ ਕਿ ਪਾਕਿਸਤਾਨ ਪ੍ਰਮਾਣੂ ਬੰਬ ਨਹੀਂ ਬਣਾ ਰਿਹਾ। ਫਿਰ ਵੀ, ਭਾਰਤੀ ਉਪ ਮਹਾਂਦੀਪ ਵਿਚ ਪ੍ਰਮਾਣੂ ਹਥਿਆਰਾਂ ਦੀ ਹੋੜ ਟਾਲਣ ਲਈ ਉਹ ਭਾਰਤ ਤੇ ਪਾਕਿਸਤਾਨ - ਦੋਹਾਂ 'ਤੇ ਜ਼ੋਰ ਪਾ ਰਿਹਾ ਹੈ ਕਿ ਉਹ ਪ੍ਰਮਾਣੂ ਪਰਿਸੀਮਨ ਸੰਧੀ 'ਤੇ ਦਸਤਖਤ ਕਰਨ।

ਆਲੋਚਨਾ : ਪਾਕਿਸਤਾਨ ਨੂੰ ਅਮਰੀਕੀ ਮਦਦ ਦਾ ਵਿਰੋਧ ਕਰਨ ਜਾਂ ਅਜਿਹੀ ਮੱਦਦ ਨੂੰ ਉਸ ਦੇਸ਼ ਵਲੋਂ ਪ੍ਰਮਾਣੂ ਹਥਿਆਰਾਂ ਦੀ ਤਿਆਰੀ 'ਤੇ ਪਾਬੰਦੀ ਨਾਲ ਜੋੜਨ ਦੀ ਮੰਗ ਕਰਨ ਵਾਲਿਆਂ ਦੀ ਤਿੱਖੀ ਆਲੋਚਨਾ ਕਰਦਿਆਂ ਅਮਰੀਕੀ ਵਿਦੇਸ਼ ਰਾਜ ਮੰਤਰੀ ਨੇ ਕਿਹਾ ਕਿ ਅਜਿਹਾ ਕੋਈ ਵੀ ਕਦਮ ਪਾਕਿਸਤਾਨ ਨੂੰ ਪ੍ਰਮਾਣੂ ਹਥਿਆਰਾਂ ਦੀ ਤਿਆਰੀ ਦਾ ਰਾਹ ਚੁਣਨ ਲਈ ਮਜ਼ਬੂਰ ਕਰ ਦੇਵੇਗਾ।


IATA APPROVED OFFICE

CALL US FIRST

Express Internationl Travel (1986) Ltd.

ATAC

Authorized Ticket Agents for
AIR CANADA, WARDAIR, C P AIR, PAN AM, AIR INDIA, JAPAN AIR LINES, BRITISH AIR WAYS, KLM, EASTERN, AIR CAL, DELTA AIR, LUFTHANSA and many other airlines.

ਭਾਰਤ, ਪਾਕਿਸਤਾਨ, ਲੰਡਨ, ਫੀਜ਼ੀ, ਹਵਾਈ ਤੇ ਦੁਨੀਆਂ ਦੇ ਹਰ ਕੋਨੇ ਵਿਚ

ਸਪੈਸ਼ਲ ਸਰਵਿਸ

ਵੀਜ਼ਾ ਅਤੇ ਪਾਸਪੋਰਟ ਲੈਣ ਵਿਚ ਅਸੀਂ ਬਿਨਾਂ ਮੁਆਵਜ਼ੇ ਦੇ ਤੁਹਾਡੀ ਮੱਦਦ ਕਰਦੇ ਹਾਂ।

321-8777

5787 Victoria Drive, VANCOUVER, B.C. V5P 3W5



AJIT KANG

MERIDIAN INSURANCE

Life & Accident sickness

LOCATION 1

3268 COAST MERIDIAN RD.,
PORT COQUITLAM, B.C. V3B 3N4

3268 ਕੋਸਟ ਮੈਰੀਡੀਅਨ ਰੋਡ ਪੋਰਟ ਕੁਕਿਟਲਮ

Ph. 941-8544

LOCATION 2

F.W. INSURANCE AGENCIES LTD.

Unit 115-8980 - No. 3 Road, RICHMOND, B.C.

(ਜੋ ਕਿ ਫਰਾਂਸਿਸ ਸਟਰੀਟ ਤੇ ਨੰਬਰ 3 ਰੋਡ ਦੇ ਕੋਨੇ ਤੇ ਹੈ) V6Y 2E8

ਸੰਤਬੀਰ ਸਿੰਘ ਮਿਨਹਾਸ

Ph. 272-0700

Autoplan

FOR ALLSTATE LOW RATES PLUS AUTOPLAN FINANCE
— AVAILABLE ON APPROVED CREDIT

ਘਰਾਂ ਦੀ ਵਾਜਬ ਕੀਮਤਾਂ ਤੇ ਇਨਸ਼ੋਰੈਂਸ ਕਰਾਉਣ ਲਈ

Santbir Minhas Res. 271-1248

ICBC, house, tenant, commercial

# ਰਾਸ਼ਟਰਪਤੀ ਨੂੰ ਲੈ ਕੇ ਕਾਂਗਰਸੀ ਹਲਕੇ ਅਜੇ ਵੀ ਫਿਕਰਮੰਦ

**ਐਸ. ਵਿਸ਼ਵਮ**

ਨਵੀਂ ਦਿੱਲੀ — ਹੁਕਮਰਾਨ ਪਾਰਟੀ ਦੇ ਹਲਕਿਆਂ ਵਿਚ ਇਹ ਕਿਆਸ ਅਰਾਈਆਂ ਬਰਾਬਰ ਲਾਈਆਂ ਜਾ ਰਹੀਆਂ ਹਨ ਕਿ ਰਾਸ਼ਟਰਪਤੀ, ਪ੍ਰਧਾਨ ਮੰਤਰੀ ਅਤੇ ਉਸ ਦੀ ਸਰਕਾਰ ਨੂੰ ਪਰੇਸ਼ਾਨ ਕਰਨ ਲਈ ਆਪਣੇ ਸੰਵਿਧਾਨਕ ਹੱਕਾਂ ਦੀ ਵਰਤੋਂ ਕਰ ਸਕਦਾ ਹੈ। ਰਾਸ਼ਟਰਪਤੀ ਦਾ ਅਗਲਾ ਕਦਮ ਕੀ ਹੋਵੇਗਾ ? ਇਸ ਬਾਰੇ ਅਜੇ ਤਾਂ ਕਲਪਨਾ ਹੀ ਕੀਤੀ ਜਾ ਸਕਦੀ ਹੈ ਪਰ ਪਾਰਲੀਮਾਨੀ ਹਲਕਿਆਂ ਵਿਚ ਇਹ ਖਦਸ਼ਾ ਪਾਇਆ ਜਾ ਰਿਹਾ ਹੈ ਕਿ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਜੋ ਪ੍ਰਧਾਨ ਮੰਤਰੀ ਨਾਲ ਟੱਕਰ ਦੀ ਪੁਜ਼ੀਸ਼ਨ ਵਿਚ ਹਨ, ਪਾਰਲੀਮੈਂਟ ਇਜਲਾਜ਼ ਦੇ ਉਠਣ ਤੋਂ ਪਹਿਲਾਂ ਪਹਿਲਾਂ ਸਥਿਤੀ ਨੂੰ ਕੋਈ ਨਾਟਕੀ ਮੋੜ ਦੇ ਸਕਦੇ ਹਨ।

ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੂੰ ਬਰਤਰਫ ਕਰਨ ਦੀ ਸੰਭਾਵਨਾ ਹੁਣ ਖਤਮ ਹੁੰਦੀ ਜਾ ਰਹੀ ਹੈ ਕਿਉਂਕਿ ਪਿਛਲੇ ਕੁਝ ਦਿਨਾਂ ਦੌਰਾਨ ਵਿਰੋਧੀ ਪਾਰਟੀਆਂ ਤੇ ਉਘੇ ਵਿਅਕਤੀਆਂ ਨੇ ਇਹ ਕਦਮ ਚੁੱਕੇ ਜਾਣ ਦਾ ਵਿਰੋਧ ਕੀਤਾ ਹੈ। ਤਾਂ ਵੀ ਹਵਾ ਵਿਚ ਅਫਵਾਹਾਂ ਫੈਲੀਆਂ ਹੋਈਆਂ ਹਨ ਕਿ ਆਉਣ ਵਾਲੇ ਦਿਨ ਮੁਸ਼ਕਲਾਂ ਭਰੇ ਹਨ।

ਪਿਛਲੇ ਕੁਝ ਹਫਤਿਆਂ ਦੌਰਾਨ ਜਿਹੜੇ ਲੋਕ ਰਾਸ਼ਟਰਪਤੀ ਨੂੰ ਮਿਲੇ ਹਨ, ਜੇਕਰ ਉਨ੍ਹਾਂ ਵਲੋਂ ਮਿਲੀ ਖਿਲਰੀ-ਪੁਲਰੀ ਜਾਣਕਾਰੀ ਨੂੰ ਇਕੱਠਿਆਂ ਕਰ ਕੇ ਕਿਸੇ ਸਿੱਟੇ 'ਤੇ ਪਹੁੰਚਣਾ ਹੋਵੇ ਤਾਂ ਇਹੋ ਨਤੀਜਾ ਕੱਢਿਆ ਜਾ ਸਕਦਾ ਹੈ ਕਿ ਰਾਸ਼ਟਰਪਤੀ ਨੇ ਪ੍ਰਧਾਨ ਮੰਤਰੀ ਨੂੰ "ਸਬਕ ਸਿਖਾਉਣ" ਦਾ ਪੱਕਾ ਇਰਾਦਾ ਕੀਤਾ ਹੋਇਆ ਹੈ।

ਪਾਰਲੀਮਾਨੀ ਹਲਕਿਆਂ ਵਿਚ ਜਿਸ ਸਵਾਲ ਉਤੇ ਚਰਚਾ ਛਿੜੀ ਹੋਈ ਹੈ, ਉਹ ਇਹ ਹੈ ਕਿ "ਰਾਸ਼ਟਰਪਤੀ ਪ੍ਰਧਾਨ ਮੰਤਰੀ ਨੂੰ ਕਿਸ ਤਰ੍ਹਾਂ ਦਾ ਸਬਕ ਸਿਖਾਉਣਗੇ।" ਇਨ੍ਹਾਂ ਹਲਕਿਆਂ ਵਿਚ ਤਿੰਨ ਤਰ੍ਹਾਂ ਦੀਆਂ ਸੰਭਾਵਨਾਵਾਂ ਪ੍ਰਗਟ ਕੀਤੀਆਂ ਜਾ ਰਹੀਆਂ ਹਨ। ਇਕ, ਰਾਸ਼ਟਰਪਤੀ ਪ੍ਰਧਾਨ ਮੰਤਰੀ ਨੂੰ ਬਰਤਰਫ ਕਰਨ ਦੇ ਆਪਣੇ ਹੱਕ ਦੀ ਵਰਤੋਂ ਕਰ ਸਕਦਾ ਹੈ। ਰਾਸ਼ਟਰਪਤੀ ਕਾਂਗਰਸ (ਆਈ) ਪਾਰਲੀਮਾਨੀ ਪਾਰਟੀ ਵਿਚੋਂ ਕਿਸੇ ਨੂੰ ਪ੍ਰਧਾਨ ਮੰਤਰੀ ਨਿਯੁਕਤ ਕਰ ਸਕਦਾ ਹੈ ਅਤੇ ਜੇਕਰ ਉਸ ਦਾ ਨਾਮਜ਼ਦ ਵਿਅਕਤੀ ਹਾਊਸ ਵਿਚ ਬਹੁਗਿਣਤੀ ਲੈਣ ਵਿਚ ਅਸਫਲ ਰਹਿੰਦਾ ਹੈ ਤਾਂ ਰਾਸ਼ਟਰਪਤੀ ਲੋਕ ਸਭਾ ਭੰਗ ਕਰ ਸਕਦਾ ਹੈ।

ਦੋ, ਰਾਸ਼ਟਰਪਤੀ ਸੰਵਿਧਾਨ ਦੀ ਧਾਰਾ 86 ਦੀ ਵਰਤੋਂ ਕਰਕੇ ਕੇਂਦਰੀ ਮੰਤਰੀ ਮੰਡਲ ਨੂੰ ਸੰਦੇਸ਼ ਭੇਜੇ ਬਿਨਾਂ ਹੀ ਸਿਧਾ ਪਾਰਲੀਮੈਂਟ ਨੂੰ ਸੰਦੇਸ਼ ਭੇਜ ਕੇ ਦੋਵਾਂ ਸਦਨਾਂ ਨੂੰ ਇਸ ਸ਼ਿਕਾਇਤ ਉਤੇ ਬਹਿਸ ਕਰਨ ਲਈ ਆਖ ਸਕਦਾ ਹੈ ਕਿ ਸੰਵਿਧਾਨ ਦੀ ਧਾਰਾ 86 ਅਨੁਸਾਰ ਪ੍ਰਧਾਨ ਮੰਤਰੀ ਰਾਜੀਵ ਦੀ ਸਰਕਾਰ ਸੰਵਿਧਾਨਕ ਜ਼ਿਮੇਵਾਰੀਆਂ ਪੂਰੀਆਂ ਨਹੀਂ ਕਰ ਰਹੀ। ਤਿੰਨ, ਰਾਸ਼ਟਰਪਤੀ ਆਪਣੇ ਤੇ ਪ੍ਰਧਾਨ ਮੰਤਰੀ ਵਿਚਕਾਰ ਚਲ ਰਹੇ ਝਗੜੇ ਨੂੰ ਸੁਪਰੀਮ ਕੋਰਟ ਦੇ ਬੈਂਚ ਅੱਗੇ ਪੇਸ਼ ਕਰ ਸਕਦਾ ਹੈ ਅਤੇ ਸੁਪਰੀਮ ਕੋਰਟ ਨੂੰ ਆਖ ਸਕਦਾ ਹੈ ਕਿ ਉਹ ਉਸ ਦੀ (ਰਾਸ਼ਟਰਪਤੀ) ਪੁਜ਼ੀਸ਼ਨ ਦੇ ਸਬੰਧ ਵਿਚ ਆਰਟੀਕਲ 74, 75, 78, ਤੇ 86 ਦੀ ਵਿਆਖਿਆ ਕਰੇ।

ਰਾਸ਼ਟਰਪਤੀ ਉਕਤ ਤਿੰਨ ਰਾਹ ਚੁਣ ਸਕਦਾ ਹੈ ਅਤੇ ਜਾਂ ਫਿਰ ਦੋਵਾਂ ਵਿਚਕਾਰ ਹੋ ਰਹੀ ਕਸ਼ਮਕਸ਼ ਨੂੰ ਉਦੋਂ ਤੱਕ ਕਾਇਮ ਰੱਖੇਗਾ ਜਦੋਂ ਤਕ ਘਟਨਾਵਾਂ ਖੁਦ ਹੀ ਸਥਿਤੀ ਉਤੇ ਹਾਵੀ ਨਹੀਂ ਹੋ ਜਾਂਦੀਆਂ। ਕੁਝ ਵੀ ਹੋਵੇ ਇਹ ਕਿਹਾ ਜਾ ਸਕਦਾ ਹੈ ਕਿ ਰਾਸ਼ਟਰਪਤੀ ਨੇ ਕੁਝ ਇਸ ਤਰ੍ਹਾਂ ਦੀ ਸਥਿਤੀ ਪੈਦਾ ਕਰ ਦਿੱਤੀ ਹੈ ਕਿ ਹੁਕਮਰਾਨ ਪਾਰਟੀ ਤੇ ਵਿਰੋਧੀ ਪਾਰਟੀਆਂ ਇਹ ਉਡੀਕ ਕਰ ਰਹੀਆਂ ਹਨ ਕਿ ਰਾਸ਼ਟਰਪਤੀ ਆਪਣੇ ਭੱਥੇ ਵਿਚੋਂ ਹੁਣ ਕਿਹੜਾ ਤੀਰ ਚਲਾਉਂਦਾ ਹੈ ?

ਰਾਜਸੀ ਹਲਕਿਆਂ ਵਿਚ ਲਾਈਆਂ ਜਾ ਰਹੀਆਂ ਇਹ ਆਸਾਂ ਉਮੀਦਾਂ ਕਾਰਨ ਹੀ (ਹਾਲਾਂਕਿ ਇਨ੍ਹਾਂ ਵਿਚ ਕਈ ਤਰ੍ਹਾਂ ਦੀਆਂ ਵਿਰੋਧਤਾਈਆਂ ਪਾਈਆਂ ਜਾ ਰਹੀਆਂ ਹਨ ਅਤੇ ਕੁਝ ਤਾਂ ਉਕਾ ਹੀ ਬੇਬੁਨਿਆਦ ਹਨ) ਇਹ ਗੱਲ ਫੈਲੀ ਹੋਈ ਹੈ ਕਿ ਰਾਸ਼ਟਰਪਤੀ ਨੇ ਇਹ ਪੱਕੀ ਧਾਰੀ ਹੋਈ ਹੈ ਕਿ ਉਹ ਆਪਣੇ ਗਿਲੇ ਰੋਸਿਆਂ ਨੂੰ ਉਸ ਹੱਦ ਤੱਕ ਲੈ ਜਾਵੇਗਾ ਜਿਥੇ ਪ੍ਰਧਾਨ ਮੰਤਰੀ ਕਸੂਤੀ ਸਥਿਤੀ ਵਿਚ ਘਿਰ ਜਾਵੇਗਾ।

# ਬਲਬੀਰ ਸਿੰਘ ਦਾ ਪੁਲੀਸ ਰਿਮਾਂਡ

ਲੁਧਿਆਣਾ — ਲੁਧਿਆਣਾ ਦੇ ਪੰਜਾਬ ਨੈਸ਼ਨਲ ਬੈਂਕ ਵਿਚੋਂ 5.70 ਕਰੋੜ ਰੁਪਏ ਲੁੱਟਣ ਦੇ ਮਾਮਲੇ ਵਿਚ ਗ੍ਰਿਫਤਾਰ ਕੀਤੇ "ਬੀ" ਵਰਗ ਦੇ ਦਹਿਸ਼ਤਪਸੰਦ ਤੇ ਫੌਜੀ ਭਗੌੜੇ ਬਲਬੀਰ ਸਿੰਘ ਨੂੰ ਇਕ ਜੁਡੀਸ਼ਲ ਮੈਜਿਸਟਰੇਟ ਨੇ ਦਸ ਦਿਨਾਂ ਲਈ ਪੁਲੀਸ ਹਿਰਾਸਤ ਵਿਚ ਭੇਜ ਦਿੱਤਾ। ਇਥੇ ਵਰਨਣਯੋਗ ਹੈ ਕਿ ਸੀ ਬੀ ਆਈ ਤੇ ਪੁਲੀਸ ਇਕ ਸਾਂਝੇ ਛਾਪੇ ਵਿਚ ਬਲਬੀਰ ਸਿੰਘ ਦੇ ਕਬਜ਼ੇ ਵਿਚੋਂ ਵੱਡੀ ਮਿਕਦਾਰ ਵਿਚ ਹਥਿਆਰ ਤੇ ਗੋਲੀ-ਸਿੱਕਾ ਅਤੇ 1.96 ਲੱਖ ਰੁਪਏ ਦੀ ਨਕਦੀ ਬਰਾਮਦ ਕੀਤੀ ਸੀ। ਪੁੱਛਗਿਛ ਦੌਰਾਨ ਬਲਬੀਰ ਸਿੰਘ ਨੇ ਇਕਬਾਲ ਕੀਤਾ ਕਿ ਉਹ ਉਕਤ ਬੈਂਕ ਡਾਕੇ ਅਤੇ ਅੱਧੀ ਦਰਜਨ ਹੋਰ ਘਿਨਾਉਣੇ ਅਪਰਾਧਾਂ ਵਿਚ ਸ਼ਾਮਲ ਸੀ।

# ਅਮਰੀਕਾ ਹੁਣ ਵਧੀਆ ਸੁਪਰ ਕੰਪਿਊਟਰ ਵੇਚਣ ਲਈ ਤਿਆਰ

ਵਾਸ਼ਿੰਗਟਨ — ਰੀਗਨ ਪ੍ਰਸ਼ਾਸਨ ਨੇ ਭਾਰਤ ਨੂੰ ਸੁਪਰ ਕੰਪਿਊਟਰ ਵੇਚਣ ਦੀ ਆਪਣੀ ਪੇਸ਼ਕਸ਼ ਵਿਚ ਮਾਮੂਲੀ ਜਿਹਾ ਸੁਧਾਰ ਕਰਕੇ ਭਾਰਤ ਸਰਕਾਰ ਨੂੰ ਕਿਹਾ ਹੈ ਕਿ ਉਹ ਹੁਣ ਕਰੇਅ ਐਕਸ. ਐਮ ਪੀ 14 ਸੁਪਰ ਕੰਪਿਊਟਰ ਵੇਚਣ ਲਈ ਤਿਆਰ ਹੈ। ਇਹ ਤਰਮੀਮਸ਼ੁਦਾ ਪੇਸ਼ਕਸ਼ ਅਮਰੀਕੀ ਪ੍ਰਸ਼ਾਸਨ ਦੀ ਸੀ ਡੀ ਸੀ ਸਾਈਬਰ 205 ਸੁਪਰ ਕੰਪਿਊਟਰ ਵੇਚਣ ਦੀ ਪਹਿਲੀ ਪੇਸ਼ਕਸ਼ ਦੀ ਥਾਂ 'ਤੇ ਕੀਤੀ ਗਈ ਹੈ। ਇਥੇ ਵਰਣਨਯੋਗ ਹੈ ਕਿ ਸਾਈਬਰ 205 ਸੁਪਰ ਕੰਪਿਊਟਰ ਨੂੰ ਭਾਰਤੀ ਮਾਹਿਰਾਂ ਨੇ ਇਹ ਕਹਿ ਕੇ ਰੱਦ ਕਰ ਦਿੱਤਾ ਸੀ ਕਿ ਇਹ ਨਾ ਸਿਰਫ ਪੁਰਾਣੀ ਕਿਸਮ ਦਾ ਹੈ ਸਗੋਂ ਵਰਤਮਾਨ ਲੋੜਾਂ ਮੁਤਾਬਿਕ ਬਹੁਤਾ ਢੁਕਵਾਂ ਵੀ ਨਹੀਂ।

ਵਰਤਮਾਨ ਅਮਰੀਕੀ ਪੇਸ਼ਕਸ਼ ਪ੍ਰਸ਼ਾਸਨ ਦੀ ਪਹਿਲੀ ਪੇਸ਼ਕਸ਼ ਦੇ ਮੁਕਾਬਲੇ ਬਹੁਤ ਅਹਿਮ ਸਮਝੀ ਜਾਂਦੀ ਹੈ। ਐਕਸ. ਐਮ. ਪੀ. - 14 ਨਵੀਂ ਕਿਸਮ ਦਾ ਕੰਪਿਊਟਰ ਹੈ ਜਦੋਂ ਕਿ ਸੀ ਡੀ ਸੀ 205 ਕੰਪਿਊਟਰ ਮਾਹਿਰਾਂ ਦੀ ਰਾਏ ਅਨੁਸਾਰ ਘੱਟੋ ਘੱਟ ਦਸ ਸਾਲ ਪੁਰਾਣਾ ਹੈ ਅਤੇ ਇਸ ਤੋਂ ਕਈ ਬਿਹਤਰ ਸੁਪਰ ਕੰਪਿਊਟਰ ਜਪਾਨੀ ਫਰਮ ਮਾਰਕੀਟ ਵਿਚ ਵੇਚ ਰਹੀਆਂ ਹਨ।

ਖਦਸ਼ਾ : ਪਤਾ ਲੱਗਾ ਹੈ ਕਿ ਭਾਰਤ ਨੂੰ ਆਧੁਨਿਕਤਮ ਸੁਪਰ ਕੰਪਿਊਟਰ ਸਪਲਾਈ ਕਰਨ ਦਾ ਫੈਸਲਾ ਪ੍ਰਸ਼ਾਸਨ ਨੇ ਇਸ ਖਦਸ਼ੇ ਨੂੰ ਮੁੱਖ ਰੱਖਦਿਆਂ ਕੀਤਾ ਕਿ ਜੇਕਰ ਉਸ ਨੇ ਭਾਰਤ ਨੂੰ ਅਜਿਹੀ ਪੇਸ਼ਕਸ਼ ਨਾ ਕੀਤੀ ਤਾਂ ਭਾਰਤ, ਜਪਾਨ ਦੇ ਬੂਹੇ ਖੜਕਾਏਗਾ ਅਤੇ ਜਪਾਨ ਸਰਕਾਰ ਨਵੀਂ ਮੰਡੀ ਹਾਸਲ ਕਰਨ ਦੇ ਉਦੇਸ਼ ਨਾਲ ਭਾਰਤ ਨੂੰ ਵਧੀਆ ਤੋਂ ਵਧੀਆ ਸੁਪਰ ਕੰਪਿਊਟਰ ਵੇਚਣ ਲਈ ਤਿਆਰ ਹੋ ਜਾਵੇਗੀ।


# Rokko Sarees & Fabrics

**6201-6205 Fraser St., Vancouver, B.C. V5W 3A2**

**Tel: (604) 327-3033**

## ਰੋਕੋ ਸਾੜ੍ਹੀਜ਼ ਹਫ਼ਤੇ ਦੇ ਸੱਤੇ ਦਿਨ

## ਖੁਲ੍ਹਾ ਰਹਿੰਦਾ ਹੈ

## ਰੋਕੋ ਸਾੜ੍ਹੀਜ਼ ਉਤੇ ਹਰ ਮੰਗਲਵਾਰ ਨੂੰ




## ਸਪੈਸ਼ਲ ਸਪੈਸ਼ਲ ਸੇਲ ਲੱਗਦੀ ਹੈ

## ਰੋਕੋ ਸਾੜ੍ਹੀਜ਼ ਐਂਡ ਫੈਬਰਿਕਸ

IMPORTERS • MANUFACTURERS REPRESENTATIVES • EXPORTERS

# MALKIT PARMAR

ROYAL LePAGE **REAL ESTATE SERVICES**

ਘਰ ਦੀ ਕੀਮਤ ਪਵਾਉਣ ਲਈ ਸਾਡੀ ਕੰਪਨੀ ਰਾਹੀਂ ਘਰ ਖਰੀਦਣਾ ਜਾਂ ਵੇਚਣਾ ਆਸਾਨ ਹੈ ਕਿਉਂਕਿ ਮਾਰਗੇਜ਼ ਦਾ ਪ੍ਰਬੰਧ ਵੀ ਕੰਪਨੀ ਦੁਆਰਾ ਕੀਤਾ ਜਾਂਦਾ ਹੈ।

ਹਰ ਤਰ੍ਹਾਂ ਦੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਮਲਕੀਤ ਪਰਮਾਰ ਨੂੰ ਮਿਲੋ ਜਾਂ ਫੋਨ ਕਰੋ :



**Bus: (604) 590-1321 Res: 589-2650**

**8699 - 120th St., North Delta, B.C.**



## ਜਗਦੀਸ਼ ਸਿੰਘ ਨੋਟਰੀ ਪਬਲਿਕ (ਬੀ. ਏ. ਐਲ. ਐਲ. ਬੀ. (ਪੰਜਾਬ ਯੂਨੀਵਰਸਿਟੀ) ਅਤੇ ਇਮੀਗਰੇਸ਼ਨ ਸਲਾਹਕਾਰ

ਜਿਨ੍ਹਾਂ ਦੇ ਦਫਤਰ ਵਿਚ ਨੋਟਰੀ ਪਬਲਿਕ ਦੇ ਆਮ ਕੰਮ ਕੀਤੇ ਜਾਂਦੇ ਹਨ ਜਿਵੇਂ ਕਿ :—

- ਘਰ ਜਾਂ ਜ਼ਮੀਨ ਖ੍ਰੀਦਣ, ਵੇਚਣ ਲਈ ਜਾਂ ਮੋਰਗੇਜ਼ ਲੈਣ, ਦੇਣ ਜਾਂ ਕੈਂਸਲ ਕਰਨੀ ਆਦਿ ਦੇ ਕਾਗਜ਼ਾਤ ਤਿਆਰ ਕਰਨੇ ਅਤੇ ਰਜਿਸਟਰੀ ਕਰਵਾਉਣੀ
- ਵਸੀਅਤ, ਮੁਖਤਿਆਰਨਾਮੇ, ਐਫੀਡੇਵਿਟ, ਡੈਕਲਾਰੇਸ਼ਨ, ਐਗਰੀਮੈਂਟ, ਬਾਹਰੋਂ ਆਏ ਰਿਸ਼ਤੇਦਾਰਾਂ ਲਈ "ਰਾਹਦਾਰੀ"
- ਪਾਸਪੋਰਟ ਨਾਂ ਦੀ ਤਬਦੀਲੀ

### ਅਤੇ ਇਮੀਗਰੇਸ਼ਨ

ਦੇ ਆਮ ਮਸਲੇ ਤੇ ਇਮੀਗਰੇਸ਼ਨ ਅੰਪੀਲ ਬੋਰਡ ਦੇ ਕੇਸ ਲੜਨ ਲਈ ਜਾਣਕਾਰੀ ਤੇ ਯੋਗ ਸਹਾਇਤਾ



ਜਗਦੀਸ਼ ਸਿੰਘ B.A.LL.B. (Pb.U.)
(ਸਾਬਕਾ ਐਡਵੋਕੇਟ ਪੰਜਾਬ ਹਾਈਕੋਰਟ)

**Off. 324-6727**

**Res. 324-4160**

**#201 - 2001 East 36th Ave. [at victoria]**
**Vancouver. B.C. V5P 1C9**



## NORTH AMERICAN LIFE, DOES IT FOR YOU!

● ਬਿਜਨਸ ਤੇ ਮਾਰਗੇਜ਼ ● ਬੱਚਿਆਂ ਦੀ ਪੜ੍ਹਾਈ ਇਨਸ਼ੋਰੈਂਸ ● ਰਿਟਾਇਰ ਮੈਂਟ ਤੇ ਪੈਨਸ਼ਨ ਪਲਾਨ ● ਲਾਈਫ ਇਨਸ਼ੋਰੈਂਸ ● ਗਰੁਪ ਇਨਸ਼ੋਰੈਂਸ

### COMPAY PROVIDES

- **HIGHEST INTEREST RATES** of its 5- year Investment account on your savings Dollars
- Provides you free advice on keeping the interest earnings tax-sheltered
- Computerized tailor-made plan for your family

### & YOU DECIDE:

- The amount to Life Insurance
- The period after which you could STOP premium payment
- FLEXIBILITY in premium payments (Within Limits)

TOGETHER WE ARE STRONGER



**KARNAIL SINGH. NAGRA**
**TEL. 270-2100**
**NAGRA INSURANCE AGENCIES 11420 GRANVILLE AVE**
**RICHMOND, B.C. V6Y 1RG**



## An Advance DRIVING SCHOOL

4677 Main St. & 30th, Vancouver, B.C. V5V 3R6

We'll help you in getting Learner's Licence

**BABU BANSAL Ph. 872-7375**



ਬਾਬੂ ਬਾਂਸਲ

### ਐਨ ਐਡਵਾਂਸ ਡਰਾਈਵਿੰਗ ਸਕੂਲ

4677 ਮੇਨ ਸਟਰੀਟ, ਵੈਨਕੂਵਰ, ਬੀ. ਸੀ.

ਜੇ ਤੁਸੀਂ ਕਾਰ ਜਾਂ ਟੈਕਸੀ ਦਾ ਲਾਈਸੈਂਸ ਲੈਣਾ ਚਾਹੁੰਦੇ ਹੋ ਜਾਂ ਹੋਰ ਜਾਣਕਾਰੀ ਲੈਣਾ ਚਾਹੁੰਦੇ ਹੋ ਤਾਂ ਫੋਨ ਕਰੋ :

**ਫ਼ੋਨ : 872-7375**



## DOSANJH & PIRANI

**#202 - 5887 Victoria Drive, Vancouver, B.C. V5P 3W5**

**Phone 327-6381**

● ਪਰਸਨਲ ਸੱਟਾਂ ਦੀ ਇਨਸ਼ੋਰੈਂਸ ਦੇ ਕੇਸ ● ਜ਼ਮੀਨ ਖ੍ਰੀਦਣ ਤੇ ਵੇਚਣ ਦੇ ਕਾਗਜ਼ਾਤ
● ਵਿਉਪਾਰਕ ਮਸਲੇ ● ਪ੍ਰਵਾਰ ਤੇ ਤਲਾਕ ● ਫੌਜਦਾਰੀ ਤੇ ਸਿਵਲ ● ਕੋਰਟ ਟਰਾਇਲ

### ਉੱਜਲ ਦੁਸਾਂਝ ਤੇ ਮਹਿਬੂਬ ਪਿਰਾਨੀ

## ਮਾਨੋਚਾਹਲ ਦੇ ਅਸਤੀਫੇ ਪਿਛੋਂ ਪੰਥਕ ਕਮੇਟੀ ਵਿਚ ਤ੍ਰੇੜਾਂ

ਅੰਮ੍ਰਿਤਸਰ — ਬਾਬਾ ਗੁਰਬਚਨ ਸਿੰਘ ਮਾਨੋਚਾਹਲ ਵਲੋਂ ਪੰਜ ਮੈਂਬਰੀ ਪੰਥਕ ਕਮੇਟੀ ਤੋਂ ਅਸਤੀਫਾ ਦੇਣ ਪਿਛੋਂ ਕਮੇਟੀ ਵਿਚ ਤਰੇੜਾਂ ਆਉਣੀਆਂ ਸ਼ੁਰੂ ਹੋ ਗਈਆਂ ਹਨ। ਬਾਬਾ ਮਾਨੋਚਾਹਲ ਕਿਸੇ ਸਮੇਂ ਅਕਾਲ ਤਖਤ ਦੇ ਐਕਟਿੰਗ ਜੱਥੇਦਾਰ ਵੀ ਸਨ। ਇਥੇ ਆਪਣੇ ਦਸਖਤਾਂ ਹੇਠ ਜਾਰੀ ਇਕ ਬਿਆਨ ਵਿਚ ਬਾਬਾ ਮਾਨੋਚਾਹਲ ਨੇ ਪੰਥਕ ਕਮੇਟੀ ਵਿਚ ਵੱਧ ਰਹੀ ਧੜੇਬੰਦੀ ਉਤੇ ਨਾਰਾਜ਼ਗੀ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਕਿਹਾ ਕਿ ਮੈਂ ਪੰਥਕ ਕਮੇਟੀ ਤੋਂ ਇਸ ਲਈ ਅਸਤੀਫਾ ਦਿੱਤਾ ਕਿ ਜੱਥੇਬੰਦੀ ਇਕਮੁੱਠ ਹੋ ਕੇ ਕੰਮ ਨਹੀਂ ਸੀ ਕਰ ਰਹੀ ਸਗੋਂ ਇਹ ਗਰੁੱਪਾਂ ਵਿਚ ਵੰਡੀ ਹੋਈ ਸੀ ਤੇ ਹਰੇਕ ਗਰੁੱਪ ਆਪਣੀ ਨੀਤੀ ਲਾਗੂ ਕਰ ਰਿਹਾ ਸੀ।

ਉਨ੍ਹਾਂ ਕਿਹਾ ਕਿ ਜੁਝਾਰੂ ਧੜਿਆਂ ਵਿਚ ਜ਼ਾਬਤੇ ਵਾਲੀ ਕੋਈ ਗੱਲ ਨਹੀਂ ਰਹਿ ਗਈ। ਉਹ ਇਕ ਦੂਜੇ ਨੂੰ ਨੁਕਸਾਨ ਕਰਨ ਉਤੇ ਲੱਗੇ ਹੋਏ ਹਨ। ਕਈ ਵਾਰ ਇਕ ਗਰੁੱਪ ਦੂਜੇ ਗਰੁੱਪ ਦੇ ਬੰਦਿਆਂ ਨੂੰ 'ਖਤਮ' ਕਰ ਦਿੰਦਾ ਹੈ ਅਤੇ ਜਾਂ ਫਿਰ ਗ੍ਰਿਫਤਾਰ ਕਰਵਾਉਂਦਾ ਹੈ। ਬਾਬਾ ਮਾਨੋਚਾਹਲ ਨੇ ਕਿਹਾ ਕਿ ਸਾਨੂੰ ਸਾਰੇ ਝਗੜੇ ਮਿਟਾ ਕੇ ਇਕ ਪਲੇਟਫਾਰਮ ਉਤੇ ਇਕੱਠੇ ਹੋਣਾ ਚਾਹੀਦਾ ਹੈ। ਸਾਨੂੰ ਕੋਈ ਗੁਰਮਤਾ ਸੋਧਣਾ ਚਾਹੀਦਾ ਹੈ। ਜੁਝਾਰੂ ਜਥੇਬੰਦੀਆਂ ਨੂੰ ਕੋਈ ਉਸਾਰੂ ਪਰੋਗਰਾਮ ਕਰਨਾ ਚਾਹੀਦਾ ਹੈ ਤਾਂ ਜੋ ਪੰਥ ਦੀ ਸ਼ਾਨ ਵਿਚ ਵਾਧਾ ਹੋਏ। ਪ੍ਰੈਸ ਨੋਟ ਉਤੇ ਕੋਈ ਤਰੀਕ ਨਹੀਂ ਦੱਸੀ ਗਈ। ਸਿਰਫ ਇਸੇ ਗੱਲ ਦੀ ਹੀ ਪੁਸ਼ਟੀ ਹੁੰਦੀ ਹੈ ਕਿ ਖਾੜਕੂ ਅਨਸਰ ਇਸ ਸਮੇਂ ਅੰਦਰੂਨੀ ਜੰਗ ਵਿਚ ਉਲਝੇ ਹੋਏ ਹਨ। ਚੇਤੇ ਰਹੇ ਕਿ ਬਾਬਾ ਗੁਰਬਚਨ ਸਿੰਘ ਦੀ ਪੁਲੀਸ ਭਾਲ ਕਰ ਰਹੀ ਹੈ ਕਿਉਂਕਿ ਉਨ੍ਹਾਂ ਨੇ ਪਿਛਲੇ ਸਾਲ 29 ਅਪਰੈਲ ਨੂੰ 'ਖਾਲਿਸਤਾਨ' ਦਾ ਐਲਾਨ ਕੀਤਾ ਸੀ।

- ਸੱਭ ਤੋਂ ਲੰਬੇ ਨੱਕ ਵਾਲਾ : ਪਾਰਕ ਸ਼ਹਿਰ 'ਚ ਟਾਮਸ ਵੇਡਰਸ ਨਾਮਕ ਵਿਅਕਤੀ ਦਾ ਨੱਕ ਪੂਰੇ ਸਾਢੇ ਸੱਤ ਇੰਚ ਦਾ ਸੀ। ਉਸ ਦੀ ਨੱਕ ਉਸਦੇ ਲਲਾਟ (ਮਥੇ ਦੇ ਵਿਚਕਾਰ) ਤੋਂ ਸ਼ੁਰੂ ਹੋ ਕੇ ਉਸਦੇ ਬੁਲ੍ਹਾਂ ਦੇ ਸਮਾਨੰਤਰ ਸਮਾਪਤ ਹੁੰਦੀ ਸੀ। ਉਸਨੇ ਆਪਣੀ ਨੱਕ ਦੇ ਪ੍ਰਦਰਸ਼ਨ ਤੋਂ ਬਹੁਤ ਪੈਸਾ ਅਤੇ ਨਾਂ ਕਮਾਇਆ।

- ਸੱਭ ਤੋਂ ਲੰਬੇ ਨੌਹ : ਦਿੱਲੀ ਦੇ ਸ੍ਰੀ ਰਮੇਸ਼ ਸ਼ਰਮਾ ਨੇ ਆਪਣੇ ਹੱਥਾਂ ਦੇ ਨਹੁੰ ਸਾਢੇ 25 ਇੰਚ ਵਧਾ ਕੇ ਵਿਸ਼ਵ ਰਿਕਾਰਡ ਕਾਇਮ ਕੀਤਾ।

## ਅਵਾਕਸ ਦੇ ਮੁਕਾਬਲੇ ਲਈ ਕਦਮ ਚੁੱਕ ਰਹੇ ਹਾਂ — ਪੰਤ

ਨਵੀਂ ਦਿੱਲੀ — ਅਮਰੀਕਾ ਵਲੋਂ ਪਾਕਿਸਤਾਨ ਹਵਾਈ ਸੈਨਾ ਨੂੰ ਅਵਾਕਸ ਜਹਾਜ਼ਾਂ ਨਾਲ ਲੈਸ ਕਰਨ ਦੇ ਫੈਸਲੇ ਤੋਂ ਪੈਦਾ ਹੋਏ ਖਤਰੇ ਦਾ ਸਾਹਮਣਾ ਕਰਨ ਲਈ ਭਾਰਤ ਕਦਮ ਚੁੱਕ ਰਿਹਾ ਹੈ ਅਤੇ ਇਸ ਦੇ ਵੱਖ ਵੱਖ ਪੱਖਾਂ ਉਤੇ ਵਿਚਾਰ ਕਰ ਰਿਹਾ ਹੈ। ਰੱਖਿਆ ਮੰਤਰੀ ਕੇ. ਸੀ. ਪੰਤ ਨੇ ਆਪਣੇ ਮੰਤਰਾਲੇ ਬਾਰੇ ਕੰਮਕਾਜ 'ਤੇ ਦੋ ਰੋਜ਼ਾ ਬਹਿਸ ਦਾ ਜਵਾਬ ਦਿੰਦਿਆਂ ਲੋਕ ਸਭਾ ਵਿਚ ਇਹ ਜਾਣਕਾਰੀ ਦਿੱਤੀ ਤੇ ਇਨ੍ਹਾਂ ਖਬਰਾਂ ਉਤੇ ਚਿੰਤਾ ਪ੍ਰਗਟ ਕੀਤੀ ਕਿ ਅਮਰੀਕੀ ਅਵਾਕਸ ਪਾਕਿਸਤਾਨ ਨੂੰ ਪੱਟੇ ਉਤੇ ਦਿੱਤੇ ਜਾਣਗੇ। ਉਨ੍ਹਾਂ ਕਿਹਾ ਕਿ ਅਮਰੀਕਾ ਕਹਿ ਤਾਂ ਇਹ ਰਿਹਾ ਹੈ ਕਿ ਅਵਾਕਸ ਪਾਕਿਸਤਾਨ ਨੂੰ ਇਸ ਲਈ ਦਿੱਤੇ ਜਾ ਰਹੇ ਹਨ ਤਾਂ ਜੋ ਉਹ ਅਫਗਾਨ ਹੱਦ ਵਲੋਂ ਪੇਸ਼ ਖਤਰੇ ਦਾ ਸਾਹਮਣਾ ਕਰ ਸਕੇ ਪਰ ਦੋਵਾਂ ਦੇਸ਼ਾਂ ਦੀ ਭੂਗੋਲਿਕ ਸਥਿਤੀ ਹੀ ਇਸ ਤਰ੍ਹਾਂ ਦੀ ਹੈ ਕਿ ਖੁਦ "ਗਰਾਊਂਡ ਰਡਾਰ" ਹੀ ਹਵਾਈ ਉਡਾਣਾਂ ਬਾਰੇ ਸੂਹ ਲਾ ਸਕਦੇ ਹਨ। ਇਸ ਲਈ ਇਹ ਜਹਾਜ਼ ਭਾਰਤ ਵਿਰੁੱਧ ਹੀ ਵਰਤੇ ਜਾਣੇ ਹਨ।

ਅਮਰੀਕਾ ਵਲੋਂ ਪਾਕਿਸਤਾਨ ਨੂੰ ਹਾਲ ਵਿਚ ਹੀ ਦਿੱਤੀ 170 ਕਰੋੜ ਡਾਲਰ ਦੀ ਫੌਜੀ ਸਹਾਇਤਾ ਦਾ ਜ਼ਿਕਰ ਕਰਦਿਆਂ ਸ੍ਰੀ ਪੰਤ ਨੇ ਕਿਹਾ ਕਿ ਭਾਰਤ ਇਸ ਖਤਰੇ ਨੂੰ ਖਾਮੋਸ਼ ਰਹਿ ਕੇ ਨਹੀਂ ਵੇਖ ਸਕਦਾ। ਉਨ੍ਹਾਂ ਕਿਹਾ ਕਿ ਸਾਨੂੰ ਇਸ ਸਬੰਧ ਵਿਚ ਕਦਮ ਪੁੱਟਣੇ ਪੈਣਗੇ ਨਹੀਂ ਤਾਂ ਅਸੀਂ ਅਵੇਸਲੇ ਹੋ ਕੇ ਨੁਕਸਾਨ ਵਾਲੀ ਸਥਿਤੀ ਵਿਚ ਸੁੱਟੇ ਜਾਵਾਂਗੇ। ਸ੍ਰੀ ਪੰਤ ਨੇ ਕਿਹਾ ਕਿ ਪਾਕਿਸਤਾਨ ਨੇ ਭਾਰਤ ਖਿਲਾਫ ਕਿਸੇ ਵੀ ਹਥਿਆਰ ਵਰਤਣ ਤੋਂ ਸੰਕੋਚ ਨਹੀਂ ਕੀਤਾ ਅਤੇ ਜੇਕਰ 'ਅਵਾਕਸ' ਜਹਾਜ਼ ਭਾਰਤੀ ਸਰਹੱਦ ਉਤੇ ਤੈਨਾਤ ਕੀਤੇ ਗਏ ਤਾਂ ਇਹ ਸਾਡੇ ਮੁਲਕ ਦੇ ਧੁਰ ਅੰਦਰ ਤਕ ਹਵਾਈ ਉੜਾਣਾਂ ਉਤੇ ਨਿਗਾਹ ਰੱਖ ਸਕਦੇ ਹਨ।

ਉਨ੍ਹਾਂ ਕਿਹਾ ਕਿ ਅਵਾਕਸ ਜਹਾਜ਼ ਸੂਹ ਲਾਉਣ ਵਾਲੇ ਕੋਈ ਸਾਧਾਰਨ ਜਹਾਜ਼ ਨਹੀਂ ਹਨ। ਇਹ ਇਕ ਹਥਿਆਰਾਂ ਦਾ ਮੁਕੰਮਲ ਸਿਸਟਮ ਹੈ ਜਿਸ ਦੀ ਸਹਾਇਤਾ ਨਾਲ ਨਿਸ਼ਾਨੇ 'ਤੇ ਸਹੀ ਮਾਰ ਕੀਤੀ ਜਾ ਸਕਦੀ ਹੈ। ਮੰਤਰੀ ਨੇ ਕਿਹਾ ਕਿ ਪਾਕਿਸਤਾਨ ਦੇ ਲੋਕਾਂ ਨੂੰ ਵੀ ਚਾਹੀਦਾ ਹੈ ਕਿ ਉਹ ਵਿਦੇਸ਼ੀ ਪਾਇਲਟਾਂ ਨੂੰ ਆਪਣੀ ਧਰਤੀ ਉਤੇ ਅਵਾਕਸ ਜਹਾਜ਼ਾਂ ਦੀ ਵਰਤੋਂ ਦੀ ਇਜ਼ਾਜਤ ਤੋਂ ਪੈਦਾ ਹੋਣ ਵਾਲੇ ਸਿੱਟਿਆਂ ਤੋਂ ਜਾਣੂ ਹੋਣ।

## ਰੋਪੜ ਦੇ 24 ਨੌਜਵਾਨਾਂ ਵਿਰੁੱਧ ਅਤਿਵਾਦੀਆਂ ਨੂੰ ਸ਼ਹਿ ਦੇਣ ਦਾ ਕੇਸ

ਮੋਰਿੰਡਾ — ਜ਼ਿਲਾ ਰੋਪੜ ਪੁਲਿਸ ਨੇ ਅਤਿਵਾਦੀਆਂ ਨੂੰ ਸ਼ਰਨ ਦੇਣ ਅਤੇ ਨਜਾਇਜ਼ ਅਸਲਾ ਰੱਖਣ ਦੇ ਦੋਸ਼ ਵਿਚ ਯੂਥ ਅਕਾਲੀ ਦਲ ਪੰਜਾਬ ਦੇ ਪ੍ਰਧਾਨ ਸ਼ੇਰ ਸਿੰਘ ਝੁੰਮਛੇੜੀ, ਬਾਦਲ ਅਕਾਲੀ ਵਿਧਾਇਕ ਬਚਿੱਤਰ ਸਿੰਘ ਪਡਿਆਲਾ ਦੇ ਪੁੱਤਰ ਤੇਜਬੀਰ ਸਿੰਘ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਅਤੇ ਸੰਯੁਕਤ ਅਕਾਲੀ ਦਲ ਦੇ 24 ਹੋਰ ਨੇਤਾਵਾਂ ਅਤੇ ਵਰਕਰਾਂ ਵਿਰੁੱਧ ਕੇਸ ਦਰਜ ਕੀਤੇ ਹਨ। ਇਸ ਗੱਲ ਦੀ ਜਾਣਕਾਰੀ ਇਥੇ ਫੈਡਰੇਸ਼ਨ ਦੀ ਰੋਪੜ ਇਕਾਈ ਦੇ ਜਨਰਲ ਸਕੱਤਰ ਸੁਰਿੰਦਰ ਸਿੰਘ ਕਿਸ਼ਨਪੁਰਾ ਨੇ ਦਿੱਤੀ। ਉਨ੍ਹਾਂ ਕਿਹਾ ਕਿ ਜਿਹੜਾ ਨਵਾਂ ਕੇਸ 24 ਯੁਵਕਾਂ ਵਿਰੁੱਧ ਦਰਜ ਕੀਤਾ ਹੈ ਉਨ੍ਹਾਂ ਵਿਚ ਬਹੁਤੇ ਪੁਲੀਸ ਦੀ ਨਜਾਇਜ਼ ਹਿਰਾਸਤ ਵਿਚ ਹਨ ਅਤੇ ਉਨ੍ਹਾਂ ਦੇ ਮਾਪਿਆਂ ਨੇ ਯੁਵਕਾਂ ਨੂੰ ਪੇਸ਼ ਕਰਨ ਲਈ ਅਦਾਲਤਾਂ ਵਿਚ ਅਰਜ਼ੀਆਂ ਦਿੱਤੀਆਂ ਹੋਈਆਂ ਹਨ। ਪਰ ਪੁਲਸ ਯੁਵਕਾਂ ਨੂੰ ਅਦਾਲਤਾਂ ਵਿਚ ਪੇਸ਼ ਕਰਨ ਲਈ ਤਿਆਰ ਨਹੀਂ।

ਜਿਨ੍ਹਾਂ ਵਿਰੁੱਧ ਤਾਜ਼ਾ ਕੇਸ ਦਹਿਸ਼ਤਪਸੰਦਾਂ ਨੂੰ ਪਨਾਹ ਦੇਣ ਅਤੇ ਨਜਾਇਜ਼ ਅਸਲਾ ਰੱਖਣ ਦਾ ਦਰਜ ਕੀਤਾ ਹੈ, ਉਨ੍ਹਾਂ 'ਚੋਂ ਬਹੁਤੇ ਪਹਿਲਾਂ ਹੀ ਜੇਲ੍ਹਾਂ ਵਿਚ ਬੰਦ ਹਨ ਜਿਵੇਂ ਕਿ ਗੁਰਵਿੰਦਰ ਸਿੰਘ ਉਰਫ ਬੱਗਾ, ਦਲਜੀਤ ਸਿੰਘ ਘੜੂੰਆਂ, ਤੇਜਬੀਰ ਸਿੰਘ, ਪ੍ਰਿਤਪਾਲ ਸਿੰਘ, ਹਰਮੀਤ ਸਿੰਘ, ਕੁਲਵਿੰਦਰ ਸਿੰਘ।

ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਕਾਰਜਕਾਰੀ ਪ੍ਰਧਾਨ ਸੁਰਿੰਦਰ ਸਿੰਘ ਕਿਸ਼ਨਪੁਰਾ, ਜਗਤਾਰ ਸਿੰਘ ਪਜੋਲਾ, ਅਵਤਾਰ ਸਿੰਘ ਹਵੇਲੀ, ਸੁਰਜੀਤ ਸਿੰਘ ਸਲੋਰਾ, ਦਲਜੀਤ ਸਿੰਘ ਪਥਰੇੜੀ, ਮਲਕੀਤ ਖਾਨ, ਬਲਦੇਵ ਸਿੰਘ, ਪ੍ਰਿਤਪਾਲ ਸਿੰਘ (ਹਨੀ), ਜਸਮੇਰ ਸਿੰਘ ਚੈੜੀਆਂ, ਅਮਰਜੀਤ ਸਿੰਘ ਖੇੜੀ, ਦਵਿੰਦਰ ਸਿੰਘ ਖੇੜੀ, ਰਾਜਿੰਦਰ ਸਿੰਘ ਰੰਗੀਆਂ, ਮੇਜਰ ਸਿੰਘ ਰਤਨਗੜ੍ਹ, ਬਲਵਿੰਦਰ ਸਿੰਘ ਜਟਾਣਾ, ਜਸਬੀਰ ਸਿੰਘ ਲਾਲੀ ਵਾਸੀ ਸਿਕਰੀ ਜ਼ਿਲਾ ਹੁਸ਼ਿਆਰਪੁਰ, ਭੁਪਿੰਦਰ ਸਿੰਘ ਹਰਿਆਣਾ (ਹੁਸ਼ਿਆਰਪੁਰ) ਵੀ ਉਨ੍ਹਾਂ ਵਿਚ ਸ਼ਾਮਲ ਹਨ ਜਿਨ੍ਹਾਂ ਵਿਰੁੱਧ ਕੇਸ ਪਾਇਆ ਗਿਆ ਹੈ।

ਇਸ ਦੌਰਾਨ ਪਤਾ ਲੱਗਿਆ ਹੈ ਕਿ ਰੋਪੜ ਜ਼ਿਲਾ ਪੁਲੀਸ ਇਨ੍ਹਾਂ ਯੁਵਕਾਂ ਨੂੰ ਗ੍ਰਿਫਤਾਰ ਕਰਨ ਲਈ ਅਗਲੇ ਕੁਝ ਦਿਨਾਂ ਵਿਚ ਜ਼ਿਲੇ ਭਰ ਵਿਚ ਛਾਪੇ ਮਾਰ ਮੁਹਿਮ ਸ਼ੁਰੂ ਕਰਨ ਬਾਰੇ ਸੋਚ ਰਹੀ ਹੈ।


ਫਾਰਮ ਵਰਕਰਾਂ ਦੀ ਲੋੜ!

ਫਾਰਮਾਂ ਵਿਚ ਕੰਮ ਕਰਨ ਵਾਲੇ ਵਰਕਰਾਂ ਦੀ ਲੋੜ ਹੈ। ਸਾਡੇ ਕੋਲ ਬਹੁਤ ਸਾਰਾ ਘੰਟਿਆਂ ਦਾ ਕੰਮ ਹੈ ਤੇ ਬਹੁਤ ਵਧੀਆ ਪਹਿਲੇ ਸਾਲ ਦੀ ਸਟਰਾਅਬੇਰੀ, ਬਹੁਤ ਵਧੀਆ ਰਸ ਬੇਰੀ, ਬਲੂ ਬੇਰੀ, ਸਪਰੋਟ ਤੇ ਸਬਜ਼ੀਆਂ ਦਾ ਕੰਮ ਹੈ।

ਇਸ ਸਾਲ ਸਟਰਾਅ ਬੇਰੀ ਅਤੇ ਰਸ ਬੇਰੀ $2.75 ਪ੍ਰਤੀ ਫਲੈਟ ਅਤੇ $4.00 ਘੰਟੇ ਦੇ ਦਿਆਂਗੇ

- ਕੀਤੇ ਕੰਮ ਦੇ ਪੈਸੇ ਅਤੇ ਸਟੈਂਪਾਂ ਦਿੱਤੀਆਂ ਜਾਣਗੀਆਂ
- ਕੰਮ ਕਰਨ ਵਾਲਿਆਂ ਨੂੰ ਘਰੋਂ ਲਿਜਾਣ ਤੇ ਛੱਡਣ ਦਾ ਪ੍ਰਬੰਧ ਹੋਵੇਗਾ।

ਹੋਰ ਜਾਣਕਾਰੀ ਲਈ ਫ਼ੋਨ ਕਰੋ :

ਰਣਜੀਤ ਸਿੰਘ ਗਿੱਲ — 596-1843



Dunhill Travel LTD.
ਡਨਹਿਲ ਟਰੈਵਲ ਲਿਮ:
10 East Broadway, Vancouver, B.C., V5T 1V6
Phone [604] 875-9121
ATAC

ਆਥੋਰਾਈਜ਼ਡ ਟਿਕਟ ਏਜੰਟ (Authorized Ticket Agents)
Singapore Airlines
ਸਿੰਗਾਪੁਰ ਏਅਰਲਾਈਨਜ਼ 'ਤੇ ਸਫ਼ਰ ਕਰੋ
ਦਿੱਲੀ, ਬੰਬਈ, ਮਦਰਾਸ, ਕਲਕੱਤਾ, ਢਾਕਾ, ਕਰਾਚੀ

PAN AM
New flights on PANAM
VIA LONDON TO DELHI
ਪੈਨਐਮ ਦੀਆਂ ਨਵੀਆਂ ਉਡਾਣਾਂ
ਲੰਡਨ ਤੋਂ ਦਿੱਲੀ

IATA
GABA TRAVELS
6612 Main St., Vancouver, B.C.
Ph. 324-3336
PAN AM ਦੀਆਂ ਨਵੀਆਂ ਉਡਾਣਾਂ ਬਾਰੇ ਹੋਰ ਜਾਣਕਾਰੀ ਗਾਬਾ ਟਰੈਵਲਜ਼ ਤੋਂ ਲਵੋ :
ਦਿੱਲੀ, ਬੰਬਈ, ਕਰਾਚੀ ਜਾਣ ਲਈ ਪੈਨ ਐਮ 'ਤੇ ਸਫ਼ਰ ਕਰੋ
ਦਿੱਲੀ ਜਾਣ ਲਈ ਬਹੁਤ ਘੱਟ ਕਿਰਾਏ

# INCOME TAX from $15
## ACCOUNTING

ਸਰੀ ਵਿਚ ਆਪਣੀ ਕਮਿਊਨਿਟੀ ਦਾ ਭਰੋਸੇਯੋਗ ਇਨਕਮ ਟੈਕਸ ਦੇ ਫਾਰਮ ਭਰਨ ਵਾਲਾ ਦਫਤਰ। ਮਾਂਗਟ ਹੋਰਾਂ ਦੇ 25 ਸਾਲਾਂ ਦੇ ਤਜਰਬੇ ਦਾ ਵਾਜਬ ਰੇਟ ਤੇ ਲਾਭ ਉਠਾਉ। ਦਫਤਰ ਸਾਰਾ ਸਾਲ ਖੁੱਲ੍ਹਾ ਰਹਿੰਦਾ ਹੈ।



- Income Tax
- Book-Keeping
- Accounting & Incorporation
- Insurance(Life, Sickness, Group, Travel, Visitors)

**MANGAT AGENCIES**
No. 2-7171 King George HWY
SURREY, B.C.

**C.S. Mangat**
(Ex. Bank Manager)

**594-5711 594-2254**




# 'ਕੈਨੇਡਾ ਦਰਪਣ' ਫੋਨ (604)581-4473

# I CAN HELP

I'm an Investors professional financial planner. It's my job to help you create and follow a personal financial plan.

I can help with :

- Investment Funds
- Guaranteed Investment Certificates
- Registeres Retirement Savings Plans
- Estate Planning
- Life and Disability Insurance
- Annuities



## ਮੈਂ ਤੁਹਾਡੀ ਮੱਦਦ ਕਰ ਸਕਦਾ ਹਾਂ

ਮੈਂ ਇਨਵੈਸਟਰਜ਼ ਦਾ ਪ੍ਰੋਫੈਸ਼ਨਲ ਫਾਈਨੈਂਨਸ਼ਲ ਪਲੈਨਰ ਹਾਂ। ਮੇਰਾ ਕੰਮ ਤੁਹਾਡੇ ਜ਼ਾਤੀ ਫਾਈਨੈਂਨਸ਼ਲ ਪਲੈਨ ਵਿਚ ਮੱਦਦ ਕਰਨਾ ਹੈ। ਮੈਂ ਤੁਹਾਨੂੰ ਇਨ੍ਹਾਂ ਬਾਰੇ ਸਲਾਹ ਦੇ ਸਕਦਾ ਹਾਂ !

- ਇਨਵੈਸਟਮੈਂਟ ਫੰਡਜ਼
- ਗਰੰਟੀਡ ਇਨਵੈਸਟਮੈਂਟ ਸਰਟੀਫੀਕੇਟ
- ਰਜਿਸਟਰਡ ਰੀਟਾਇਰਮੈਂਟ ਸੇਵਿੰਗਜ਼ ਪਲੈਨ
- ਇਸਟੇਟ ਪਲੈਨਿੰਗ
- ਜੀਵਨ ਬੀਮਾ ਤੇ ਦੁਰਘਟਨਾ ਬੀਮਾ
- ਐਨੀਉਟੀਜ਼

**Hardial Sidhu (Dale)**
**Tel: Bus. 682-5431**

*Investors* SYNDICATE LIMITED
MAIN FL., 789 WEST PENDER STREET / VANCOUVER, B.C. V6C 1H2 TELEPHONE BUS. 682-5431

**ਹਰਦਿਆਲ ਸਿੱਧੂ (ਡੇਲ)**
**Res: 591-2697**

FOR ANYTHING AND EVERYTHING FOR YOUR MARRIAGE NEEDS DON'T MISS TO VISIT YOUR OWN SHOP

WE LEAD OTHERS FOLLOW

# BRIDE & GROOM SHOP

Contact : Sukhdev S. Saini **Ph. (604) 324-5662**



- WEDDING ACCESSORIES ■ WEDDING CAKES
- WEDDING INIVITATIONS ■ CAKE ORNAMENTS
- CAR DECORATIONS ■ WEDDING FLOWERS
- GIFTS AND ALLIED ITEMS, etc.



*Limousine Service* [Daily or Hourly]



LADIES TAILOR FOR PUNJABI SUITS, SARI BLOUSES & DRESSES

**206 East 49th Ave. (at Main St.) Vancouver, B.C.**

# Success Through Service & Experience

**AWARD WINNER**

OF THE MEDALLION CLUB, MEMBER OF THE I.C.I. DIVISION OF THE REAL ESTATE BOARD OF GREATER VANCOUVER IN BUSINESS SINCE 1971

**For Professional Market Evaluation or Consultation**

**Without any obligation, contact**

Buying, Selling or Trading

ਮਕਾਨ ਵੇਚਣ ਜਾਂ ਖ੍ਰੀਦਣ ਲਈ ਸਾਡੇ ਨਾਲ ਸੰਪਰਕ ਪੈਦਾ ਕਰੋ

**Ph. Bus: 437-9431 Res: 434-4660**

## UNITED REALTY LTD.

2443 Kingsway, Vancouver, B.C. V5R 5G8



**Ajaib S. Janda**

# ਆਹ! ਗਿਆਨੀ ਬਿਸ਼ਨ ਸਿੰਘ ਜੀ ਰੋਡੇ



ਇਹ ਖਬਰ ਬਹੁਤ ਦੁਖ ਨਾਲ ਦਿੱਤੀ ਜਾਂਦੀ ਹੈ ਕਿ ਇਕ ਮਹਾਨ ਪੰਥਕ ਸੇਵਾਦਾਰ ਗਿਆਨੀ ਬਿਸ਼ਨ ਸਿੰਘ ਜੀ ਪਿੰਡ ਰੋਡੇ, ਜ਼ਿਲਾ ਫਰੀਦਕੋਟ ਨੂੰ 20 ਅਪ੍ਰੈਲ, 1987 ਦੀ ਰਾਤ ਨੂੰ ਦੋ ਅਣਪਛਾਤੇ ਨੌਜੁਆਨਾਂ ਨੇ ਗੋਲੀ ਮਾਰ ਕੇ ਸ਼ਹੀਦ ਕਰ ਦਿਤੇ। ਗਿਆਨੀ ਜੀ ਦਾ ਕੇਵਲ ਇਹ ਕਸੂਰ ਸੀ ਕਿ ਉਨ੍ਹਾਂ ਨੇ 14 ਅਪਰੈਲ, 1987 ਨੂੰ ਵਿਸਾਖੀ ਦੇ ਮੌਕੇ ਉਪਰ ਗੁਰਦੁਆਰਾ ਸਾਹਿਬ ਵਿਖੇ ਆਪਣੇ ਵਿਚਾਰ ਦੱਸਦਿਆਂ ਕਿਹਾ ਸੀ ਕਿ ਬਿਨਾਂ ਕਿਸੇ ਕਸੂਰ ਦੇ ਆਮ ਸ਼ਹਿਰੀਆਂ ਨੂੰ ਬੱਸਾਂ ਵਿਚੋਂ ਉਤਾਰ ਕੇ ਮਾਰ ਦੇਣਾ ਗੁਰੂ ਦੇ ਸਿੰਘਾਂ ਦਾ ਕੰਮ ਨਹੀਂ ਹੁੰਦਾ। ਇਸ ਤਰ੍ਹਾਂ ਦੀਆਂ ਕਾਰਵਾਈਆਂ ਹੀ ਸਾਰੀ ਸਿਖ ਕੌਮ ਦਾ ਨਾਮ ਨੀਵਾਂ ਕਰ ਰਹੀਆਂ ਹਨ। ਫਿਰ ਉਨ੍ਹਾਂ ਅਖੌਤੀ ਸਿੰਘਾਂ ਅਤੇ ਦਿੱਲੀ ਵਿਚ ਸਿੱਖਾਂ ਦਾ ਕਤਲ ਕਰਨ ਵਾਲੇ ਲੋਕਾਂ ਵਿਚ ਕੀ ਫਰਕ ਹੋਇਆ ? ਇਹ ਸੱਚੀ ਆਵਾਜ਼ ਗਿਆਨੀ ਬਿਸ਼ਨ ਸਿੰਘ ਜੀ ਨੇ ਉਠਾਈ, ਜਿਸ ਦੀ ਪ੍ਰੋੜ੍ਹਤਾ ਬਾਦ ਵਿਚ ਬਾਬਾ ਜੋਗਿੰਦਰ ਸਿੰਘ ਜੀ ਨੇ ਆਪ ਵੀ ਭਰੇ ਦੀਵਾਨ ਵਿਚ ਕੀਤੀ। ਬਾਬਾ ਜੀ ਗਿਆਨੀ ਜੀ ਦੇ ਪਰਮ ਮਿਤਰਾਂ ਵਿਚੋਂ ਇਕ ਹਨ।

ਗਿਆਨੀ ਬਿਸ਼ਨ ਸਿੰਘ ਜੀ ਦਾ ਜਨਮ 15 ਜੂਨ, 1920 ਨੂੰ ਪਿੰਡ ਰੋਡੇ ਵਿਖੇ ਜਥੇਦਾਰ ਰਤਨ ਸਿੰਘ ਜੀ ਦੇ ਘਰ ਹੋਇਆ। ਅਜੇ ਆਪ ਦੀ ਉਮਰ ਛੋਟੀ ਹੀ ਸੀ ਕਿ ਮਾਤਾ ਜੀ ਚਲਾਣਾ ਕਰ ਗਏ ਅਤੇ ਪਿਤਾ ਜੀ (ਜਥੇਦਾਰ ਰਤਨ ਸਿੰਘ) ਨੂੰ ਜੈਤੋ ਦੇ ਮੋਰਚੇ ਵਿਚ ਰਾਸ਼ਨ ਸੁਟਣ ਤੇ 7 ਸਾਲ ਦੀ ਕੈਦ ਹੋ ਗਈ। ਬਚਪਨ ਦਾ ਪਾਲਣ ਪੋਸਣ ਮਾਮਾ ਜੀ ਤੇ ਮਾਮੀ ਜੀ ਨੇ ਕੀਤਾ। ਆਪ ਜੀ ਨੇ ਮੁਢਲੀ ਸਿਖਿਆ ਸੰਤ ਅਰਜਨ ਸਿੰਘ ਜੀ ਪਿੰਡ ਰੋਡੇ ਤੋਂ ਲਈ। ਉਨ੍ਹਾਂ ਦਾ ਉਸ ਸਮੇਂ ਇਥੇ ਬਹੁਤ ਵੱਡਾ ਪਾਠਸ਼ਾਲਾ ਸੀ। ਆਪ ਜੀ ਨੇ ਗੁਰਬਾਣੀ ਦੀ ਵਿਆਖਿਆ ਅਤੇ ਗੁਰਬਾਣੀ ਸੰਗੀਤ ਦੀ ਸਿੱਖਿਆ ਜੱਥੇ ਵਿਚ ਰਹਿਕੇ ਗਿਆਨੀ ਗੁਰਬਚਨ ਸਿੰਘ ਜੀ ਭਿੰਡਰਾਂਵਾਲਿਆਂ ਦੀ ਸਰਪ੍ਰਸਤੀ ਹੇਠਾਂ ਪ੍ਰਾਪਤ ਕੀਤੀ। ਆਪ ਕਈ ਕਈ ਮਹੀਨੇ ਉਨ੍ਹਾਂ ਨਾਲ ਕੀਰਤਨ ਪ੍ਰਵਾਹ ਅਤੇ ਅੰਮ੍ਰਿਤਪਾਨ ਕਰਵਾਉਣ ਲਈ ਚਲੇ ਜਾਂਦੇ ਸਨ।

ਆਪ ਜੀ ਨੂੰ 20 ਮਾਰਚ, 1950 ਨੂੰ ਛੇ ਮਹੀਨੇ ਦੀ ਸਜਾ ਹੋਈ ਜਦ ਕਿ ਪਟਿਆਲਾ ਅਤੇ ਪੂਰਬੀ ਪੰਜਾਬ ਰਿਆਸਤੀ ਯੂਨੀਅਨ ਅੰਦਰ ਸਰਦਾਰ ਪਟੇਲ ਵਲੋਂ ਪੰਚਾਇਤੀ ਰਾਜ ਦੇ ਅਸੂਲਾਂ ਅਤੇ ਰਿਆਸਤੀ ਜਨਤਾ ਦੇ ਜਮਾਂਦਰੂ ਅਧਿਕਾਰਾਂ ਨੂੰ ਕੁਚਲ ਕੇ ਬਣਾਈ ਹੋਈ ਰਜਵਾੜਾ ਸ਼ਾਹੀ "ਝੋਲੀ ਚੁਕ ਵਜ਼ਾਰਤ" ਨੂੰ ਤੋੜਨ ਲਈ ਇਕ ਜਥੇ ਦੀ ਅਗਵਾਈ ਕਰਕੇ ਮੁਜ਼ਾਹਰਾ ਕੀਤਾ। ਦਸੰਬਰ 1950 ਨੂੰ ਇਕ ਜਥੇ ਦੀ ਅਗਵਾਈ ਕਰਕੇ ਜਲੂਸ ਕੱਢਿਆ ਅਤੇ ਧਾਰਾ 24 ਪੈਪਸੂ ਅਧੀਨ ਦੋ ਸਾਲ ਦੀ ਕੈਦ ਹੋਈ ਜੋ ਫਿਰੋਜ਼ਪੁਰ ਅਤੇ ਮੁਹਿੰਦਰਗੜ ਜੇਲ੍ਹਾਂ ਵਿਚ ਬਿਤਾਈ। 4 ਜੂਨ, 1955 ਨੂੰ ਇਕ ਕਾਨਫਰੰਸ ਵਿਚ ਐਂਟੀ ਗੌਰਮਿੰਟ ਬਿਆਨ ਦੇਣ ਤੇ ਇਕ ਸਾਲ ਦੀ ਕੈਦ ਹੋਈ। ਇਸ ਤੋਂ ਬਿਨਾਂ ਪੰਜਾਬੀ ਸੂਬਾ ਲਹਿਰ ਵਿਚ ਕੁਲ ਮਿਲਾ ਕੇ ਸਾਢੇ ਪੰਜ ਸਾਲ ਕੈਦ ਹੋਈ।

ਇੰਦਰਾ ਗਾਂਧੀ ਦੇ ਐਮਰਜੈਂਸੀ ਲਾਉਣ ਉਪਰੰਤ ਡੇਢ ਸਾਲ ਕੈਦ ਵਿਚ ਰਹੇ। 1982 ਤੋਂ 1984 ਤਕ ਧਰਮ ਯੁੱਧ ਮੋਰਚੇ ਵਿਚ ਤਿੰਨ ਵਾਰ ਜੇਲ੍ਹ ਗਏ। ਐਸਾ ਕੁਰਬਾਨੀਆਂ ਭਰਿਆ ਜੀਵਨ ਸੀ ਗਿਆਨੀ ਬਿਸ਼ਨ ਸਿੰਘ ਜੀ ਦਾ। ਆਪ ਗੁਰਬਾਣੀ ਦੀ ਵਿਆਖਿਆ ਅਤੇ ਗੁਰਬਾਣੀ ਦਾ ਕੀਰਤਨ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਕਰਦੇ ਸਨ। ਸੱਚੀ ਸੱਚੀ ਗੱਲ ਕਹਿਣੋਂ ਕਦੇ ਵੀ ਨਹੀਂ ਸਨ ਝਿਜਕਦੇ। ਆਪ ਵਿਚ ਗੁਰਸਿੱਖੀ ਲਈ ਪਿਆਰ ਅਤੇ ਪੰਥ ਲਈ ਦਰਦ ਕੁਟ ਕੁਟ ਕੇ ਭਰਿਆ ਹੋਇਆ ਸੀ। ਆਪ ਥੋੜਾ ਸਮਾਂ ਹੀ ਕੈਨੇਡਾ ਵਿਚ ਰਹੇ, ਪਰ ਜਿਥੇ ਜਿਥੇ ਵੀ ਗਏ ਆਪਣੇ ਸੱਚੇ ਅਤੇ ਸੁੱਚੇ ਜੀਵਨ ਦਾ ਪ੍ਰਭਾਵ ਸੰਗਤਾਂ ਵਿਚ ਵੰਡਦੇ ਗਏ।

ਕੁਝ ਘਰੇਲੂ ਕੰਮਾਂ ਕਰਕੇ 1 ਅਪਰੈਲ, 1987 ਨੂੰ ਕੈਨੇਡਾ ਤੋਂ ਪਿੰਡ ਪਹੁੰਚੇ। ਬਾਬਾ ਜੋਗਿੰਦਰ ਸਿੰਘ ਜੀ ਦੇ ਕਹਿਣ ਉਪਰ ਪਿੰਡ ਰੋਡੇ ਵਿਖੇ ਵਿਸਾਖੀ ਦੇ ਮੌਕੇ 'ਤੇ ਭੁਲੜ ਸਿਖ ਨੌਜੁਆਨਾਂ ਨੂੰ ਕੌਮ ਦੀ ਹੇਠੀ ਕਰਨ ਵਾਲੇ ਕੰਮਾਂ ਤੋਂ ਵਰਜਿਆ ਅਤੇ ਸਿੱਖੀ ਸਿਧਾਂਤਾਂ ਉਪਰ ਚਲਣ ਲਈ ਪ੍ਰੇਰਨਾ ਦਿੱਤੀ। 20 ਅਪਰੈਲ, 1987 ਦੀ ਰਾਤ ਨੂੰ ਘਰ ਦੇ ਦਰਵਾਜ਼ੇ ਤੇ ਹੀ ਗੋਲੀਆਂ ਮਾਰ ਕੇ ਦੋ ਅਣਪਛਾਤੇ ਨੌਜੁਆਨਾਂ ਨੇ ਸ਼ਹੀਦ ਕਰ ਦਿਤੇ। ਇਸ ਹੋਏ ਜ਼ੁਲਮ ਦੀ ਸਾਰੇ ਪੰਥਕ ਨੇਤਾਵਾਂ ਨੇ ਨਿਖੇਧੀ ਕੀਤੀ ਹੈ।

ਗਿਆਨੀ ਬਿਸ਼ਨ ਸਿੰਘ ਜੀ ਆਪਣੇ ਪਿਛੇ ਆਪਣੀ ਸੁਪਤਨੀ, ਚਾਰ ਪੁੱਤਰ ਅਤੇ ਇਕ ਪੁਤਰੀ ਛੱਡ ਗਏ ਹਨ। 30 ਅਪਰੈਲ ਨੂੰ ਪਿੰਡ ਰੋਡੇ ਵਿਖੇ ਗਿਆਨੀ ਜੀ ਦੀ ਯਾਦ ਵਿਚ ਭੋਗ ਪਾਏ ਗਏ। ਗਿਆਨੀ ਜੀ ਦੇ ਦੋ ਪੁੱਤਰ ਕੈਲਗਰੀ, ਕੈਨੇਡਾ ਵਿਚ ਹਨ। **ਇਥੇ ਕੈਲਗਰੀ ਕੈਨੇਡਾ ਵਿਖੇ 16 ਮਈ, 1987 ਦਿਨ ਸ਼ਨਿਚਰਵਾਰ ਨੂੰ ਉਨ੍ਹਾਂ ਦੀ ਯਾਦ ਵਿਚ ਸਹਿਜ ਪਾਠ ਦੇ ਭੋਗ ਪਾਏ ਜਾ ਰਹੇ ਹਨ।**

# ਪੰਜਾਬ ਨੂੰ ਛੇਤੀ ਹੀ 6 ਖੰਡ ਮਿਲਾਂ ਹੋਰ

ਚੰਡੀਗੜ੍ਹ — ਪੰਜਾਬ ਨੂੰ ਛੇਤੀ ਹੀ ਛੇ ਹੋਰ ਖੰਡ ਮਿਲਾਂ ਮਿਲ ਜਾਣਗੀਆਂ। ਇਸ ਬਾਰੇ ਅੰਤਮ ਫੈਸਲਾ ਲੈਣ ਲਈ ਛੇਤੀ ਹੀ ਦਿੱਲੀ ਵਿਚ ਇਕ ਉਚ ਪੱਧਰੀ ਬੈਠਕ ਹੋ ਰਹੀ ਹੈ। ਸਰਕਾਰੀ ਬੁਲਾਰੇ ਅਨੁਸਾਰ ਦਿੱਲੀ ਵਿਚ ਖੰਡ ਮਿਲਾਂ ਬਾਰੇ ਲਾਇਸੈਂਸਿੰਗ ਕਮੇਟੀ ਦੀ ਇਕ ਮੀਟਿੰਗ ਹੋਈ। ਮੀਟਿੰਗ ਵਿਚ ਵਿੱਤ ਕਮਿਸ਼ਨਰ (ਵਿਕਾਸ) ਸ੍ਰੀ ਐਮ. ਐਸ. ਗਿੱਲ, ਸ਼ੂਗਰਫੈਡ ਦੇ ਸੀਨੀਅਰ ਅਧਿਕਾਰੀਆਂ ਅਤੇ ਕੇਂਦਰੀ ਅਧਿਕਾਰੀਆਂ ਨੇ ਮੀਟਿੰਗ ਵਿਚ ਹਿਸਾ ਲਿਆ। ਮੀਟਿੰਗ ਵਿਚ ਕਮੇਟੀ ਨੇ ਸਹਿਮਤੀ ਦਿੱਤੀ ਕਿ ਨਵੀਆਂ ਮਿਲਾਂ ਦੀ ਪ੍ਰਗਤੀ ਮਿਲ ਗੰਨਾ ਪੀੜਨ ਦੀ ਸਮਰੱਥਾ 2500 ਟਨ ਪ੍ਰਤੀ ਦਿਨ ਹੋਵੇਗੀ। ਨਵਾਂ ਸ਼ਹਿਰ ਮਿਲ ਦੀ ਪੜਾਈ ਸਮਰੱਥਾ 1200 ਟਨ ਤੋਂ ਵਧਾ ਕੇ 2500 ਟਨ ਪ੍ਰਤੀ ਦਿਨ ਹੋ ਗਈ ਹੈ।

# ਫਿਰਕੂ ਫਸਾਦਾਂ 'ਚ 696 ਕਰੋੜ ਦੀ ਹਾਨੀ

ਨਵੀਂ ਦਿਲੀ — ਲੋਕ ਸਭਾ ਵਿਚ ਪੇਸ਼ ਹੋਈ ਲਿਖਤੀ ਰਿਪੋਰਟ ਅਨੁਸਾਰ ਪਿਛਲੇ ਇਕ ਸਾਲ ਅੰਦਰ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿਚ ਹੋਏ ਫਿਰਕੂ ਫਸਾਦਾਂ ਦੌਰਾਨ 83 ਬੰਦੇ ਮਾਰੇ ਗਏ ਤੇ 690 ਕਰੋੜ ਰੁਪੈ ਦੀ ਜਾਇਦਾਦ ਤਬਾਹ ਹੋਈ

# ਪੰਜਾਬ ਨੂੰ ਤਰਜੀਹ ਦੇਵੋ : ਸੰਸਦ ਮੈਂਬਰਾਂ ਦੀ ਮੰਗ

ਨਵੀਂ ਦਿੱਲੀ —ਕਈ ਵਿਰੋਧੀ ਸੰਸਦ ਮੈਂਬਰਾਂ ਨੇ ਮੰਗ ਕੀਤੀ ਹੈ ਕਿ ਕੇਂਦਰ ਸਰਕਾਰ ਪੰਜਾਬ ਸਮੱਸਿਆ ਨੂੰ ਮੁੱਖ ਤਰਜੀਹ ਦੇਵੇ ਅਤੇ ਦਹਿਸ਼ਤਪਸੰਦਾਨਾ ਹਿੰਸਾ ਤੇ ਵੱਖਵਾਦੀ ਤਾਕਤਾਂ ਨੂੰ ਸਖਤੀ ਨਾਲ ਕੁਚਲੇ ਨਹੀਂ ਤਾਂ ਰਾਜ ਦੀ ਸਥਿਤੀ ਵਿਚ ਹੋਰ ਨਿਘਾਰ ਆਵੇਗਾ ਅਤੇ ਇਹ ਪੂਰੇ ਦੇਸ਼ ਲਈ ਤਬਾਹਕੁਨ ਸਾਬਤ ਹੋਵੇਗੀ। ਇਥੇ ਕੇਂਦਰੀ ਗ੍ਰਹਿ ਮੰਤਰਾਲੇ ਦੀ ਸੰਸਦੀ ਸਲਾਹਕਾਰ ਕਮੇਟੀ ਦੀ ਮੀਟਿੰਗ ਵਿਚ ਭਾਗ ਲੈਂਦਿਆਂ ਇਨ੍ਹਾਂ ਸੰਸਦ ਮੈਂਬਰਾਂ ਨੇ ਕਿਹਾ ਕਿ ਪੰਜਾਬ ਇਕ ਕੌਮੀ ਸਮੱਸਿਆ ਬਣ ਚੁੱਕਾ ਹੈ ਅਤੇ ਇਸ ਦਾ ਹੱਲ ਵੀ ਕੌਮੀ ਪੱਧਰ 'ਤੇ ਕੀਤਾ ਜਾਣਾ ਚਾਹੀਦਾ ਹੈ।

ਇਕ ਸੰਸਦ ਮੈਂਬਰ ਦੀ ਤਾਂ ਇਹ ਰਾਏ ਸੀ ਕਿ ਦੇਸ਼ ਦੀਆ ਸਾਰੀਆਂ ਸੂਬਾਈ ਰਾਜਧਾਨੀਆਂ ਵਿਚ ਪੰਜਾਬ ਦਿਹਾੜਾ ਮਨਾਇਆ ਜਾਣਾ ਚਾਹੀਦਾ ਹੈ ਤਾਂ ਜੋ ਪੰਜਾਬ ਸਮੱਸਿਆ ਵੱਲ ਲੋਕਾਂ ਦਾ ਧਿਆਨ ਕੇਂਦ੍ਰਿਤ ਕੀਤਾ ਜਾ ਸਕੇ ਅਤੇ ਫਿਰਕਾਪ੍ਰਸਤੀ, ਵੱਖਵਾਦ ਤੇ ਇੰਤਹਾਪਸੰਦੀ ਵਿਰੁੱਧ ਜਨਤਕ ਰਾਏ ਨੂੰ ਲਾਮਬੰਦ ਕੀਤਾ ਜਾ ਸਕੇ। ਇਕ ਹੋਰ ਮੈਂਬਰ ਦਾ ਕਹਿਣਾ ਸੀ ਕਿ ਸਰਕਾਰ ਤੇ ਵਿਰੋਧੀ ਪਾਰਟੀਆਂ ਵਲੋਂ ਸਾਂਝੇ ਤੌਰ 'ਤੇ ਸ਼ੁਰੂ ਕੀਤੀ ਸਾਂਝੀ ਐਕਸ਼ਨ ਪਲੈਨ ਦੇ ਸ਼ਹਿਰਾਂ ਵਿਚ ਨਤੀਜੇ ਚੰਗੇ ਰਹੇ ਹਨ ਅਤੇ ਇਸ ਪਲੈਨ ਨੂੰ ਹੁਣ ਪਿੰਡਾਂ ਤੱਕ ਫੈਲਾਇਆ ਜਾਣਾ ਚਾਹੀਦਾ ਹੈ। ਮੀਟਿੰਗ ਦੀ ਪ੍ਰਧਾਨਗੀ ਕਰਨ ਵਾਲੇ ਕੇਂਦਰੀ ਗ੍ਰਹਿ ਮੰਤਰੀ ਬੂਟਾ ਸਿੰਘ ਨੇ ਇਸ ਸੁਝਾਅ ਪ੍ਰਤੀ ਹਾਮੀ ਭਰੀ।

**ਸਖਤੀ ਦਾ ਸੁਝਾਅ :** ਭਾਜਪਾ ਨੇਤਾ ਲਾਲ ਕ੍ਰਿਸ਼ਨ ਅਡਵਾਨੀ ਨੇ ਕਿਹਾ ਕਿ ਪੰਜਾਬ ਮਸਲਾ ਨਾ ਤਾਂ ਅਮਨ-ਕਾਨੂੰਨ ਦਾ ਮਸਲਾ ਹੈ ਅਤੇ ਨਾ ਹੀ ਸਿਆਸੀ। ਇਹ ਤਾਂ ਖਾੜਕੂ ਅਨਸਰਾਂ ਦਾ ਵਿਦਰੋਹ ਹੈ ਅਤੇ ਇਸ ਨੂੰ ਸਖਤੀ ਨਾਲ ਦਬਾਇਆ ਜਾਣਾ ਚਾਹੀਦਾ ਹੈ। ਮੀਟਿੰਗ ਵਿਚ ਹੋਏ ਵਿਚਾਰ-ਵਟਾਂਦਰੇ ਦਾ ਜਵਾਬ ਦਿੰਦਿਆਂ ਸ੍ਰੀ ਬੂਟਾ ਸਿੰਘ ਨੇ ਦਾਅਵਾ ਕੀਤਾ ਕਿ ਪੰਜਾਬ ਸਮਝੌਤੇ ਨੂੰ ਅਮਲੀ ਰੂਪ ਦੇਣ ਲਈ ਕਈ ਕਦਮ ਉਠਾਏ ਗਏ ਹਨ। ਉਨ੍ਹਾਂ ਸਰਕਾਰ ਦੇ ਇਸ ਦਾਅਵੇ ਨੂੰ ਦੁਹਰਾਇਆ ਕਿ ਪੰਜਾਬ ਸਮਝੌਤੇ ਦੀਆਂ 11 ਮੱਦਾਂ ਵਿਚੋਂ 8 'ਤੇ ਅਮਲ ਹੋ ਚੁੱਕਾ ਹੈ ਅਤੇ ਬਾਕੀ ਤਿੰਨ ਮੱਦਾਂ 'ਤੇ ਅਮਲ ਦੇ ਯਤਨ ਜਾਰੀ ਹਨ। ਉਨ੍ਹਾਂ ਕਿਹਾ ਕਿ ਜਿਥੋਂ ਤੱਕ ਇਲਾਕਿਆਂ ਦੇ ਤਬਾਦਲੇ ਤੇ ਪਾਣੀ ਦੀ ਵੰਡ ਦੇ ਵਿਵਾਦਾਂ ਦੇ ਹੱਲ ਦਾ ਸਵਾਲ ਹੈ, ਇਹ ਹੱਲ ਸਬੰਧਤ ਰਾਜਾਂ ਵਿਚਾਲੇ ਕੋਈ ਸਮਝੌਤਾ ਸਿਰੇ ਨਾ ਚੜ੍ਹਨ ਕਾਰਨ ਪਛੜ ਰਿਹਾ ਹੈ। ਉਨ੍ਹਾਂ ਨੇ ਮੈਂਬਰਾਂ ਨੂੰ ਭਰੋਸਾ ਦਿਤਾ ਕਿ ਸਰਕਾਰ ਸਾਰੇ ਗੁੰਝਲਦਾਰ ਮਸਲਿਆਂ ਨੂੰ ਨਜਿੱਠਣ ਲਈ ਜ਼ੋਰਦਾਰ ਕੋਸ਼ਿਸ਼ਾਂ ਕਰ ਰਹੀ ਹੈ ਅਤੇ ਕਰਦੀ ਰਹੇਗੀ।

**ਨਜ਼ਰਬੰਦਾਂ ਦੇ ਕੇਸਾਂ 'ਤੇ ਨਜ਼ਰਸਾਨੀ :** ਜੋਧਪੁਰ ਦੇ ਨਜ਼ਰਬੰਦਾਂ ਦੀ ਰਿਹਾਈ ਦੀ ਮੰਗ ਦੇ ਜਵਾਬ ਵਿਚ ਗ੍ਰਹਿ ਮੰਤਰੀ ਨੇ ਕਿਹਾ ਕਿ ਸਰਕਾਰ ਨੇ ਉਨ੍ਹਾਂ ਦੇ ਕੇਸਾਂ 'ਤੇ ਨਜ਼ਰਸਾਨੀ ਦਾ ਹੁਕਮ ਦਿੱਤਾ ਹੈ। ਅਪਰੇਸ਼ਨ ਬਲਿਊ ਸਟਾਰ ਮਗਰੋਂ ਹਿਰਾਸਤ ਵਿਚ ਲਏ ਬਹੁਤੇ ਬੰਦੇ ਛੱਡੇ ਜਾ ਚੁੱਕੇ ਹਨ। ਉਨ੍ਹਾਂ ਅੰਕੜੇ ਦਿੰਦਿਆਂ ਕਿਹਾ ਕਿ ਅਪਰੇਸ਼ਨ ਦੌਰਾਨ ਦਰਬਾਰ ਸਾਹਿਬ ਕੰਪਲੈਕਸ ਵਿਚੋਂ 1592 ਬੰਦੇ ਹਿਰਾਸਤ ਵਿਚ ਲਏ ਗਏ। ਫੌਜ ਵਲੋਂ ਜਾਂਚ ਕੀਤੇ ਜਾਣ ਬਾਅਦ 480 ਨੂੰ ਜੋਧਪੁਰ ਜੇਲ੍ਹ ਵਿਚ ਭੇਜਿਆ ਗਿਆ ਅਤੇ ਬਾਕੀਆਂ ਨੂੰ ਛੱਡ ਦਿੱਤਾ ਗਿਆ। ਬਾਅਦ ਵਿਚ ਸੀ. ਬੀ. ਆਈ. ਵਲੋਂ ਨਜ਼ਰਸਾਨੀ ਕੀਤੇ ਜਾਣ ਮਗਰੋਂ ਕੁਝ ਹੋਰ ਬੰਦੇ ਰਿਹਾਅ ਕੀਤੇ ਗਏ ਅਤੇ ਜੋਧਪੁਰ ਜੇਲ੍ਹ ਵਿਚ 382 ਨਜ਼ਰਬੰਦ ਰਹਿ ਗਏ ਜਿਨ੍ਹਾਂ ਵਿਚੋਂ ਤਿੰਨਾਂ ਦੀ ਮੌਤ ਹੋ ਚੁੱਕੀ ਹੈ। ਇਸ ਵੇਲੇ ਜੇਲ੍ਹ ਵਿਚ 366 ਨਜ਼ਰਬੰਦ ਹਨ ਕਿਉਂਕਿ 13 ਨਜ਼ਰਬੰਦਾਂ ਨੂੰ ਗਲਤੀ ਨਾਲ ਰਿਹਾਅ ਕਰ ਦਿੱਤਾ ਗਿਆ ਸੀ। ਸਰਕਾਰ ਨੇ ਇਸ ਮਾਮਲੇ ਵਿਚ ਜੇਲ੍ਹ ਅਧਿਕਾਰੀਆਂ ਨੂੰ ਚਾਰਜਸ਼ੀਟ ਕੀਤਾ ਹੈ।

ਸ੍ਰੀ ਬੂਟਾ ਸਿੰਘ ਨੇ ਦਾਅਵਾ ਕੀਤਾ ਕਿ ਜਸਟਿਸ ਰੰਗਨਾਥ ਮਿਸ਼ਰਾ ਕਮਿਸ਼ਨ ਦੀਆਂ ਸਿਫਾਰਸ਼ਾਂ 'ਤੇ ਅਮਲ ਕੀਤਾ ਜਾ ਰਿਹਾ ਹੈ। ਮੀਟਿੰਗ ਵਿਚ ਭਾਗ ਲੈਣ ਵਾਲਿਆਂ ਵਿਚ ਸ੍ਰੀ ਸਮਰ ਮੁਖਰਜੀ (ਸੀ. ਪੀ. ਐਮ.), ਸ੍ਰੀ ਨਾਰਾਇਣ ਚੌਬੇ (ਸੀ. ਪੀ. ਆਈ.), ਸ੍ਰੀ ਅਮਲ ਰਾਏ (ਫਾਰਵਰਡ ਬਲਾਕ) ਤੇ ਸ੍ਰੀ ਪੀ. ਕੇ. ਬਾਂਸਲ (ਕਾਂਗਰਸ-ਆਈ) ਸ਼ਾਮਲ ਸਨ।

ਮੀਟਿੰਗ ਵਿਚ ਗੋਰਖਾਲੈਂਡ ਦੀ ਮੰਗ 'ਤੇ ਵੀ ਵਿਚਾਰ ਕੀਤਾ ਗਿਆ।


## ਫਾਰਮ ਵਰਕਰਾਂ ਦੀ ਲੋੜ ਹੈ

ਫੋਰਟ ਲੈਂਗਲੀ 'ਚ ਸਥਿਤ ਫਾਰਮ'ਚ ਕੰਮ ਸ਼ੁਰੂ ਹੈ। ਘਰੋਂ ਚੁੱਕਣ ਅਤੇ ਛੱਡਣ ਦਾ ਪੂਰਾ ਪ੍ਰਬੰਧ ਹੈ। ਕੀਤੇ ਕੰਮ ਦੀ ਵਧੀਆ ਤਨਖਾਹ ਅਤੇ ਸਟੈਂਪਾਂ ਦਿੱਤੀਆਂ ਜਾਣਗੀਆਂ। ਅੱਜ ਹੀ ਕੰਮ ਸ਼ੁਰੂ ਕਰਨ ਲਈ ਫੋਨ ਕਰੋ:

ਜਸਮਿੰਦਰ ਸਿੰਘ ਘੁਮਾਣ 591-9459 ਜਾਂ
ਜੋਗਿੰਦਰ ਸਿੰਘ ਗਿੱਲ (ਕੌਂਕੇ) 590-1438

ਸਾਨੂੰ ਦੋ ਵੈਨ ਡਰਾਈਵਰਾਂ ਦੀ ਵੀ ਲੋੜ ਹੈ।

## • ਇਨਸ਼ੋਰੈਂਸ •

- ਘਰਾਂ ਦੀ ਇਨਸ਼ੋਰੈਂਸ - ਬਹੁਤ ਹੀ ਘੱਟ ਰੇਟ
- ਲਾਈਫ ਤੇ ਸਿਕਨੈੱਸ ਇਨਸ਼ੋਰੈਂਸ
- ਵਿਜ਼ਟਰ ਇਨਸ਼ੋਰੈਂਸ
- ਬਿਜਨੈਸ ਇਨਸ਼ੋਰੈਂਸ ਤੇ ਆਟੋ

6415 MAIN ST. (at 48 Ave.)
VANCOUVER, B.C.
Off: & Res: 325-4744

## ਪੀ. ਨਰਵਾਲ ਐਂਡ ਕੰ:

### ਇਮੀਗਰੇਸ਼ਨ ਸਲਾਹਕਾਰ
ਤੇ ਹੋਰ ਸੇਵਾਵਾਂ

- ਬੱਚੇ ਦਾ ਅਡਾਪਟ (ਗੋਦ ਲੈਣਾ)
- ਇੰਡੀਆ ਦੇ ਕਾਨੂੰਨਾਂ ਬਾਰੇ ਜਾਣਕਾਰੀ ਤੇ ਸਲਾਹ
- ਰਿਸ਼ਤੇਦਾਰ ਦੀ ਚਿੱਠੀ ਕਰਨੀ
- ਇਮੀਗਰੇਸ਼ਨ ਅਪੀਲ ਬੋਰਡ ਵਿਚ ਅਪੀਲ ਕਰਨੀ ਜਾਂ ਪੈਰਵਾਈ

## ਪ੍ਰਿਤਪਾਲ ਸਿੰਘ ਨਰਵਾਲ
### ਨੋਟਰੀ ਪਬਲਿਕ

ਬੀ. ਏ. (ਪੰਜਾਬ) ਐਲ. ਐਲ. ਬੀ. (ਹਰਿਆਣਾ
ਸਾਬਕਾ ਐਡਵੋਕੇਟ ਤੇ ਓਥ ਕਮਿਸ਼ਨਰ
ਹੇਠ ਲਿਖੇ ਤਸੱਲੀਬਖਸ਼ ਕੰਮ ਕੀਤੇ ਜਾਂਦੇ ਹਨ:

- ਘਰ ਵੇਚਣ ਤੇ ਖਰੀਦਣ ਦੇ ਕਾਗਜ਼ ਤਿਆਰ ਕਰਨੇ
- ਮੌਰਗੇਜ ਸੰਬੰਧੀ ਹਰ ਤਰ੍ਹਾਂ ਦੇ ਕਾਗਜ਼ ਤਿਆਰ ਕਰਨੇ
- ਲੀਜ਼ ਦੇ ਕਾਂਟ੍ਰੈਕਟ ਬਣਾਉਣੇ
- ਹਲਫੀਆ ਬਿਆਨ ਲੈਣੇ
- ਪਾਸਪੋਰਟ ਜਾਂ ਫੋਟੋ ਅਟੈਸਟ ਕਰਨੀਆਂ
- ਕਮਰਸ਼ੀਅਲ ਕਨਟਰੈਕਟ ਬਣਾਉਣੇ
- ਮੁਖਤਿਆਰਨਾਮੇ ਤਿਆਰ ਕਰਨੇ
- ਵਸੀਅਤ ਆਦਿ



ਪ੍ਰਿਤਪਾਲ ਸਿੰਘ ਨਰਵਾਲ

325-4744

6415 MAIN ST. (at 48th Ave.) Or 197 E. 48th Ave.(corner of main & 48th Ave.)
Open : Monday to Friday (9 a.m. to 6 p.m.) VANCOUVER, B.C.

# ਮੁਹੱਬਤਨਾਮੇ

## ਪਰਚੇ ਦੀ ਨਵੀਂ ਦੱਖ ਸ਼ਲਾਘਾਯੋਗ

ਪਿਆਰੇ ਦੋਸਤ ਦਰਸ਼ਨ ਗਿੱਲ,

ਮਿੱਠੀਆਂ ਯਾਦਾਂ ।

'ਕੈਨੇਡਾ ਦਰਪਣ'ਲਗਾਤਾਰ ਮਿਲੀ ਜਾਂਦਾ ਹੈ,ਪਰਚਾ ਸਦਾ ਹੀ ਟਾਈਮ ਸਿਰ ਭੇਜਣ ਦਾ ਧੰਨਵਾਦ। ਪਰਚੇ ਦੀ ਨਵੀਂ ਦੱਖ ਸ਼ਲਾਘਾਯੋਗ ਹੈ । ਖਬਰਾਂ ਅਤੇ ਆਰਟੀਕਲਾਂ ਦੇ ਨਾਲ ਜੋ ਆਪ ਨੇ ਨਵੇਂ ਫੀਚਰ 'ਸਾਹਿਤ ਤੇ ਕਲਾ'ਅਤੇ 'ਧਰਮ ਅਤੇ ਫਲਸਫਾ'ਸ਼ੁਰੂ ਕੀਤੇ ਹਨ ਕਾਫੀ ਪ੍ਰਭਾਵਸ਼ਾਲੀ ਹਨ,ਇਨ੍ਹਾਂ ਫੀਚਰਾਂ ਵਿੱਚ ਲਿਖੀਆਂ ਲਿਖਤਾਂ ਕਾਫੀ ਉਚ ਪੱਧਰ ਦੀਆਂ ਹੁੰਦੀਆਂ ਹਨ,ਇਨ੍ਹਾਂ ਦਾ ਮਿਆਰ ਉਚਾ ਹੀ ਰੱਖਣਾ ।

ਆਪਣੇ ਨਵੇਂ ਛਪ ਰਹੇ ਕਹਾਣੀ ਸੰਗ੍ਰਹਿ "ਖਿੜੀਆਂ"ਵਿਚੋਂ ਇਕ ਕਹਾਣੀ "ਕੈਨੇਡਾ ਦਰਪਣ" ਲਈ ਭੇਜ ਰਿਹਾ ਹਾਂ । ਛਾਪ ਲੈਣਾ ।

ਆਮੀਨ

ਜਸਪਾਲ ਸਿੰਘ ਸੂਸ

ਯੂਬਾ ਸਿਟੀ (U.S.A)

## ਧੰਨਵਾਦ!

ਪਿਆਰੇ ਗਿੱਲ ਸਾਹਿਬ,

ਸਤਿ ਸ੍ਰੀ ਅਕਾਲ

ਪਹਿਲਾਂ ਵਾਲੀਆਂ ਸੂਚਨਾਵਾਂ ਛਾਪਣ ਲਈ ਧੰਨਵਾਦੀ ਹਾਂ ।

ਤੁਹਾਡੀ ਸੇਵਾ ਵਿਚ ਆਪਣੀਆਂ ਲਿਖੀਆਂ ਤਿੰਨ ਕਵਿਤਾਵਾਂ ਭੇਜ ਰਿਹਾ ਹਾਂ। ਉਮੀਦ ਕਰਦਾ ਹਾਂ ਕਿ 'ਕੈਨੇਡਾ ਦਰਪਣ' ਵਿਚ ਇਨ੍ਹਾਂ ਨੂੰ ਛਾਪ ਕਿ ਧੰਨਵਾਦੀ ਬਣਾਉਗੇ। ਕਵਿਤਾਵਾਂ ਦੇ ਨਾਮ ਇਸ ਪ੍ਰਕਾਰ ਹਨ।

(1) ਸ਼ਰਧਾ ਦੇ ਫੁੱਲ
(2) ਤੇਰੀ ਕਹਾਣੀ
(3) ਖਾਲਸੇ ਦਾ ਜਨਮ

ਜੇਕਰ ਇਹ ਤਿੰਨੇ ਕਵਿਤਾਵਾਂ ਇੱਕ ਹੀ ਪਰਚੇ ਵਿੱਚ ਛਪ ਸਕਣ ਤਾਂ ਬਹੁਤ ਹੀ ਮਿਹਰਬਾਨੀ ਹੋਵੇਗੀ ।

ਤੁਹਾਡਾ ਹਿਤੂ

ਕੁਲਵੰਤ ਢਾਲਾ

## ਸਿਹਤਮੰਦ ਤਬਦੀਲੀਆਂ

ਅਪਰੈਲ 7,1987.

ਡੀਅਰ ਦਰਸ਼ਨ:

ਯਾਦ!

ਕੈਨੇਡਾ ਦਰਪਣਲਈ ਇੱਕ ਨਵੀਂ ਨਜ਼ਮ ਭੇਜ ਰਿਹਾ ਹਾਂ। ਪਰੂਫ ਰੀਡਿੰਗ ਕਰਨ ਵੇਲੇ,ਨਜ਼ਮ 'ਹੁਣ ਮੈਂ ਦਰਸ਼ਕ ਨਹੀਂ'ਦੀਆਂ ਕੁਝ ਲਗਾਂ ਮਾਤਰਾਂ ਦੀ ਤਬਦੀਲੀ ਹੋ ਜਾਣ ਨਾਲ ਹੀ ਸਾਰੀ ਨਜ਼ਮ ਦੇ ਅਰਥ ਬਦਲ ਗਏ ਹਨ

ਕੈਨੇਡਾ ਦੇ ਸਾਹਿਤਕ,ਸਭਿਆਚਾਰਕ ਅਤੇ ਸਮਾਜਿਕ ਮਾਹੌਲ ਵਿੱਚ ਕਾਫੀ ਸਿਹਤਮੰਦ ਤਬਦੀਲੀਆਂ ਵਾਪਰ ਰਹੀਆਂ ਹਨ । ਉਮੀਦ ਹੈ ਲੇਖਕ ਕਾਨਫਰੰਸ ਤੱਕ ਮਾਹੌਲ ਕਾਫੀ ਖੁਸ਼ਗਵਾਰ ਹੋ ਜਾਵੇਗਾ ।

ਤੁਹਾਡਾ

ਸੁਖਿੰਦਰ

# 'ਕੈਨੇਡਾ ਦਰਪਣ' ਸਦਾ ਚੜ੍ਹਦੀਆਂ ਕਲਾਂ ਵਿੱਚ

ਪਿਆਰੇ ਵੀਰ ਦਰਸ਼ਨ ਗਿੱਲ ਜੀਓ

ਨਿੱਘੀਆਂ ਯਾਦਾਂ ।

ਪੰਝੀ ਡਾਲਰ 'ਕੈਨੇਡਾ ਦਰਪਣ' ਦੀ ਸਹਾਇਤਾ ਵਜੋਂ ਭੇਜ ਰਿਹਾ ਹਾਂ,ਪਰਵਾਨ ਕਰਨੇ । ਮੇਰੇ ਇੱਕ ਸੁਹਿਰਦ ਸਾਹਿਤਕਾਰ ਮਿੱਤਰ ਦਾ ਕੈਲੇਫੋਰਨੀਆ ਤੋਂ ਪੱਤਰ ਪ੍ਰਾਪਤ ਹੋਇਆ ਹੈ,'ਕੈਨੇਡਾ ਦਰਪਣ'ਲਈ ਜਿਸਦੇ ਦਿਲ ਵਿਚ ਅਥਾਹ ਪਿਆਰ ਹੈ ਉਸਦੇ ਪੱਤਰ ਵਿਚੋਂ ਕੁਝ ਸੱਤਰਾਂ ਹਾਜ਼ਰ ਹਨ ।

"ਚਮਨ ਜੀ,ਹੱਥ ਜੋੜ ਕੇ ਬੇਨਤੀ ਕੀਤੀ ਸੀ ਕਿ 'ਕੈਨੇਡਾ ਦਰਪਣ' ਨੂੰ ਕੁਝ ਲਿਖਤਾਂ ਜਾਂ ਕੋਈ ਕਹਾਣੀ ਭੇਜੋ ਪਰ ਆਪ ਨੇ ਨਹੀਂ ਭੇਜੀਆਂ ਚਲੋ ਆਪ ਦੀ ਮਰਜ਼ੀ । ਨੌਰਥ ਅਮਰੀਕਾ ਵਿਚੋਂ ਛਪ ਰਹੀਆਂ ਅਖਬਾਰਾਂ ਵਿਚੋਂ ਜੇ ਕੋਈ ਸੱਚ ਅਤੇ ਇਮਾਨਦਾਰੀ ਨਾਲ ਲਿਖਦਾ ਹੈ ਤਾਂ 'ਕੈਨੇਡਾ ਦਰਪਣ'ਹੈ । ਸਾਡਾ ਸਭ ਸਾਹਿਤਕਾਰਾਂ ਦਾ ਫਰਜ਼ ਬਣਦਾ ਹੈ ਕਿ ਉਸ ਪਰਚੇ ਦੀ ਜਿੰਨੀ ਵੀ ਹੋ ਸਕੇ ਕਲਮ ਰਾਹੀਂ ਮੱਦਦ ਕਰੀਏ ਨਾ ਕਿ ਫੁੱਟ ਪਾਊ ਅਤੇ ਧਰਮਾਂ ਦੇ ਨਾਂ ਥੱਲੇ ਨਫਰਤ ਫੈਲਾਉਣ ਵਾਲੇ ਪਰਚਿਆਂ ਨਾਲ ਜੁੜੀਏ ।"

ਗਿੱਲ ਸਾਹਿਬ ! ਮੈਂ ਮਨੁੱਖਤਾ ਦਾ ਪੁਜਾਰੀ ਹਾਂ,ਸੱਚ ਦਾ ਉਪਾਸ਼ਕ ਹਾਂ,ਨਿੱਤ ਸਰਬੱਤ ਦੇ ਭਲੇ ਲਈ ਅਰਦਾਸ਼ ਕਰਦਾ ਹਾਂ ਤੇ ਕਿਸੇ ਦੀ ਨਿੰਦਿਆ ਕਰਨਾ ਮੇਰੇ ਜੀਵਨ ਦਾ ਲਕਸ਼ ਨਹੀਂ ਹੈ। ਮਿੱਤਰ ਸਾਹਿਤਕਾਰ ਦੇ ਉਪਰੋਕਤ ਕਹੇ ਬੋਲਾਂ ਨੂੰ ਸੱਚ ਜਾਣਕੇ ਪਰਵਾਨ ਕਰਦਾ ਹਾਂ ਅਤੇ ਉਸਦੇ ਹੁਕਮ ਅਨੁਸਾਰ 'ਕੈਨੇਡਾ ਦਰਪਣ' ਲਈ 4 ਗਜ਼ਲਾਂ ਭੇਜ ਰਿਹਾ ਹਾਂ ਤੇ ਅੱਗੋਂ ਲਈ ਕਲਮੀ ਸੇਵਾ ਜਾਰੀ ਰੱਖਣ ਦੀ ਪੂਰੀ ਪੂਰੀ ਕੋਸ਼ਿਸ਼ ਕਰਾਂਗਾ ।

ਬਾਕੀ ਪੰਨਾ 13 'ਤੇ

ਆਪਣੇ ਵਪਾਰ ਵਿਚ ਵਾਧਾ ਕਰਨ ਲਈ ਇਕੋ ਇੱਕ ਨਾਂ ਯਾਦ ਰੱਖੋ 'ਕੈਨੇਡਾ ਦਰਪਣ'

ਰਾਜੀਵ-ਜ਼ੈਲ ਸਿੰਘ ਵਿਵਾਦ ਅਗਲੇ ਦਿਨਾਂ 'ਚ ਹੋਰ ਭੜਕੇਗਾ -ਖਬਰ



ਕਿਉਂ ਕੋਇਲੇ ਪਾਉਣ ਦਾ ਠੇਕਾ ਕਿਸੇ ਇਮਾਨਦਾਰ ਕੰਪਨੀ ਨੇ ਲੈ ਲਿਆ ਹੈ?


**A.M.C. Carpet Ltd.**

Unit 8 - 12950 - 80th Ave. Surrey, B.C.

Carpet-Vinyl-Hardwood All Popular Brands Supplied & Installed

ਕਿਸੇ ਵੀ ਪ੍ਰਕਾਰ ਦਾ ਕਾਰਪੇਟ ਜਾਂ Lino ਨਵੇਂ ਜਾਂ ਪੁਰਾਣੇ ਘਰ ਵਿਚ ਪਵਾਉਣਾ ਹੋਵੇ, ਸਾਡੀਆਂ ਕੀਮਤਾਂ ਦੂਸਰੇ ਸਟੋਰਾਂ ਨਾਲੋਂ ਘੱਟ ਹਨ, ਪੂਰੇ ਕੰਮ ਦੀ ਗਰੰਟੀ ਹੈ

Free Estimate —
ਨਵੇਂ ਜਾਂ ਪੁਰਾਣੇ ਘਰ ਲਈ ਸਾਨੂੰ ਫੋਨ ਕਰੋ :
Phone for appointment



AMARJIT SINGH CHAHAL

Off. 594-6141
Res. 594-7595 Pager 680-0214



**Clearbrook Photographic Arts Inc.**

By: Andrew W.R. Simpson ਕਲੀਅਰਬਰੁੱਕ ਫ਼ੋਟੋ ਗਰਾਫਰਜ਼

For
*A Lifetime of Memories*



Ph. 859-4222 or 859-1046

ਆਪਣੀ ਜ਼ਿੰਦਗੀ ਦੀਆਂ ਸੁਹਾਵਣੀਆਂ ਘੜੀਆਂ ਨੂੰ ਅਮਰ ਬਣਾਉਣ ਲਈ ਕਲੀਅਰਬਰੁੱਕ ਫੋਟੋ ਗਰਾਫਰਜ਼ ਕੋਲੋਂ ਫੋਟੋ ਖਿਚਵਾਓ!

In The Cedar Park Shopping Centre,
CLEARBROOK, B.C. V2J 3S4


## 'ਕੈਨੇਡਾ ਦਰਪਣ' ਦੇ ਚੰਦੇ ਦਾ ਫਾਰਮ

## SUBSCRIPTION FORM

To The Canada Darpan
P.O.BOX 265
Surrey, B.C.
Canada, V3T 4W8
Ph. 581-4473

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name.........................................
Address.......................................
City..........................................
Province......................................
Postal code...................................
PHONE.

| | |
|---|---|
| One Year .................. | 25 dollars |
| Two Year .................. | 45 dollars |
| Three year ................ | 65 dollars |
| Life membership.......... | 300 dollars |
| ASIA....................... | 100 dollars[a year] |
| U.S.A. .................... | 30 dollars [a year] |
| Europe .................... | 100 dollars[a year] |
| Africa .................... | 100 dollars [a year] |

# ਪੰਜਾਬ ਰਾਜਨੀਤੀ — ਨਵੇਂ ਮੋੜ

**ਪ੍ਰੋ: ਪ੍ਰਿਥੀਪਾਲ ਸਿੰਘ ਸੋਹੀ**

ਰਾਜਨੀਤੀ ਵਿਚ ਬਹੁਤ ਤੇਜ਼ੀ ਨਾਲ ਨਵੇਂ ਮੋੜ ਆਉਂਦੇ ਰਹਿੰਦੇ ਹਨ, ਖਾਸ ਤੌਰ 'ਤੇ ਸਿਧਾਂਤਹੀਣ ਸੁਆਰਥੀ ਰਾਜਨੀਤੀ ਵਿਚ ਵਿਅਕਤੀਆਂ ਅਤੇ ਧੜਿਆਂ ਦੀਆਂ ਵਫਾਦਾਰੀਆਂ ਹੋਰ ਵੀ ਤੇਜ਼ ਰਫਤਾਰ ਨਾਲ ਬਦਲਦੀਆਂ ਹਨ। ਪਿਛਲੇ ਕੁਝ ਸਾਲਾਂ ਤੋਂ ਪੰਜਾਬ ਦੀ ਰਾਜਨੀਤੀ ਬਹੁਤ ਰਫਤਾਰ ਨਾਲ ਬਦਲ ਰਹੀ ਹੈ। ਇਥੋਂ ਦੀ ਪੁਰਾਣੀ ਮਜ਼ਬੂਤ ਖੇਤਰੀ ਪਾਰਟੀ ਦੇ ਧੜੇ ਅਤੇ ਗਠਜੋੜ ਆਪਣੀ ਥਾਂ ਬਦਲ ਰਹੇ ਹਨ। ਅੱਜ ਪੰਜਾਬ ਦੀ ਰਾਜਨੀਤੀ ਉਸ ਥਾਂ ਆ ਗਈ ਹੈ ਜਿਥੇ ਲਿਆਉਣ ਲਈ ਪੰਡਤ ਨਹਿਰੂ ਦੇ ਸਮੇਂ ਤੋਂ ਹੀ ਯਤਨ ਹੋ ਰਹੇ ਸਨ। ਅੱਜ ਅਕਾਲੀ ਦਲ (ਲੌਂਗੋਵਾਲ) ਕਾਂਗਰਸ ਦੇ ਕਾਫੀ ਨਜ਼ਦੀਕ ਪਹੁੰਚ ਚੁੱਕਿਆ ਹੈ। ਆਉਣ ਵਾਲੇ ਸਮੇਂ ਵਿਚ ਇਸ ਦੇ ਹੋਰ ਨਜ਼ਦੀਕ ਪਹੁੰਚਣ ਦੀ ਵੀ ਸੰਭਾਵਨਾ ਹੈ। ਇਸ ਸੰਦਰਭ ਵਿਚ ਕੇਂਦਰੀ ਰਾਜਨੀਤੀ ਨੂੰ ਸਮਝਣ ਦੀ ਜ਼ਰੂਰਤ ਹੈ। ਕੇਂਦਰੀ ਸਰਕਾਰ ਦੀ ਤਿੰਨ ਮਜ਼ਬੂਤ ਖੇਤਰੀ ਪਾਰਟੀਆਂ ਪ੍ਰਤੀ ਕਿਸ ਤਰ੍ਹਾਂ ਦੀ ਪਹੁੰਚ ਹੈ? ਉਹ ਇਨ੍ਹਾਂ ਨੂੰ ਕਿਸ ਤਰ੍ਹਾਂ ਦੁਫੇੜ ਕਰ ਕੇ ਕਮਜ਼ੋਰ ਕਰਨਾ ਚਾਹੁੰਦੀ ਹੈ? ਤਾਮਿਲਨਾਡੂ ਅਤੇ ਜੰਮੂ-ਕਸ਼ਮੀਰ ਵਿਚ ਪੂਰਨ ਸਫਲਤਾ ਤੋਂ ਬਾਅਦ ਉਹ ਪੰਜਾਬ ਵਿਚ ਵੀ ਸਫਲ ਹੋ ਰਹੀ ਹੈ।

## ਸਹਿਯੋਗ

ਅਕਾਲੀ ਦਲ ਪੰਜਾਬ 'ਚ, ਨੈਸ਼ਨਲ ਕਾਨਫਰੰਸ ਜੰਮੂ-ਕਸ਼ਮੀਰ 'ਚ, ਡੀ. ਐਮ. ਕੇ. ਤਾਮਿਲਨਾਡੂ ਵਿਚ ਬਹੁਤ ਹੀ ਮਜ਼ਬੂਤ ਖੇਤਰੀ ਪਾਰਟੀਆਂ ਸਨ। 1967 ਦੀਆਂ ਚੌਥੀਆਂ ਚੋਣਾਂ ਤੋਂ ਬਾਅਦ ਇਨ੍ਹਾਂ ਖੇਤਰੀ ਪਾਰਟੀਆਂ ਨੇ ਆਪੋ ਆਪਣੇ ਸੂਬਿਆਂ ਵਿਚ ਸੱਤਾ ਦੀ ਪ੍ਰਾਪਤੀ ਕੀਤੀ ਸੀ। ਭਾਵੇਂ ਕੁਝ ਹੋਰ ਸੂਬਿਆਂ ਵਿਚ ਵੀ ਵਿਰੋਧੀ ਪਾਰਟੀਆਂ ਦੀਆਂ ਗੈਰ-ਕਾਂਗਰਸੀ, ਮਿਲੀਆਂ ਜੁਲੀਆਂ ਸਰਕਾਰਾਂ ਦੀ ਸਥਾਪਨਾ ਹੋਈ ਸੀ ਪਰ ਉਨ੍ਹਾਂ ਅਤੇ ਇਨ੍ਹਾਂ ਤਿੰਨਾਂ ਸੂਬਿਆਂ ਦੀਆਂ ਸਰਕਾਰਾਂ ਵਿਚ ਅੰਤਰ ਇਹ ਸੀ ਕਿ ਉਥੇ ਰਾਸ਼ਟਰੀ ਪਾਰਟੀਆਂ ਦੀ ਅਗਵਾਈ 'ਚ ਸਰਕਾਰ ਸਥਾਪਤ ਕੀਤੀ ਗਈ ਪਰ ਪੰਜਾਬ, ਜੰਮੂ-ਕਸ਼ਮੀਰ ਅਤੇ ਤਾਮਿਲਨਾਡੂ ਵਿਚ ਖੇਤਰੀ ਪਾਰਟੀਆਂ ਦੀ ਅਗਵਾਈ ਵਿਚ ਸਰਕਾਰ ਸਥਾਪਤ ਕੀਤੀ ਗਈ ਸੀ। ਕੇਂਦਰੀ ਕਾਂਗਰਸੀ ਪਾਰਟੀ ਲਈ ਭਾਵੇਂ ਇਨ੍ਹਾਂ ਸਭ ਗੈਰ-ਕਾਂਗਰਸੀ ਪਾਰਟੀਆਂ ਨੂੰ ਸੁਟ ਕੇ ਕਾਂਗਰਸੀ ਸਰਕਾਰਾਂ ਸਥਾਪਤ ਕਰਨਾ ਮੁੱਖ ਨਿਸ਼ਾਨਾ ਸੀ ਪਰ ਉਸ ਅੱਗੇ ਇਕ ਇਹ ਵੀ ਨਿਸ਼ਾਨਾ ਸੀ ਕਿ ਮਜ਼ਬੂਤ ਖੇਤਰੀ ਪਾਰਟੀਆਂ ਵਿਚ ਫੁਟ ਪਾ ਕੇ ਉਨ੍ਹਾਂ ਨੂੰ ਕਮਜ਼ੋਰ ਕੀਤਾ ਜਾਏ ਤਾਂ ਜੋ ਕਾਂਗਰਸੀ ਸਰਕਾਰ ਸਫਲ ਹੋ ਸਕੇ। ਕੁਝ ਸਮੇਂ ਲਈ ਇਹ ਨੀਤੀ ਚਲਦੀ ਰਹੀ।

ਤਾਮਿਲਨਾਡੂ ਦੀ ਡੀ. ਐਮ. ਕੇ. ਦੋਫਾੜ ਹੋ ਗਈ। ਇਕ ਧੜੇ ਨੂੰ ਕਾਂਗਰਸ ਨੇ ਆਪਣੇ ਨਜ਼ਦੀਕ ਕਰ ਲਿਆ। ਤਾਮਿਲਨਾਡੂ ਵਿਚ ਇਕੱਲੇ ਕਾਂਗਰਸੀਆਂ ਲਈ ਸਰਕਾਰ 'ਤੇ ਕਬਜ਼ਾ ਕਰਨਾ ਬਹੁਤ ਔਖਾ ਹੋ ਗਿਆ। ਇਸ ਲਈ ਉਨ੍ਹਾਂ ਇਕ ਧੜੇ ਨਾਲ ਸਮਝੌਤਾ ਕਰ ਲਿਆ। ਖੇਤਰੀ ਸ਼ਕਤੀ ਉਨ੍ਹਾਂ ਦੇ ਸਪੁਰਦ ਕਰ ਦਿੱਤੀ ਅਤੇ ਰਾਸ਼ਟਰੀ ਸ਼ਕਤੀ ਵਿਚ ਉਨ੍ਹਾਂ ਦਾ ਸਹਿਯੋਗ ਪ੍ਰਾਪਤ ਕਰ ਲਿਆ। ਇਸ ਤਰ੍ਹਾਂ ਤਾਮਿਲਨਾਡੂ ਵਿਚ ਉਨ੍ਹਾਂ ਆਪਣੇ ਪੈਰ ਜਮ੍ਹਾਂ ਲਏ, ਖੇਤਰੀ ਪਾਰਟੀ ਕਮਜ਼ੋਰ ਕਰ ਦਿੱਤੀ। ਉਹੀ ਖੇਤਰੀ ਪਾਰਟੀ ਜਿਸ ਦੇ ਲੀਡਰਾਂ ਨੇ 1969 ਵਿਚ ਭਾਰਤ ਤੋਂ ਵੱਖ ਹੋਣ ਦਾ ਨਾਅਰਾ ਲਾਇਆ ਸੀ, ਜਿਸ ਨੇ ਸੂਬਿਆਂ ਲਈ ਸਭ ਤੋਂ ਵੱਧ, ਵੱਧ ਅਧਿਕਾਰਾਂ ਦੀ ਪ੍ਰੋੜ੍ਹਤਾ ਕੀਤੀ ਸੀ ਅਤੇ ਕਈ ਸੈਮੀਨਾਰ ਕਰਵਾਏ ਅਤੇ ਰਾਜ ਮੁਨਾਰ ਕਮੇਟੀ ਦਾ ਗਠਨ ਵੀ ਕੀਤਾ ਸੀ, ਆਖਰ ਨੂੰ ਦੋਫਾੜ ਹੋ ਕੇ ਕਾਂਗਰਸੀ ਕੇਂਦਰੀ ਚਾਲਾਂ ਦਾ ਸ਼ਿਕਾਰ ਹੋ ਗਈ।

## ਅੰਦਰਖਾਤੇ

ਇਹ ਸਭ ਕੁਝ ਜੰਮੂ-ਕਸ਼ਮੀਰ ਵਿਚ ਵੀ ਵਾਪਰਿਆ ਜਿੰਨਾਂ ਚਿਰ ਸ਼ੇਖ ਅਬਦੁੱਲਾ ਜਿਉਂਦੇ ਰਹੇ ਕਿਸੇ ਵੀ ਵਿਅਕਤੀ ਦੀ ਇਹ ਜੁਅਰਤ ਨਹੀਂ ਪਈ ਕਿ ਉਹ ਨੈਸ਼ਨਲ ਕਾਨਫਰੰਸ ਦਾ ਵੱਖਰਾ ਧੜਾ ਸਥਾਪਤ ਕਰੇ। ਜੇ ਕੋਈ ਅਜਿਹਾ ਕਰ ਵੀ ਲੈਂਦਾ ਤਾਂ ਜੰਮੂ-ਕਸ਼ਮੀਰ ਵਿਚ ਉਹ ਕਦੇ ਵੀ ਸ਼ੇਖ ਅਬਦੁੱਲਾ ਦੀ ਵਫਾਦਾਰ ਜਨਤਾ ਨੂੰ ਆਪਣੇ ਪਿੱਛੇ ਨਹੀਂ ਸੀ ਲਾ ਸਕਦਾ। ਉਨ੍ਹਾਂ ਦੀ ਮੌਤ ਪਿੱਛੋਂ ਡਾ. ਫਾਰੂਕ ਅਬਦੁੱਲਾ ਉਹ ਸ਼ਕਤੀ ਨਹੀਂ ਸਨ ਰੱਖਦੇ ਜੋ ਉਨ੍ਹਾਂ ਦੇ ਪਿਤਾ ਜੀ ਰੱਖਦੇ ਸਨ। ਇਸ ਲਈ ਕਾਂਗਰਸ ਨੂੰ ਨੈਸ਼ਨਲ ਕਾਨਫਰੰਸ ਵਿਚ ਦੁਫੇੜ ਪਾਉਣੀ ਬਹੁਤ ਸੌਖੀ ਹੋ ਗਈ। ਸ਼ਾਹ ਧੜੇ ਨੂੰ ਸ਼ਹਿ ਦੇ ਕੇ ਤਾਕਤ, ਸੱਤਾ ਦਾ ਲਾਲਚ ਦੇ ਕੇ ਫਾਰੂਕ ਤੋਂ ਵੱਖ ਕਰ ਲਿਆ। ਪਰ ਉਸ ਦੀ ਲੰਬੇ ਸਮੇਂ ਤੱਕ ਹਮਾਇਤ ਵੀ ਨਾ ਕੀਤੀ ਕਿਉਂਕਿ ਕੇਂਦਰੀ ਕਾਂਗਰਸ ਸਰਕਾਰ ਨੂੰ ਇਹ ਵੀ ਡਰ ਸੀ ਕਿ ਸ਼ੇਖ ਅਬਦੁੱਲਾ ਦਾ ਪੁੱਤਰ ਜੰਮੂ-ਕਸ਼ਮੀਰ ਵਿਚ ਲੋਕਾਂ ਵਿਚ ਆਪਣਾ ਆਧਾਰ ਰੱਖਦਾ ਹੈ। ਉਹ ਫਿਰ ਆਪਣੀ ਸ਼ਾਖ ਨੂੰ ਮਜ਼ਬੂਤ ਕਰ ਸਕਦਾ ਹੈ। ਇਸ ਲਈ ਅੰਦਰਖਾਤੇ ਫਾਰੂਕ ਦਾ ਦਿਲ ਜਿੱਤਣ ਲਈ ਢੀਲੇ ਛੱਡੇ ਗਏ ਅਤੇ ਅੰਤ ਨੂੰ ਸਫਲਤਾ ਪ੍ਰਾਪਤ ਕੀਤੀ ਗਈ। ਸ਼ਾਹ ਤੋਂ ਬਹਾਨੇ ਨਾਲ ਹਮਾਇਤ ਵਾਪਸ ਲੈ ਕੇ ਫਾਰੂਕ ਨੂੰ ਸੌਂਪ ਦਿੱਤੀ ਗਈ। ਬਹਾਨਾ ਬਣਾਇਆ ਗਿਆ ਕਿ ਸ਼ਾਹ ਰਾਜ ਵਿਚੋਂ ਫਿਰਕਾਪ੍ਰਸਤੀ ਖਤਮ ਕਰਨ ਵਿਚ ਅਸਫਲ ਰਿਹਾ ਹੈ। ਹੁਣ ਫਾਰੂਕ ਦਲ ਅਤੇ ਕਾਂਗਰਸ ਮਿਲ ਕੇ ਧਰਮ ਨਿਰਪੱਖ ਤਾਕਤਾਂ ਨੂੰ ਮਜ਼ਬੂਤ ਕਰ ਕੇ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਕਾਇਮ ਰੱਖਣਗੀਆਂ। ਇਸ ਤਰ੍ਹਾਂ ਲੰਬੇ ਸਮੇਂ ਕਾਇਮ ਮੁਕਾਮ ਨੈਸ਼ਨਲ ਕਾਨਫਰੰਸ, ਇਕ ਮਜ਼ਬੂਤ ਖੇਤਰੀ ਪਾਰਟੀ ਕਾਂਗਰਸੀ ਇਸ਼ਾਰਿਆਂ ਦੇ ਅਧੀਨ ਹੋ ਗਈ

ਕੁਝ ਇਸ ਤਰ੍ਹਾਂ ਦੇ ਹੀ ਚੱਕਰ ਵਿਚ ਪੰਜਾਬ ਦਾ ਅਕਾਲੀ ਦਲ ਫਸਿਆ ਹੈ। ਪੰਡਤ ਨਹਿਰੂ ਵੀ ਚਾਹੁੰਦੇ ਸਨ ਕਿ ਅਕਾਲੀ ਦਲ ਉਨ੍ਹਾਂ ਨਾਲ ਸਮਝੌਤਾ ਕਰ ਲਵੇ। ਖੇਤਰੀ ਸ਼ਕਤੀ ਵਿਚ ਉਨ੍ਹਾਂ ਨੂੰ ਹਿੱਸਾ ਦਿੱਤਾ ਜਾ ਸਕਦਾ ਹੈ ਪਰ ਰਾਸ਼ਟਰੀ ਸ਼ਕਤੀ ਵਿਚ ਉਹ ਕਾਂਗਰਸ ਦੀ ਹਮਾਇਤ ਕਰਨ।

## ਦੁਫੇੜ

ਇਸ ਪ੍ਰਭਾਵ ਅਧੀਨ ਆਜ਼ਾਦੀ ਤੋਂ ਕੁਝ ਸਮਾਂ ਬਾਅਦ ਦੋਹਾਂ ਵਿਚ ਕੁਝ ਨੇੜਤਾ ਆਈ ਵੀ ਸੀ ਪਰ ਇਹ ਬਹੁਤਾ ਸਮਾਂ ਨਾ ਚਲ ਸਕੀ। ਨਾਲ ਹੀ ਪੰਜਾਬੀ ਸੂਬੇ ਦੀ ਮੰਗ ਸ਼ੁਰੂ ਹੋ ਗਈ। ਪੰਜਾਬੀ ਸੂਬਾ ਵੀ ਬਣ ਗਿਆ। ਛੇਤੀ ਪਿਛੋਂ ਅਕਾਲੀਆਂ ਦੀ ਸਰਕਾਰ ਵੀ ਬਣ ਗਈ। 1967 'ਚ ਅਕਾਲੀਆਂ ਦੀ ਜਿੱਤ ਦੇ ਨਾਲ ਹੀ ਕਾਂਗਰਸੀ ਹਾਕਮਾਂ ਦੇ ਇਹ ਯਤਨ ਸ਼ੁਰੂ ਹੋ ਗਏ ਕਿ ਇਨ੍ਹਾਂ ਵਿਚ ਦੁਫੇੜ ਪਾਈ ਜਾਵੇ। ਲਛਮਣ ਸਿੰਘ ਗਿੱਲ ਨੂੰ ਵਰਗਲਾਇਆ ਗਿਆ ਜਿਸ ਨੇ ਕਾਂਗਰਸ ਦੀ ਹਮਾਇਤ ਪ੍ਰਾਪਤ ਕਰ ਕੇ 25 ਨਵੰਬਰ 1967 ਨੂੰ ਆਪਣੀ ਸਰਕਾਰ ਸਥਾਪਤ ਕਰ ਲਈ। ਪਰ ਜਦੋਂ ਕਾਂਗਰਸ ਨੂੰ ਇਹ ਵਿਖਾਈ ਦਿਤਾ ਕਿ ਗਿੱਲ ਧੜਾ ਮਜ਼ਬੂਤੀ ਨਹੀਂ ਫੜ ਰਿਹਾ, ਅਕਾਲੀਆਂ ਵਿਚ ਆਪਣਾ ਆਧਾਰ ਕਾਇਮ ਨਹੀਂ ਕਰ ਰਿਹਾ ਤਾਂ ਅਗਸਤ 1968 ਵਿਚ ਉਨ੍ਹਾਂ ਨੇ ਲਛਮਣ ਸਿੰਘ ਮੰਤਰੀ ਮੰਡਲ ਤੋਂ ਅਪਣਾ ਹੋੜਾ ਹਟਾ ਲਿਆ ਅਤੇ ਗਿੱਲ ਸਰਕਾਰ ਡਿਗ ਪਈ। ਇਸ ਦੇ ਨਾਲ ਹੀ ਲਛਮਣ ਸਿੰਘ ਧੜਾ ਤਕਰੀਬਨ ਖਤਮ ਹੋ ਗਿਆ। ਕਾਂਗਰਸ ਦੀ ਚਾਲ ਸਫਲ ਨਾ ਹੋਈ। 1969 ਦੀਆਂ ਮੱਧਕਾਲੀ ਚੋਣਾਂ ਹੋਈਆਂ। ਗੁਰਨਾਮ ਸਿੰਘ ਨੇ ਫਿਰ ਅਕਾਲੀ ਸਰਕਾਰ ਦਾ ਗਠਨ ਕੀਤਾ ਜੋ ਆਪਸੀ ਖਿਚੋਤਾਣ ਦਾ ਸ਼ਿਕਾਰ ਹੋ ਗਈ। 1970 'ਚ ਬਾਦਲ ਨੇ ਅਕਾਲੀ ਸਰਕਾਰ ਦਾ ਗਠਨ ਕੀਤਾ ਪਰ ਕਾਂਗਰਸੀਆਂ ਨੇ ਇਸ ਵਿਚ ਦਲ ਬਦਲੀਆਂ ਕਰਵਾਈਆਂ ਤੇ ਸਰਕਾਰ ਭੰਗ ਹੋ ਗਈ। 1971 'ਚ ਰਾਸ਼ਟਰਪਤੀ ਰਾਜ ਲਾਗੂ ਹੋ ਗਿਆ। 1977 'ਚ ਫਿਰ ਅਕਾਲੀਆਂ ਨੇ ਸਰਕਾਰ ਬਣਾਈ ਜੋ ਮਜ਼ਬੂਤੀ ਨਾਲ ਚਲ ਰਹੀ ਸੀ ਪਰ 1980 ਵਿਚ ਇਹ ਵੀ ਕਾਂਗਰਸੀ ਕੇਂਦਰੀ ਸਰਕਾਰ ਨੇ ਭੰਗ ਕਰ ਦਿੱਤੀ।

ਹੁਣ ਕਾਂਗਰਸ ਇਹ ਮਹਿਸੂਸ ਕਰ ਚੁੱਕੀ ਸੀ ਕਿ ਅਕਾਲੀ ਪੰਜਾਬ ਵਿਚ ਉਨ੍ਹਾਂ ਦੇ ਪੈਰ ਛੇਤੀ ਨਹੀਂ ਲੱਗਣ ਦੇਣਗੇ। ਇਨ੍ਹਾਂ ਵਿਚ ਦੁਫੇੜ ਪਾਉਣ ਲਈ ਚਾਲਾਂ ਸ਼ੁਰੂ ਕਰ ਦਿੱਤੀਆਂ। ਬਾਦਲ ਦਲ ਤੇ ਤਲਵੰਡੀ ਦਲ, ਦੋ ਦਲ ਬਣ ਗਏ। ਅਕਾਲੀ ਸ਼ਕਤੀ ਘਟ ਗਈ। ਕਾਂਗਰਸ ਪਾਰਟੀ 1980 ਦੀਆਂ ਚੋਣਾਂ ਜਿੱਤ ਗਈ। ਅਕਾਲੀਆਂ ਨੇ ਕਪੂਰ ਮੋਰਚਾ, ਫਿਰ ਧਰਮ ਯੁੱਧ ਮੋਰਚਾ ਸ਼ੁਰੂ ਕਰ ਦਿੱਤਾ। ਬਹੁਤ ਵੱਡੀ ਗਿਣਤੀ ਗ੍ਰਿਫਤਾਰੀਆਂ ਹੋਈਆਂ। ਪੇਂਡੂ ਖੇਤਰਾਂ 'ਚੋਂ ਕਾਂਗਰਸੀ ਪ੍ਰਭਾਵ ਖਤਮ ਹੋਣ ਲੱਗਿਆ। ਕਾਂਗਰਸ ਦੀਆਂ ਚਾਲਾਂ ਕਾਰਨ ਪਹਿਲਾਂ ਅਕਾਲੀਆਂ ਨੂੰ ਖੂੰਜੇ ਲਾਉਣ ਲਈ ਸੰਤ ਭਿੰਡਰਾਂਵਾਲੇ ਨੂੰ ਸ਼ਹਿ ਦਿੱਤੀ ਗਈ ਪਰ ਛੇਤੀ ਪਿਛੋਂ ਸੰਤ ਭਿੰਡਰਾਂਵਾਲੇ ਆਜ਼ਾਦ ਸ਼ਕਤੀ ਬਣ ਗਏ। ਹਾਲਾਤ ਹੋਰ ਅੱਗੇ ਵਧੇ। ਅਪਰੇਸ਼ਨ ਨੀਲਾ ਤਾਰਾ ਹੋਇਆ। ਇਸ ਤੋਂ ਬਾਅਦ ਕਾਂਗਰਸੀ ਆਧਾਰ ਕਾਫੀ ਹੱਦ ਤੱਕ ਖਤਮ ਹੋ ਗਿਆ। ਹੁਣ ਕਾਂਗਰਸ ਅੱਗੇ ਇਕੋ ਹੀ ਰਾਹ ਸੀ ਕਿ ਹਾਕਮ ਧੜੇ ਨੂੰ ਆਪਣੇ ਨਾਲ ਲਾਇਆ ਜਾਵੇ। ਆਧਾਰ ਉਹੀ ਜੰਮੂ-ਕਸ਼ਮੀਰ ਵਾਲਾ ਸੀ। ਫਿਰਕਾਪ੍ਰਸਤੀ ਨੂੰ ਖਤਮ ਕਰਕੇ, ਦਹਿਸ਼ਤਵਾਦ ਨੂੰ ਖਤਮ ਕਰਕੇ, ਧਰਮ ਨਿਰਪੱਖ ਸ਼ਕਤੀਆਂ ਨੂੰ ਮਜ਼ਬੂਤ ਕਰਨ ਲਈ ਬਰਨਾਲਾ ਸਰਕਾਰ ਨਾਲ ਕਾਂਗਰਸ ਨੇ ਸਾਂਝ ਪਾ ਲਈ। ਬਾਦਲ ਧੜੇ ਦਾ ਲੌਂਗੋਵਾਲ ਦਲ ਵਿਚੋਂ ਨਿਕਲ ਜਾਣਾ, ਇਕ ਅਜਿਹਾ ਕਾਰਨ ਬਣ ਗਿਆ ਕਿ ਸ਼ਕਤੀ ਨੂੰ ਕਾਇਮ ਰੱਖਣ ਲਈ ਬਰਨਾਲਾ ਧੜੇ ਨੂੰ ਕਾਂਗਰਸ ਨਾਲ ਸਾਂਝ ਪਾਉਣੀ ਪਈ। ਇਸ ਲਈ ਆਉਣ ਵਾਲੇ ਸਮੇਂ ਵਿਚ ਇਹ ਸੰਭਾਵਨਾ ਹੈ ਕਿ ਇਹ ਸਾਂਝ ਹੋਰ ਵੀ ਵਧੇ।

## ਨਤੀਜੇ

ਕਾਂਗਰਸ ਹਾਲੀਂ ਵੀ ਯਤਨ ਕਰੇਗੀ ਕਿ ਅਕਾਲੀਆਂ ਦੇ ਉਸ ਧੜੇ ਨਾਲ ਸਾਂਝ ਕੀਤੀ ਜਾਵੇ ਜਿਸ ਦਾ ਲੋਕਾਂ 'ਚ ਬਹੁਤਾ ਆਧਾਰ ਹੋਵੇ ਪਰ ਜੇ ਉਹ ਧੜਾ 'ਹਾਮੀ' ਨਹੀਂ ਭਰਦਾ ਤਾਂ ਉਦੋਂ ਤੱਕ ਬਰਨਾਲਾ ਧੜਾ ਹੀ ਢੁਕਵਾਂ ਹੈ। ਇਸ ਲਈ ਇਹ ਵੀ ਸੰਭਾਵਨਾ ਹੋ ਸਕਦੀ ਹੈ ਕਿ ਆਉਂਦੀਆਂ ਚੋਣਾਂ ਜੰਮੂ-ਕਸ਼ਮੀਰ ਦੀ ਤਰ੍ਹਾਂ ਬਰਨਾਲਾ-ਰਾਜੀਵ ਸਾਂਝੇ ਗਰੁੱਪਾਂ ਦੇ ਤੌਰ 'ਤੇ ਲੜਨ। ਇਹ ਮੋੜ ਪੰਜਾਬ ਦੀ ਰਾਜਨੀਤੀ ਵਿਚ ਇਕ ਨਵਾਂ ਮੋੜ ਹੈ। ਇਸ ਦੇ ਭਵਿੱਖ ਵਿਚ ਕਈ ਚੰਗੇ ਮਾੜੇ ਨਤੀਜੇ ਨਿਕਲ ਸਕਦੇ ਹਨ।

---

ਪੰਨਾ 12 ਦੀ ਬਾਕੀ

ਜੁੱਗ ਜੁੱਗ ਜੀਓ ਕਲਮ ਦੁਆਰਾ ਮਾਂ ਬੋਲੀ ਪੰਜਾਬੀ ਅਤੇ ਮਨੁੱਖਤਾ ਦੀ ਸੇਵਾ ਨਿਭਾਉਂਦੇ ਜਾਓ। 'ਕੈਨੇਡਾ ਦਰਪਣ' ਸਦਾ ਚੜ੍ਹਦੀ ਕਲਾ ਵਿੱਚ ਰਹੇ,ਇਹੋ ਮੇਰੀ ਦੁਆ ਹੈ।

ਆਪਦਾ

**ਕਸ਼ਮੀਰਾ ਸਿੰਘ 'ਚਮਨ' ਕੈਲਗਰੀ**

---

ਪਿਆਰੇ ਐਡੀਟਰ ਜੀਓ,

ਗੁਰਫਤਹਿ ਪ੍ਰਵਾਨ ਹੋਵੇ।

ਮੈਂ ਅੱਗੇ ਵੀ ਆਪ ਜੀ ਨੂੰ ਲਿਖ ਚੁੱਕਾ ਹਾਂ ਅਤੇ ਇਕ ਕਵਿਤਾ ਵੀ ਘੱਲੀ ਸੀ ਪਰ ਆਪ ਜੀ ਵਲੋਂ ਕੋਈ ਪਤਾ ਨਹੀਂ ਆਇਆ। ਤੁਸੀਂ ਆਪ ਬੜੇ ਚੰਗੇ ਲਿਖਾਰੀ ਹੋ। ਲਿਖਾਰੀਆਂ ਦੀ ਕਲਮ ਦੀ ਸਾਂਝ ਹੋਣੀ ਬਹੁਤ ਜ਼ਰੂਰੀ ਹੈ ਕਿਉਂਕਿ ਇਸ ਸਾਂਝ ਵਿਚੋਂ ਕੁੱਝ ਹੋਰ ਵੰਨਗੀ ਦਾ ਸਾਹਿਤ ਪੈਦਾ ਹੁੰਦਾ ਹੈ।

ਸਾਡਾ ਮਹੀਨੇ ਵਾਰ ਰਿਸਾਲਾ 'ਸਿੱਖ ਪੱਤਰਕਾ' ਆਪ ਜੀ ਨੂੰ ਘੱਲ ਚੁੱਕਾ ਹਾਂ ਜੋਕਿ ਨਿਰੋਲ ਧਾਰਮਿਕ ਹੈ। ਪਾਲਿਟਿਕਸ ਦਾ ਉਸ ਵਿਚ ਕੋਈ ਅੰਸ਼ ਨਹੀਂ। ਇਹ ਰਿਸਾਲਾ ਸਿੱਖ ਵੈਲਫੇਅਰ ਸੁਸਾਇਟੀ ਵਲੋਂ ਚਲਾਇਆ ਜਾਂਦਾ ਹੈ। ਇਹ ਛੇਵਾਂ ਸਾਲ ਹੈ ਅਤੇ ਉਦੋਂ ਦਾ ਮੈਂ ਹੀ ਐਡੀਟਰ ਹਾਂ।

ਕਲਮ ਦੀ ਮਹਾਨਤਾ ਤੇ ਇੱਕ ਹੋਰ ਕਵਿਤਾ ਅੱਜ ਹੀ ਲਿਖੀ ਹੈ ਜੋ ਆਪ ਜੀ ਨੂੰ ਘੱਲ ਰਿਹਾ ਹਾਂ। ਉਮੀਦ ਰੱਖਦਾ ਹਾਂ ਕਿ ਛਾਪੋਗੇ ਅਤੇ 'ਕੈਨੇਡਾ ਦਰਪਣ' ਮੈਨੂੰ ਘੱਲੋਗੇ।

ਲਿਖਿਆ ਹੈ:

**ਅਮਰ ਸਿੰਘ ਮਲੇਸ਼ੀਆ**

---

ਉਮਰਾ ਬੀਤ ਗਈ ਭਟਕਦਿਆਂ, ਸੁੰਞੀਆਂ ਔਝੜ ਰਾਹਵਾਂ ਵਿਚ।
ਠਿੱਲ੍ਹ ਪਏ ਕੱਚੇ 'ਤੇ ਆਖਰ, ਭਰ-ਵਗਦੇ ਦਰਿਆਵਾਂ ਵਿਚ।

ਕਾਫ਼ਲਿਆਂ ਸੰਗ ਚਲਦੇ ਚਲਦੇ, ਪਹੁੰਚੇ ਜਦੋਂ ਚੌਰਾਹੇ 'ਤੇ-
ਖੜ੍ਹੇ ਖਲੋਤੇ ਰਹਿ ਗਏ ਸਾਥੀ ਭਟਕੇ ਸੰਦਲੀ ਸਾਹਵਾਂ ਵਿਚ।

ਰਾਤ ਪਈ ਤਾਂ ਰਾਹਗੀਰਾਂ ਨੇ, ਰੋਹੀਏਂ ਰੱਕੜੀ ਸੌਂ ਜਾਣੈ -
ਰਾਹ-ਭਟਕੇ ਦੀ ਅੱਖ ਨਹੀਂ ਲੱਗਣੀ, ਨਰਮ ਮਖਮਲੀ ਬਾਹਵਾਂ ਵਿਚ।

ਲੰਘ ਗਏ ਤਾਂ ਆਪਣੀ ਰੌ ਵਿਚ, ਟੋਏ ਟਿੱਬੇ ਲੰਘ ਗਏ-
ਅਟਕ ਗਏ ਤਾਂ ਅਟਕੇ ਆ ਕੇ, ਰੜੀਆਂ ਪੱਧਰ ਥਾਵਾਂ ਵਿਚ।


Non-smokers pay less for insurance.



MOHINDAR SINGH GILL
B. Comm., M.B.A.,C.G.A.
Life Underwriter

Suite 1206,
4330 Kingsway,
Burnaby, B.C.

Ph. Off. 430-0455
Ph. Res. 433-1684

SunLife OF CANADA

Mohindar Singh Gill

Get your life in shape.

BUYING & SELLING
Farms, Home, Lots and Apartments
Contact:
Dilbag Singh Johal
ਦਿਲਬਾਗ ਸਿੰਘ ਜੌਹਲ
Ph. Off. (604)438-8161
Res. 325-0588



ਕਿਸੇ ਪ੍ਰਕਾਰ ਦੀ ਜਾਇਦਾਦ ਖ੍ਰੀਦਣ ਲਈ ਮਿਲਣਾ, ਈਮਾਨਦਾਰੀ ਅਤੇ ਤਜਰਬੇਕਾਰ ਸਲਾਹ ਮਸ਼ਵਰੇ ਲਈ ਸਾਨੂੰ ਮਿਲੋ ਜਾਂ ਫੋਨ ਕਰੋ

Canada Trust Realtor
The Canada Trust Company
2629 Kingsway, Vancouver, B.C. V5R 5H4

# MOGUL GARDENS
RESTAURANT



We cater to large private parties

Take-Out Available

The most affordable in **Tandori** (clay-oven) dishes

We serve classical East-Indian Food with good service. . .

**Speciality Foods being baked in a charcoal clay-oven 'The Tandoor' is its perfection and flavour**

**Fully Licensed** **Free Parking (after 6 p.m.)**

**801 Beach Ave.** (1 blk. south of Pacific)

**684-5886**

**Gourmet Varities include Butter Chicken, Vegetarian foods, Sea food and Meat, Curries, Nan and Paraunthe**

**Luncheon - Buffet - Weekdays $5.95**

**Brunch - Weekends**

**Dinner - Parties**




**Free Parking (after 6 pm)**



# NORTH AMERICAN LIFE ASSURANCE COMPANY

NORTH AMERICAN LIFE



- Life Insurance
- Mortgage Insurance
- Children's educational Plans
- R R S P

**Malkiat Mutti**
representative
320, 815 West Hastings St.
Vancouver, B.C. V6C 2W1

**Bus. 685-9335**
**Res. 522-7167**



DO YOU NEED PLUMBING OR ELECTRICAL SUPPLIES AND SERVICE FOR NEW HOMES OR FOR RENOVATIONS

WE DO NEW HOME PLUMBING ALSO

*CONTACT:*

# PAUL'S



***PLUMBING & ELECTRICAL SUPPLY***

**4774 Main Street,** (At 32nd.)
**Vancouver, B.C.**

**PH: 872-3118** (Supply)
**872-7227** (Service)

"Free customer parking at rear" **OPEN SUNDAYS**



NEW YORK LIFE

NEW YORK LIFE INSURANCE COMPANY
BRITISH COLUMBIA GENERAL OFFICE
2030-1055 WEST GEORGIA STREET
VANCOUVER, BRITISH COLUMBIA

**Life, Health, Group Insurance, Annuities, Pension Plans Temprary and Permanent Policies**

**Smokers & Non Smokers Rates**

**ਇਨਸ਼ੋਰੈਂਸ ਲਈ ਆਪਣੀ ਚੋਣ ਅਨੁਸਾਰ ਘੱਟ ਜਾਂ ਵੱਧ ਪੇਮੈਂਟ ਕਰ ਸਕਦੇ ਹੋ**

**ਹਰ ਤਰ੍ਹਾਂ ਦੀਆਂ ਜ਼ਿੰਦਗੀ ਬੀਮਾ ਪਾਲਸੀਆਂ ਲਈ ਮਿਲੋ ਜਾਂ ਫੋਨ ਕਰੋ :**

**Off: 685-7364** **Bhupinder Dhaliwal** **Res: 589-1559**



**Bhupinder Dhaliwal**



# ■ BUYING ■ SELLING

**Free Evaluation For Your Property Call Any Time Without Any Obligation**

**Bus. 736-3831 or Res. 434-8548** **Pager - 687-1985 #2229**

## United Realty Ltd.

3879 Oak Street, Vancouver, B.C. V6H 2M6



**Malkit Dhami,**
**M.A. (Eco.)**

**Member of Prestigious M.L.S. Medallion Club For 83-84 85-86**

# ਜੇ. ਸੀ. ਟੀ. ਮਿਲਜ਼ ਫਗਵਾੜਾ ਦਾ ਤੇਜ਼-ਤਰਾਰ ਹਾਕੀ ਖਿਡਾਰੀ

# ਗੁਰਮੀਤ



ਜੇ. ਸੀ. ਟੀ. ਮਿਲਜ਼ ਫਗਵਾੜਾ ਹਾਕੀ ਖਿਡਾਰੀਆਂ ਲਈ ਇਕ ਅਜਿਹਾ ਵਰਦਾਨ ਸਾਬਤ ਹੋ ਰਹੀ ਹੈ ਜਿਸ ਨੇ ਨਾ ਕੇਵਲ ਹਾਕੀ ਜਾਂ ਫੁਟਬਾਲ ਖਿਡਾਰੀਆਂ ਦੀ ਆਰਥਿਕ ਪੱਖੋਂ ਹੀ ਸੰਭਾਲ ਕੀਤੀ ਸਗੋਂ ਉਨ੍ਹਾਂ ਨੂੰ ਵੱਧ ਤੋਂ ਵੱਧ ਸਹੂਲਤਾਂ ਦੇ ਕੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸ਼ੋਹਰਤ ਪ੍ਰਾਪਤ ਕਰਨ ਦੇ ਮੌਕੇ ਵੀ ਪ੍ਰਦਾਨ ਕੀਤੇ। ਪੰਜਾਬ ਦਾ ਫੁਟਬਾਲਰ 'ਪੇਲੇ' ਇੰਦਰ ਸਿੰਘ ਇਸੇ ਹੀ ਸੰਸਥਾ ਦਾ ਹੀਰਾ ਹੈ। ਹਾਕੀ ਦਾ ਤੇਜ਼-ਤਰਾਰ ਖਿਡਾਰੀ ਗੁਰਮੀਤ ਵੀ ਇਸੇ ਮਿੱਲ ਲਈ ਲਗਪਗ ਚਾਰ ਸਾਲਾਂ ਤੋਂ ਖੇਡ ਕੇ ਕਈ ਸੋਨੇ ਅਤੇ ਚਾਂਦੀ ਦੇ ਤਮਗਿਆਂ ਤੇ ਸਰਟੀਫਿਕੇਟਾਂ ਨਾਲ ਮਿਲ ਦੀ ਬੱਲੇ-ਬੱਲੇ ਕਰਵਾ ਚੁੱਕਾ ਹੈ।

ਪਿਛਲੇ ਦਿਨੀਂ ਜੇ. ਸੀ. ਟੀ. ਮਿਲਜ਼ ਫਗਵਾੜਾ ਦੀ ਵਿਸ਼ਾਲ ਗਰਾਊਂਡ ਵਿਚ ਡੀਲ-ਡੌਲ ਵਲੋਂ ਪਹਿਲਵਾਨ ਲੱਗਣ ਵਾਲੇ ਹਸਮੁੱਖ ਸੁਭਾਅ ਦੇ ਮਾਲਕ ਗੁਰਮੀਤ ਨੇ ਆਪਣੀ ਹਾਕੀ ਦੀ ਜ਼ਿੰਦਗੀ ਬਾਰੇ ਇਕ ਸੰਖੇਪ ਮੁਲਾਕਾਤ ਦੌਰਾਨ ਦੱਸਿਆ ਕਿ ਉਸ ਨੂੰ ਇਹ ਚੇਟਕ ਆਪਣੇ ਜੱਦੀ ਪਿੰਡ ਚਾਹਲ (ਜ਼ਿਲਾ ਗੁਰਦਾਸਪੁਰ) ਦੇ ਗੌਰਮਿੰਟ ਮਿਡਲ ਸਕੂਲ 'ਚ ਪੜ੍ਹਦਿਆਂ ਹੀ ਲਗ ਗਈ ਸੀ। 1978-79 ਵਿਚ ਗੌਰਮਿੰਟ ਮਿਡਲ ਸਕੂਲ ਚਾਹਲ ਵਲੋਂ ਦੀਨਾਨਗਰ ਵਿਖੇ ਹੋਏ ਟੂਰਨਾਮੈਂਟ ਵਿਚ ਜ਼ਿਲਾ ਗੁਰਦਾਸਪੁਰ ਦੀ ਟੀਮ ਵਲੋਂ ਗੁਰਮੀਤ ਨੇ ਪਹਿਲੀ ਪੁਜ਼ੀਸ਼ਨ ਹਾਸਲ ਕਰਕੇ ਇਹ ਸਿੱਧ ਕਰ ਦਿੱਤਾ ਸੀ ਕਿ ਇਹ ਮੁੰਡਾ ਜ਼ਰੂਰ ਕਿਸੇ ਨਾ ਕਿਸੇ ਦਿਨ ਆਪਣੇ ਪਿੰਡ ਦਾ ਨਾਂ ਰੌਸ਼ਨ ਕਰੇਗਾ।

1979-80 ਵਿਚ ਪਟਿਆਲਾ ਵਿਖੇ ਹੋਏ ਪੰਜਾਬ ਸਕੂਲ ਹਾਕੀ ਮੁਕਾਬਲਿਆਂ ਵਿਚ ਇੰਟਰ-ਡਿਸਟ੍ਰਿਕਟ ਗੁਰਦਾਸਪੁਰ ਦੀ ਟੀਮ ਨੂੰ ਸਿਲਵਰ ਦਾ ਤਮਗਾ ਦਿਵਾਉਣ 'ਚ ਰਾਈਟ ਫੁੱਲਬੈਕ ਗੁਰਮੀਤ ਦਾ ਵਿਸ਼ੇਸ਼ ਯੋਗਦਾਨ ਸੀ।

ਦਸੰਬਰ 1981 'ਚ ਸ. ਸੰਤੋਖ ਸਿੰਘ ਕੋਚ ਦੀ ਰਹਿਨੁਮਾਈ ਤੇ ਉਚ-ਕੋਟੀ ਦੇ ਖਿਡਾਰੀਆਂ ਹਰਜਿੰਦਰ, ਕ੍ਰਿਪਾਲ ਤੇ ਹਰਦੇਵ ਦੀ ਪ੍ਰੇਰਨਾ ਸਦਕਾ ਪੂਰਾ ਸਾਲ ਬਿਨਾਂ ਕਿਸੇ ਟੂਰਨਾਮੈਂਟ ਵਿਚ ਹਿੱਸਾ ਲਏ ਗੁਰਮੀਤ ਆਪਣੀ ਇਸ ਪਿਆਰੀ ਖੇਡ ਦਾ ਅਭਿਆਸ ਕਰਦਾ ਰਿਹਾ।

... 1982 'ਚ ਜੇ. ਸੀ. ਟੀ. ਮਿਲਜ਼ ਫਗਵਾੜਾ ਨੇ ਸੋਨੇ ਅਤੇ ਚਾਂਦੀ ਦੇ ਤਮਗਿਆਂ 'ਚ ਜੜੇ ਇਸ ਖਿਡਾਰੀ ਨੂੰ ਹਸ ਕੇ ਕਬੂਲ ਕਰ ਲਿਆ।

ਜਨਵਰੀ 1984 ਵਿਚ ਭੂਪਾਲ ਵਿਖੇ ਹੋਏ ਜੂਨੀਅਰ ਨੈਸ਼ਨਲ ਹਾਕੀ ਟੂਰਨਾਮੈਂਟ ਵਿਚ ਗੁਰਮੀਤ ਦੀ ਟੀਮ ਨੇ ਸੈਕਿੰਡ ਪੁਜ਼ੀਸ਼ਨ ਹਾਸਲ ਕਰ ਲਈ।

1985 ਤੋਂ ਜੇ. ਸੀ. ਟੀ. ਮਿਲਜ਼ ਵਲੋਂ ਜੀ. ਐਸ. ਬੋਧੀ (1975 ਵਰਲਡ ਗੋਲਡ ਕੱਪ ਵਿਜੇਤਾ) ਤੋਂ ਗੁਰਮੀਤ ਨੇ ਹਾਕੀ ਦੀ ਬਕਾਇਦਾ ਟਰੇਨਿੰਗ ਲੈਣੀ ਸ਼ੁਰੂ ਕਰ ਦਿੱਤੀ। ਫਿਰ ਤਾਂ ਉਦੋਂ ਤੋਂ ਲੈ ਕੇ ਹੁਣ ਤੱਕ ਗੁਰਮੀਤ ਸੀਨੀਅਰ ਨੈਸ਼ਨਲ, ਬੰਬੇ ਗੋਲਡ ਕੱਪ, ਆਗਾਂ ਖਾਨ ਹਾਕੀ ਕੱਪ, ਸੰਜੇ ਗੋਲਡ ਕੱਪ ਅਤੇ ਕਲਾਰਕ ਟਰਾਫੀ ਬੰਗਲੌਰ 'ਚੋਂ ਦੂਸਰੀ ਪੁਜ਼ੀਸ਼ਨ ਹਾਸਲ ਕਰਨ ਤੋਂ ਇਲਾਵਾ ਹੋਰ ਸਾਰੇ ਭਾਰਤ ਦੇ ਪ੍ਰਮੁੱਖ ਟੂਰਨਾਮੈਂਟਾਂ ਵਿਚ ਹਿਸਾ ਲੈ ਕੇ ਗੋਲਕੀਪਰ ਨੀਲ ਕਮਲ, ਐਮ. ਪੀ. ਸਿੰਘ. ਜ਼ਫਰ ਇਕਬਾਲ, ਫਰਨਾਂਡੇਜ਼, ਅਸ਼ੋਕ ਕੁਮਾਰ ਓਲੰਪੀਅਨ ਵਰਗੇ ਹਾਕੀ ਦੇ ਚੋਟੀ ਦੇ ਖਿਡਾਰੀਆਂ ਵਿਰੁਧ ਖੇਡ ਕੇ ਆਪਣੀ ਹਾਕੀ ਦੀ ਧਾਂਕ ਜਮਾ ਚੁੱਕਾ ਹੈ। 1986 'ਚ ਪੈਪਸੂ ਵਲੋਂ ਸੀਨੀਅਰ ਨੈਸ਼ਨਲ 'ਚ ਵੀ ਭਾਗ ਲੈ ਚੁੱਕਾ ਹੈ।

ਗੁਰਮੀਤ ਨੂੰ ਗਿਲਾ ਹੈ ਕਿ ਸਰਕਾਰ ਭਾਵੇਂ ਕਿਸੇ ਵੀ ਪਾਰਟੀ ਦੀ ਹੋਵੇ ਉਹ ਨਾ ਤਾਂ ਪੇਂਡੂ ਸਕੂਲਾਂ ਦੀਆਂ ਗਰਾਊਂਡਾਂ ਅਤੇ ਨਾ ਹੀ ਉਨ੍ਹਾਂ 'ਚ ਸੰਘਰਸ਼ ਕਰ ਰਹੇ ਖਿਡਾਰੀਆਂ ਵਲ ਧਿਆਨ ਦਿੰਦੀ ਹੈ ਜਿਸ ਕਾਰਨ ਖੌਰੇ ਕਿੰਨੇ ਧਿਆਨ ਚੰਦ ਅਣਗੌਲੇ ਹੀ ਦੁਨੀਆਂ ਦੀ ਭੀੜ 'ਚ ਗੁਆਚ ਜਾਂਦੇ ਹਨ।

**ਕ੍ਰਿਪਾਲ ਸਿੰਘ ਫੁਲਟ**



"ਜਪਾਨ-1987" ਦਾ 42 ਲੱਖ ਰੁਪਏ ਦਾ ਸੰਸਾਰ ਪ੍ਰਸਿਧ ਇਨਾਮ ਜੇਤੂ ਡਾਕਟਰ ਗੁਰਦੇਵ ਸਿੰਘ ਖੁਸ਼ ਜੋ ਮਨੀਲਾ ਵਿਚ ਬਾਸਮਤੀ ਦੀ ਨਵੀਂ ਕਿਸਮ ਵਿਕਸਿਤ ਕਰਨ ਲਈ ਕੰਮ ਕਰ ਰਹੇ ਹਨ।



ਪ੍ਰਿੰ. ਤਖਤ ਸਿੰਘ ਜਿਨ੍ਹਾਂ ਦੇ ਨਵ - ਪ੍ਰਕਾਸ਼ਤ (1985) ਕਾਵਿ - ਸੰਗ੍ਰਹਿ 'ਵਜਦ - ਓ - ਹੈਰਤ' ਲਈ ਭਾਸ਼ਾ ਵਿਭਾਗ ਪੰਜਾਬ ਨੇ ਸਾਹਿਰ ਲੁਧਿਆਣਵੀ ਰਾਜਕੀ ਐਵਾਰਡ ਦੇਣ ਦਾ ਐਲਾਨ ਕੀਤਾ ਹੈ। ਉਨ੍ਹਾਂ ਦੇ ਪਹਿਲੇ ਉਰਦੂ ਕਾਵਿ - ਸੰਗ੍ਰਹਿ 'ਖਲਿਸ - ਏ - ਇਹਸਾਸ' ਨੂੰ ਭਾਸ਼ਾ ਵਿਭਾਗ ਵਲੋਂ ਪ੍ਰਥਮ ਪੁਰਸਕਾਰ ਪ੍ਰਾਪਤ ਹੋ ਚੁੱਕਾ ਹੈ।



ਤੇ ਸੱਦਾ ਦੇਣ ਵਾਲੇ ਆਪ ਆਪਣੇ ਸਕਿਓਰਿਟੀ ਗਾਰਡਾਂ ਨੂੰ ਅੱਗੇ ਕਰ ਦਿੰਦੇ ਹਨ।

## ਡੱਡੂਆਂ ਦੇ ਸੰਭੋਗ 'ਚ ਖਲੱਲ ਬੰਦ

ਬ੍ਰੈਲਡ —— ਇਥੇ ਦੇ ਸਿਟੀ ਕੌਂਸਲ ਨੇ ਕਾਨੂੰਨੀ ਤੌਰ ਤੇ ਬੇੜੀਆਂ ਚਲਾਉਣ ਵਾਲਿਆਂ ਨੂੰ ਬੰਦ ਕਰ ਦਿੱਤਾ ਹੈ ਕਿ ਉਹਨਾਂ ਦੇ ਖੜਕੇ ਨਾਲ ਡੱਡੂਆਂ ਦੇ ਸੰਭੋਗ ਕਰਨ 'ਚ ਖਲਲ ਪੈਂਦਾ ਸੀ। ਕੌਂਸਲ ਦੇ ਰੀਕ੍ਰੀਏਸ਼ਨ ਮਹਿਕਮੇ ਨੇ ਸਾਫ ਚਿਤਾਵਨੀ ਦਿੰਦਿਆਂ ਕਿਹਾ ਕਿ ਜਦ ਤੱਕ ਡੱਡੂਆਂ ਦਾ ਸੰਭੋਗ ਸੀਜਨ ਚਲ ਰਿਹਾ ਹੈ ਉਨੀ ਦੇਰ ਡੱਡੂਆਂ ਦੀ ਪ੍ਰੇਮ ਲੀਲਾ 'ਚ ਬਿਲਕੁਲ ਵਿਘਨ ਨਾ ਪਾਇਆ ਜਾਵੇ।


If you had invested $2,000 in
**TEMPLETON GROWTH FUND**
every year since 1956...that's 30 years...
YOU WOULD BE ABLE TO RETIRE NOW WITH OVER
**$1.7 MILLION**

**It's a Fact!** An investment in Templeton Growth Fund, Ltd. of $2,000 per year since 1956 . . . assuming reinvestment of all dividends and capital gains distributions . . . increased in value to $1,717,814 by December 31, 1985.

These 30 years included periods of both rising and declining stock markets . . . the value of the Fund's shares fluctuate daily. Although there is no guarantee that future results will be as good, you should find out how the Templeton approach has produced this investment record. These figures are based on information contained in the Fund's prospectus. No deduction has been made for income taxes payable by investors.



**Free Brochure** Send coupon for a free brochure

Templeton ...the name says it all.

Name
Address
City Prov. Postal
Sold by prospectus only.



WRITE TO OR PHONE

Gurcharan Rampuri
Regal Capital Planners
# 100 - 1525 Robson St.
Vancouver, B.C. V6G 1C3
Bus: (604) 683-3111
Res: (604) 986-2883



GM WESTMINSTER

12th. STREET AT QUEENS AVE., NEW WESTMINSTER, B.C.

ਆਪ ਨਵੀਂ ਜਾਂ ਪੁਰਾਣੀ ਕਾਰ ਵੇਚਣੀ ਜਾਂ ਖ੍ਰੀਦਣੀ ਚਾਹੁੰਦੇ ਹੋ ਤਾਂ ਵਧੀਆ ਡੀਲ ਲਈ ਪ੍ਰੋਫੈਸ਼ਨਲ ਸੇਲਜ਼ਮੈਨ

**ਗੁਰਜੀਤ ਬਾਵਾ ਢੀਂਡਸਾ**

ਨੂੰ ਜ਼ਰੂਰ ਮਿਲੋ ਜਾਂ ਫੋਨ ਕਰੋ। ਉਹ ਤੁਹਾਨੂੰ ਵਧੀਆ ਕਾਰ ਵਾਜ਼ਬ ਕੀਮਤ ਤੇ ਦਿਵਾਉਣ ਦਾ ਵਾਅਦਾ ਕਰਦੇ ਹਨ।

- ਥੋੜ੍ਹੀ ਜਿਹੀ ਡਾਊਨ ਪੇਮੈਂਟ ਦੇ ਕੇ ਆਸਾਨ ਕਿਸ਼ਤਾਂ ਤੇ ਕਾਰ ਦਿਵਾ ਸਕਦੇ ਹਨ।

WESTMINSTER GM ਵਾਲਿਆਂ ਦੇ ਨਵੇਂ ਸ਼ੋਅਰੂਮ ਵਿਚ 1987 ਦੇ ਮਾਡਲ ਹੁਣ ਪਹੁੰਚ ਗਏ ਹਨ ਤੇ 1986 ਦੇ ਮਾਡਲਾਂ ਤੇ ਸੇਲ ਅਜੇ ਵੀ ਚੱਲ ਰਹੀ ਹੈ। ਨਵੇਂ ਸ਼ੋਅਰੂਮ ਵਿਚ ਆਓ ਤੇ ਸੇਲ ਦਾ ਫਾਇਦਾ ਉਠਾਓ!

BUS. 521-7731
Pager 687-1985 #5531





ਗੁਰਜੀਤ ਢੀਂਡਸਾ ਬਾਵਾ

# The Manitoba Mirror

# ਮੈਨੀਟੋਬਾ ਦਰਪਣ

## Dino's at the New Location

### ਡੀਨੋਜ਼ ਨਵੀਂ ਥਾਂ ਉਤੇ

## DINO'S GROCERY MART

460 NOTRE DAME AVE. WINNIPEG, MAN. R3B 1R5

**Ph. 942-1526**

**ਵਿੰਨੀਪੈਗ ਦਾ ਸਭ ਤੋਂ ਵੱਡਾ ਭਾਰਤੀ ਗਰੌਸਰੀ ਸਟੋਰ**

ਜੋ ਹਫ਼ਤੇ ਦੇ ਸੱਤੇ ਦਿਨ ਖੁੱਲ੍ਹਾ ਰਹਿੰਦਾ ਹੈ

ਅਸੀਂ ਹੇਠ ਲਿਖੀਆਂ ਵਸਤਾਂ ਦੇ ਸਪੈਸ਼ਲਿਸਟ ਹਾਂ

- ਈਸਟ ਇੰਡੀਅਨ ਗਰੌਸਰੀ
- ਹਿੰਦੀ - ਪੰਜਾਬੀ - ਪਾਕਿਸਤਾਨੀ ਫਿਲਮਾਂ
- ਭਾਰਤੀ ਰੀਕਾਰਡ - ਕੈਸਟਾਂ ਤੇ ਭਾਂਡੇ
- ਤਾਜ਼ਾ ਸਬਜ਼ੀਆਂ
- ਤਾਜ਼ਾ ਬੱਕਰੇ ਦਾ ਮੀਟ
- ਗੁਰਦੁਆਰਿਆਂ, ਮੰਦਰਾਂ, ਵਿਆਹਾਂ, ਪਾਰਟੀਆਂ ਅਤੇ ਇਕੱਠੀ ਗਰੌਸਰੀ ਖ੍ਰੀਦਣ ਉਤੇ ਡਿਸਕਾਊਂਟ
- ਵਿੰਨੀਪੈਗ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਮੇਲ ਆਰਡਰ ਉਤੇ ਗਰੌਸਰੀ ਭੇਜੀ ਜਾਂਦੀ ਹੈ
- ਈਸਟ ਇੰਡੀਅਨ ਅਖਬਾਰ ਅਤੇ ਰਸਾਲੇ

**ਡੀਨੋਜ਼ ਉਤੇ ਇਕੋ ਸਮੇਂ ਸਾਰੀ ਸ਼ਾਪਿੰਗ ਕਰੋ ! ਵਧੀਆ ਕੁਆਲਟੀ, ਘੱਟ ਕੀਮਤਾਂ, ਤੇਜ਼ੀ ਨਾਲ ਸਰਵਿਸ ਅਤੇ ਦੋਸਤਾਨਾ ਮਾਹੌਲ**

**ਡੀਨੋ ਦੇ ਸਟੋਰ ਉਤੇ "ਤੁਹਾਡੀ ਤਸੱਲੀ ਸਾਡਾ ਬਿਜ਼ਨਿਸ ਹੈ"**

## Locations Realty Inc.

36, Roslyn Road, WINNIPEG, MAN. R3L 0G6



ਆਪਣਾ ਘਰ ਖ੍ਰੀਦਣ ਜਾਂ ਵੇਚਣ ਲਈ, ਕਮਰਸ਼ਲ, ਇੰਡਸਟਰੀਅਲ ਪ੍ਰਾਪਰਟੀ, ਜ਼ਮੀਨ ਜਾਂ ਹੋਰ ਰੀਅਲ ਇਸਟੇਟ ਸਬੰਧੀ ਪ੍ਰੋਫੈਸ਼ਨਲ ਰਾਇ ਲੈਣ ਲਈ ਵਿਨੀਪੈਗ ਵਿਚ ਤੁਹਾਡੀ ਸੇਵਾ ਲਈ ਹਾਜ਼ਰ ਹਨ

### ਪਾਲ ਬਾਹੀਆ

ਪ੍ਰਾਪਰਟੀ ਬਾਰੇ ਜਾਣਕਾਰੀ ਲਈ ਫੋਨ ਕਰੋ :

**(204) 477-4600** (24 hrs.)

**Res. 694-3550**

LOCATIONS
REALTY INC.

AUTOPAC
PROTECTING MANITOBANS ON THE MOVE

## Dorion Insurance Agency

### ਡੋਰੀਅਨ ਇਨਸ਼ੋਰੈਂਸ ਏਜੰਸੀ

**ਤੁਹਾਡੀ ਆਪਣੀ ਕੌਮੀ ਇਨਸ਼ੋਰੈਂਸ ਏਜੰਸੀ**

ਹਰ ਪ੍ਰਕਾਰ ਦੀ ਇਨਸ਼ੋਰੈਂਸ ਕਰਵਾਉਣ ਲਈ



Kulwant S. Brar
Manager & Owner

Commissioner for oaths

जिवें कि :—

- ਆਪਣੇ ਮਕਾਨ
- ਵਿਉਪਾਰ
- ਕਾਰ ਤੇ ਟਰੱਕ
- ਜੀਵਨ ਬੀਮਾ
- ਕੰਮ ਸਮੇਂ ਸੱਟ ਲੱਗ ਜਾਣ ਤੇ ਜਾਂ ਬੀਮਾਰ ਹੋ ਜਾਣ ਤੇ।
- ਆਟੋ ਪੈਕ ਰੀਨੀਊ ਕਰਾਉਣ ਲਈ
- ਲਾਈਸੈਂਸ ਪਲੇਟਾ ਲੈਣ ਲਈ
- ਕਾਰ, ਟਰੱਕ, ਮੋਟਰ ਸਾਈਕਲਾਂ ਦੀ ਰਜਿਸਟਰੇਸ਼ਨ ਕਰਵਾਉਣ ਲਈ ਮਿਲੋ ਜਾਂ ਫ਼ੋਨ ਕਰੋ :

**ਕੁਲਵੰਤ ਸਿੰਘ ਬਰਾੜ** ਫੋਨ : 772-3301 775-1061

509 ELLICE AVE. WINNIPEG, MAN.

## AJANTA TRAVELS

**ਮੈਨੀਟੋਬਾ ਵਿਚ ਹਵਾਈ ਜਹਾਜ਼ਾਂ ਦੀਆਂ ਟਿਕਟਾਂ ਲਈ ਅਜੰਤਾ ਟਰੈਵਲਜ਼ ਨੂੰ ਫੋਨ ਕਰੋ**

ਰੱਖੋ : ਕੈਨੇਡਾ ਦਰਪਣ (604) 581-4473

The Manitoba Mirror

ਮੈਨੀਟੋਬਾ ਦਰਪਣ


# V.I.P. SUPERMARKET

**Ph. 774-8671**

(ਨਵੇਂ ਪ੍ਰਬੰਧ ਹੇਠ)

ਸਟੇਨਲੈਸ ਸਟੀਲ ਦੇ ਬਰਤਨ ਖ਼੍ਰੀਦਣ ਲਈ ਸਭ ਤੋਂ ਵੱਡਾ ਗਰੌਸਰੀ ਸਟੋਰ

ਭਾਰਤੀ ਗਰੌਸਰੀ, ਤਾਜ਼ੀਆਂ ਸਬਜ਼ੀਆਂ, ਬੱਕਰੇ ਦਾ ਤਾਜ਼ਾ ਮੀਟ, ਨਵੇਂ ਗਾਣਿਆਂ ਦੀਆਂ ਟੇਪਾਂ ਖ਼੍ਰੀਦੋ

ਗੋਲਗੱਪੇ ਅਤੇ ਸਮੋਸਾ ਮੇਕਰ ਤੁਹਾਨੂੰ ਵੀ. ਆਈ. ਪੀ. ਸੁਪਰਮਾਰਕੀਟ ਤੋਂ ਹੀ ਮਿਲ ਸਕਦੇ ਹਨ

**V.I.P. SUPERMARKET**
739, Elice Ave. WINNIPEG, MAN.

# AMAN REALTY

1223 MARICHAM ROAD, WINNIPEG, MAN. R3T 4B1

MLS

ਹਰ ਤਰ੍ਹਾਂ ਦੀ ਜਾਇਦਾਦ ਜਿਵੇਂ : ਮਕਾਨ, ਅਪਾਰਟਮੈਂਟ ਬਲਾਕ, ਕੋਈ ਭੀ ਬਿਜਨਿਸ, ਕਮਰਸ਼ਲ ਪ੍ਰਾਪਰਟੀ, ਜ਼ਮੀਨ, ਹੋਟਲ ਜਾਂ ਮੋਟਲ

- ਖ਼੍ਰੀਦਣੀ ਜਾਂ ਵੇਚਣੀ ਹੋਵੇ
- ਮਾਰਗੇਜ਼ ਦਾ ਪ੍ਰਬੰਧ ਕਰਨਾ ਹੋਵੇ
- ਕੋਈ ਸਲਾਹ ਮਸ਼ਵਰਾ ਲੈਣਾ ਹੋਵੇ

ਤਾਂ ਸਾਡੇ 9 ਸਾਲਾਂ ਦੇ ਤਜਰਬੇ ਦਾ ਫਾਇਦਾ ਉਠਾਓ

ਨੋਟ : ਕੋਈ ਭੀ ਪ੍ਰਾਪਰਟੀ ਵੇਚਣ ਵੇਲੇ 7% ਕਮਿਸ਼ਨ ਦੇਣਾ ਕੋਈ ਜ਼ਰੂਰੀ ਨਹੀਂ

**CALL : Bus. 269-4411, Res. 261-7598, Pager 942-0141 Code 5697**

Member : WPG Real Estate Board, Manitoba Real Estate Assoc. Canadian Real Estate Association



BALDEV S. BEDI M.A. B.A. (Hons.)
BROKER AND COMMISSIONER FOR OATHS
in and for the Province of Manitoba

# NORTH AMERICAN LIFE ASSURANCE CO.

**To Your Needs Which You Can Afford**

ਕੇਵਲ ਤਿੰਨ ਜਾਂ ਚਾਰ ਜਾਂ ਪੰਜ ਸਾਲਾਂ ਵਿਚ ਆਪਣੀ ਜ਼ਿੰਦਗੀ ਭਰ ਦੀ ਇਨਸ਼ੋਰੈਂਸ ਖ਼੍ਰੀਦਣ ਲਈ



Sukhjinder S. Dhillon
Res: 669-2573

ਰਾਜ ਸਿੰਘ ਮਾਨ

ਜਾਂ

ਸੁਖਜਿੰਦਰ ਸਿੰਘ ਢਿੱਲੋਂ

ਨੂੰ ਮਿਲੋ

● ਲਾਈਫ਼ ਇਨਸ਼ੋਰੈਂਸ ● ਗਰੁੱਪ ਇਨਸ਼ੋਰੈਂਸ ● ਮਾਰਗੇਜ ਇਨਸ਼ੋਰੈਂਸ
● ਬੱਚਿਆਂ ਦੀ ਪੜ੍ਹਾਈ ਦੀ ਇੰਨਸ਼ੋਰੈਂਸ

■ Personal ■ Children's ■ Group ■ Annuities

**Ph. 943-1526**

1507 - 330 Portage Ave. WINNIPEG, MAN. R3C 0C4



Raj Singh Maan Sales Manager
Res. 694-0731
Commissioner for oaths

# ਆਪਣੇ ਵਪਾਰ ਵਿਚ ਵਾਧਾ ਕਰਨ ਲਈ ਇਕੋ ਇੱਕ ਨਾਂ ਯਾਦ ਰੱਖੋ
# 'ਕੈਨੇਡਾ ਦਰਪਣ' ਫੋਨ (604) 581-4473


## GIL'S NEW & USED

**Furniture & Appliances Warehouse**

All kinds of New and Used Furniture — Color TV — Stereos — Major Appliances — Refrigerators — —Air Conditioners

**WE BUY SELL TRADE**

ਹਰ ਤਰ੍ਹਾਂ ਦਾ ਨਵਾਂ ਤੇ ਪੁਰਾਣਾ ਫਰਨੀਚਰ ਖ਼ਰੀਦਣ ਲਈ ਮਿਲੋ ਜਾਂ ਫੋਨ ਕਰੋ :

**582-8726**

121 SALTER STREET WINNIPEG, MAN.

## REDWOOD MOTORS LTD.

ਕਾਰਾਂ ਦੀ ਜਨਰਲ ਮੁਰੰਮਤ — ਬਰੇਕਾਂ ਦੀ ਸਪੈਸ਼ਲ ਸਰਵਿਸ



**ਟੈਕਸੀਆਂ ਦੀ ਰੀਪੇਅਰ ਉਤੇ ਸਪੈਸ਼ਲ ਡਿਸਕਾਊਂਟ**

ਹਰ ਤਰ੍ਹਾਂ ਦੀ ਕਾਰ ਦੀ ਮੁਰੰਮਤ ਜਲਦੀ ਕਰਵਾਉਣ ਲਈ ਰੈਡਵੁੱਡ ਮੋਟਰਜ਼ ਉਤੇ ਪਹੁੰਚੋ



**PH. 582-7138**

600 - Redwood Ave. WINNIPEG, MAN.

## ਹਾਂਗਕਾਂਗ ਵਿਚ ਜੇ ਤੁਸੀਂ ਰੁਕ ਕੇ ਜਾਣਾ ਚਾਹੋ ਤਾਂ ਬੈਂਸ ਟਰੈਵਲ ਸਰਵਿਸ ਇਹ ਪ੍ਰਬੰਧ ਕਰ ਸਕਦੇ ਹਨ

ਭਾਰਤ ਜਾਣ ਵਾਲਿਆਂ ਲਈ ਜੇ ਰਾਹ ਵਿਚ ਕਿਤੇ ਰੁਕਣਾ ਨਹੀਂ ਚਾਹੁੰਦੇ, ਲਈ ਸਿੱਧੀਆਂ ਫਲਾਈਟਾਂ ਦਾ ਵੀ ਪ੍ਰਬੰਧ ਹੈ

CALL TOLL FREE **1-800-663-6699** (B.C. & ALBERTA)



ਭਾਰਤ, ਪਾਕਿਸਤਾਨ, ਫੀਜ਼ੀ, ਲੰਡਨ, ਸ੍ਰੀ ਲੰਕਾ, ਡਿਜ਼ਨੀਲੈਂਡ, ਹਵਾਈ ਜਾਂ ਦੁਨੀਆਂ ਦੇ ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ

ਘੱਟ ਤੋਂ ਘੱਟ ਕਿਰਾਏ

ਜੇਕਰ ਤੁਸੀਂ ਲੰਡਨ ਰਾਹੀਂ ਜਾ ਰਹੇ ਹੋ ਤਾਂ ਤੁਸੀਂ 2 ਸੂਟਕੇਸ ਆਪਣੇ ਨਾਲ ਲਿਜਾ ਸਕਦੇ ਹੋ

## BAINS TRAVEL SERVICE

6364 Fraser Street,
Vancouver, B.C.
Ph. 324-2277

935 Marine Drive
Capilano Mall,
N. Vancouver

1710 Douglas St.
Victoria, B.C.
Ph. 386-6363

## ਪੰਜਾਬੀ ਮਾਰਕਿਟ ਵਿਚ

# ਮਾਨ ਸ਼ੂਅ ਸਟੋਰ

ਆਦਮੀਆਂ, ਔਰਤਾਂ, ਅਤੇ ਬੱਚਿਆਂ ਦੇ ਜੋੜੇ, ਚਮੜੇ ਦੇ ਅਟੈਚੀ, ਪਰਸ ਅਤੇ ਹੋਰ ਸਾਮਾਨ

**MENS, LADIES & CHILDRENS' SHOES AND LEATHER LUGGAGE & ACCESSORIES**

**Mohinder Singh Mann**

**ਮਹਿੰਦਰ ਸਿੰਘ ਮਾਨ**

**321-4353**

**MANN SHOE STORE**

6570 MAIN ST., VANCOUVER, B.C.

# D.P. Pandia & Associates

**Immigration Consultants**

**Serving the Community Since 1939**

**Ph. (604) 684-3716 or 684-8601**

# 61 - 553 Granville St., Vancouver, B.C.



# ਸਾਹਿਤ ਤੇ ਕਲਾ



ਕਹਾਣੀ

## ਅੱਕ

**ਰਘੁਬੀਰ ਢੰਡ**

ਅੱਜ ਫਿਰ ਲੋਕਾਂ ਨੇ ਉਨ੍ਹਾਂ ਦੋਹਾਂ ਨੂੰ ਲਿਸਟਰ ਪਾਰਕ ਦੇ ਉਸੇ ਬੈਂਚ 'ਤੇ ਬੈਠਿਆਂ ਵੇਖਿਆ ਸੀ। ਉਹ ਬਹੁਤੇ ਖੁਸ਼ ਤਾਂ ਨਹੀਂ ਸਨ,ਪਰ . ... ਇੰਨੇ ਉਦਾਸ ਵੀ ਨਹੀਂ ਸਨ ਕਿ ਹਿੰਦੋਸਤਾਨੀ ਬੁੱਢਿਆਂ ਵਾਂਗ ਮੌਤ ਉਡੀਕ ਰਹੇ ਹੋਣ ਜਾਂ ਜਿੰਨੇ ਉਦਾਸ ਉਹ ਇੰਡੀਆ ਜਾਣ ਤੋਂ ਪਹਿਲਾਂ ਰਿਹਾ ਕਰਦੇ ਸਨ। ਹੁਣ ਉਨ੍ਹਾਂ ਨੂੰ ਜ਼ਿੰਦਗੀ ਵਿੱਚ ਦਿਲਚਸਪੀ ਹੋਣ ਲਗ ਪਈ ਸੀ। ਹੁਣ ਉਹ ਵਧੀਆ ਦਿਨ ਤੇ ਸੁਹਾਵਣੇ ਮੌਸਮ ਦੀ ਸਿਫਤ ਵੀ ਕਰਦੇ ਸਨ,ਖਿੜੇ ਫੁੱਲਾਂ ਨਾਲ ਮਨ ਵੀ ਖਿੜਾਉਂਦੇ ਸਨ,ਲੰਘੀਆਂ ਜਾਂਦੀਆਂ ਗੋਰੀਆਂ ਦੀਆਂ ਚਾਕਲੀ ਵਰਗੀਆਂ ਲੱਤਾਂ ਨਾਲ ਅੱਖਾਂ ਵੀ ਠਾਰਦੇ ਸਨ ਅਤੇ ਪੀਂਘਾਂ ਝੂਟ ਰਹੇ ਬੱਚਿਆਂ ਵੱਲ ਤੱਕ ਡਰਦੇ ਵੀ ਸਨ ਕਿ ਕਿਤੇ ਕਿਸੇ ਨਿਆਣੇ ਦੀ ਡਿਗਕੇ ਜਾਹ-ਜਾਂਦੀ ਨਾ ਹੋ ਜਾਵੇ।

ਪਹਿਲਾਂ ਇੰਜ ਨਹੀਂ ਸੀ,ਭਾਵੇਂ ਉਹ ਇਸੇ ਪਾਰਕ ਵਿੱਚ ਅਤੇ ਤਕਰੀਬਨ ਇਸੇ ਬੈਂਚ 'ਤੇ ਬਹਿੰਦੇ ਸਨ। ਪਹਿਲਾਂ ਉਹ ਬੜੇ ਉਦਾਸ-ਉਦਾਸ ਤੁਰੇ ਫਿਰਦੇ ਸਨ। ਹਾਉਕਾ ਲੈ ਕੇ ਉਠਦੇ ਸਨ। ਪੈਨਸ਼ਨ ਲੈਣ ਜਾਂਦਿਆਂ ਉਨ੍ਹਾਂ ਨੂੰ ਦੂਜੇ ਬਜ਼ੁਰਗ ਸਾਥੀਆਂ ਵਾਂਗ ਖੁਸ਼ੀ ਨਹੀਂ ਸੀ ਹੁੰਦੀ। ਇਕ ਦਿਨ ਕੱਥੂਨੰਗਲੀਆ ਕਪੂਰਾ ਡਾਕਖਾਨਿਉਂ ਪੈਨਸ਼ਨ ਲੈਣ ਪਿਛੋਂ ਆਖਣ ਲੱਗਾ,"ਚੈਨ ਸਿਆਂ,ਇਸ ਸਾਲ ਤਾਂ ਪੈਨਸ਼ਨ ਪੰਜਤਾਲੀ ਪੈਨੀਆਂ ਹੀ ਵਧੀ ਏ। ਪੰਜਤਾਲੀ ਪੈਨੀਆਂ ਦਾ ਤਾਂ ਯਾਰ ਬੀਅਰ ਦਾ ਗਲਾਸ ਵੀ ਨਹੀਂ ਆਉਂਦਾ। ਥੈਚਰ ਨੇ ਗਰੀਬ ਤਬਕੇ ਨੂੰ ਤਾਂ ਖੱਸੀ ਹੀ ਕਰ ਛੱਡਿਆ ਈ।"

—ਹਾਂ।...ਚੈਨ ਸਿੰਘ ਨੇ ਬੱਸ ਇਨਾ ਹੀ ਜਵਾਬ ਦਿੱਤਾ।

—ਹਾਂ।...ਦੇਸ ਰਾਜ ਨੇ ਵੀ ਬੱਸ ਇਨਾ ਹੀ ਆਖਿਆ।

ਆਪਣੇ ਪੋਤੇ-ਪੋਤੀਆਂ ਨੂੰ ਸਕੂਲ ਛੱਡਣ ਜਾਂਦੇ ਤੇ ਲੈ ਕੇ ਆਉਂਦੇ;ਬੱਸ ਇਕ ਓਪਰੇ ਜਿਹੇ ਨਿੱਤਨੇਮ ਵਿਚ ਬੱਝੇ ਹੋਏ। ਬੱਚੇ ਸਨ,ਸਵਾਲ ਤਾਂ ਪੈਰ-ਪੈਰ ਤੇ ਪੁੱਛਦੇ ਸਨ। ਬੱਸ ਉਹ ਹਾਂ-ਹੂੰ ਕਰ ਛੱਡਦੇ,ਜਾਂ ਸੜਕ ਪਾਰ ਕਰਨੀ ਹੁੰਦੀ ਤਾਂ ਉਨ੍ਹਾਂ ਦੀਆਂ ਉਂਗਲਾਂ ਫੜ ਲੈਂਦੇ। ਜਦੋਂ ਦੋਵੇਂ ਯਾਰ ਵਿਛੜਨ ਲੱਗਦੇ ਤਾਂ ਜਿਸਦਾ ਘਰ ਪਹਿਲਾਂ ਆਉਂਦਾ ਉਹ ਆਖਦਾ,"ਆ ਜਾ ਫੇਰ।ਇਥੇ ਹੀ ਛਕ ਲੈ ਅੰਨ-ਪਾਣੀ"

ਪਰ ਦੂਜਾ ਹਮੇਸ਼ਾ ਇਹੀ ਜਵਾਬ ਦਿੰਦਾ,"ਕੋਈ ਨੀ ਉਧਰ ਵੀ ਤੇਰੀ ਈ ਐ।"ਹੁਣ ਤਾਂ ਇਹ ਗੱਲ ਵੀ ਜਿਵੇਂ ਨਿੱਤਨੇਮ ਹੀ ਬਣ ਗਈ ਸੀ। ਇਕ ਇਕ ਝੂਠ,ਜਿਸਨੂੰ ਦੋਹਾਂ ਨੇ ਸਵੀਕਾਰ ਕਰ ਲਿਆ ਸੀ, ਜਾਂ ਸਵੀਕਾਰ ਕਰਨਾ ਹੀ ਪਿਆ ਸੀ। ਕੇਹੇ ਦਿਨ ਆ ਗਏ ਸਨ! ਉਨ੍ਹਾਂ ਦੇ ਹਮ-ਉਮਰ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਕਰਦੇ ਸਨ ਦੋਹਾਂ ਬਾਰੇ:

—ਆੜੀ ਵੇਖੀ ਬਈ ਏਨ੍ਹਾਂ ਦੀ। ਪੈਂਤੀ ਸਾਲ ਹੋ ਗਏ,ਭੋਰਾ ਫਿਕ ਨੀ ਪਿਆ।

—ਸੱਤਜੁਗੀ ਜੀਵ ਨੇ ਸੱਤਜੁਗੀ।

—ਪਰ ਪਹਿਰਾ ਸਾਲਾ ਕਲਜੁਗ ਦੇ।

—ਤਦੇ ਤਾਂ ਲੋਥਾਂ ਵਾਂਗ ਤੁਰੇ ਫਿਰਦੇ ਨੇ। ਕੀ ਚੜ੍ਹਤਾਂ ਸਨ ਦੋਹਾਂ ਦੀਆਂ ਕਿਸੇ ਸਮੇਂ!

—ਜਦੋਂ ਦੀਆਂ ਦੋਹਾਂ ਦੀਆਂ ਘਰ-ਵਾਲੀਆਂ ਮਰੀਆਂ ਨੇ ਜਮ੍ਹਾਂ ਹੀ ਬੀਤ ਗਏ। ਯਾਰੋ ਏਨਾ ਹਾਵਾ ਵੀ ਕੀ ਕਹੁ।

—ਸਵੇਰੇ ਉਠਕੇ ਨਉਂ ਲੈਣ ਵਾਲੀਆਂ ਤੀਮੀਆਂ ਸਨ ਦੋਹਾਂ ਦੀਆਂ। ਵਿਚਾਰੀਆਂ ਮਹੀਨੇ-ਮਹੀਨੇ ਦੇ ਫਰਕ ਨਾਲ ਮੁੱਕ ਗਈਆਂ। ਇਹੋ ਜਿਹੇ ਸਾਥੀਆਂ ਦਾ ਹੇਰਵਾ ਮਾਰ ਘੱਤਦਾ ਏ ਬੰਦੇ ਨੂੰ।




—ਤੇ ਨੂੰਹਾਂ ਦੋਹਾਂ ਦੀਆਂ ਬੜੀਆਂ ਚੰਦਰੀਆਂ ਨੇ। ਪੈਨਸ਼ਨ ਸਾਰੀ ਖੋਹ ਲੈਂਦੀਆਂ ਨੇ। ਰੋਟੀ ਕੁੱਤਿਆਂ ਵਾਂਗ ਦਿੰਦੀਆਂ ਨੇ।

—ਤੇ ਮੁੰਡੇ ਸਾਲੇ ਦੋਹਾਂ ਦੇ ਹੀ ਹੀਜੜੇ। ਸਿੱਧੀਆਂ ਗਾਲ੍ਹਾਂ ਕੱਢਦੇ ਨੇ ਪਿਉਆਂ ਨੂੰ।

—ਆਹੋ ਭਾਈ,ਭਾਗਵਾਨਾਂ ਨਾਲ ਹੀ ਬਹਾਰਾਂ ਨੇ।

ਇਹ ਸੀ ਪਾਰਕ-ਕਥਾ ਜਿਹੜੀ ਚੈਨ ਸਿੰਘ ਤੇ ਦੇਸ ਰਾਜ ਬਾਰੇ ਚਲਦੀ ਸੀ। ਇਹ ਕੋਈ ਤਿਆਰ-ਸ਼ੁਦਾ ਸਿਆਸੀ ਤੇ ਮਜ਼ਹਬੀ ਤਕਰੀਰਾਂ ਤਾਂ ਸਨ ਨਹੀਂ। ਸਿੱਧੇ-ਸਾਦੇ ਲੋਕਾਂ ਦੀਆਂ ਸੁਭਾਵਕ ਗੱਲਾਂ ਸਨ। ਥੋੜ੍ਹੀ - ਬਹੁਤੀ ਨਿੱਜੀ ਰੰਗਣ ਦੇ ਬਾਵਜੂਦ ਸੱਚੀਆਂ ਹੀ ਹੁੰਦੀਆਂ ਸਨ।

ਇਸੇ ਪਿਛੋਕੜ ਦੀ ਰੂਹ ਵਿਚ ਅੱਜ ਤੋਂ ਤਿੰਨ ਕੁ ਮਹੀਨੇ ਪਹਿਲਾਂ ਦੋਹਾਂ ਨੇ,ਇਸੇ ਬੈਂਚ 'ਤੇ ਬੈਠ ਇੰਡੀਆ ਜਾ ਪੱਕੇ ਤੌਰ 'ਤੇ ਵਸਣ ਦਾ ਫੈਸਲਾ ਲਿਆ ਸੀ। ਦੋਹਾਂ ਦੀਆਂ ਉਮਰਾਂ ਪੈਂਹਠ ਤੋਂ ਉਪਰ ਹੋ ਗਈਆਂ ਸਨ। ਇਸ ਲਈ ਪੈਨਸ਼ਨਾਂ ਇੰਡੀਆ ਵਿੱਚ ਵੀ ਮਿਲਣਗੀਆਂ। ਇਕੱਲੇ-ਇਕੱਲੇ ਨੂੰ ਢਾਈ-ਤਿੰਨ ਹਜ਼ਾਰ ਰੁਪਏ ਮਹੀਨਾ ਮਿਲਣਗੇ। ਮੁਕਦੇ ਨੇ ਇੰਨੇ ਪੈਸੇ? ਰਾਜਿਆਂ ਵਾਂਗ ਰਹਾਂਗੇ,ਉਨ੍ਹਾਂ ਸੋਚਿਆ।

ਦੋਹਾਂ ਦੇ ਬੁਝੇ ਚਿਹਰਿਆਂ 'ਤੇ ਖੇੜੇ ਪਰਤ ਆਏ।

—ਦਿਨ ਤਾਂ ਲਾਲਾ,ਅੱਜ ਸਮਰ ਵਰਗੇ। ...ਚੈਨ ਸਿੰਘ ਨੇ ਦੇਸ ਰਾਜ ਨੂੰ ਆਖਿਆ,ਜਿਹਨੂੰ ਜਨਵਰੀ ਵਿੱਚ ਹੀ ਗਰਮੀਆਂ ਆ ਗਈਆਂ ਜਾਪਦੀਆਂ ਸਨ।

—ਹਾਂ ਚੈਨ ਸਿਆਂ,ਪਾਲੇ ਦੇ ਡੰਬੇ ਦਰਖਤਾਂ ਨੂੰ ਕਰੂੰਬਲਾਂ ਫੁੱਟਣ ਲੱਗ ਪਈਆਂ ਨੇ। ...ਦੇਸ ਰਾਜ ਨੂੰ ਵੀ ਮੌਸਮ ਬਦਲ ਗਿਆ ਜਾਪ ਰਿਹਾ ਸੀ।

ਦੋਵੇਂ ਮਿੱਤਰ ਘਰ ਵਾਲੀਆਂ ਦੀ ਮੌਤ ਪਿੱਛੋਂ ਆਪਣੀ ਹੋਂਦ ਅਤੇ ਸੋਚ ਵਿੱਚ ਤਾਲਮੇਲ ਨਹੀਂ ਸਨ ਕਾਇਮ ਰੱਖ ਸਕੇ। ਬੁਝਦੇ ਬੁਝਦੇ ਬੁਝ ਗਏ ਸਨ। ਨਵੇਂ ਫੈਸਲੇ ਨਾਲ ਸੁਪਨੇ ਧੜਕੇ ਤੇ ਜੀਵਨ-ਚੰਗਿਆੜੀ ਭੜਕੀ ਰੂਹਾਂ ਨੂੰ ਹੁਲਾਰਾ ਆਇਆ ਤੇ ਕੱਲ੍ਹ ਲਈ ਕੁਝ ਕਰਨ ਵਾਲਾ ਮਿਲਿਆ। ਮੁੰਡਿਆਂ-ਨੂੰਹਾਂ ਨੇ ਇਸ ਫੈਸਲੇ ਨੂੰ ਰੱਦ ਕਰਨ ਲਈ ਬੜੇ ਸਿਆਪੇ ਪਾਏ। ਨੂੰਹਾਂ ਨੇ ਅੰਬਾਲਾ ਸਵੀਟ ਸੈਂਟਰ ਦੀ ਮਠਿਆਈ ਤੇ ਜਲੇਬੀ ਹਾਊਸ ਤੋਂ ਗਰਮ ਗਰਮ ਜਲੇਬੀਆਂ ਖਾਸੀ ਮਿਕਦਾਰ ਵਿੱਚ ਲਿਆ ਕੇ ਖੁਆਈਆਂ,ਜਿਨ੍ਹਾਂ ਨੂੰ ਉਹ ਮੁਸਕੜੀਆਂ ਖਾਂ ਗਏ।! ਜਾਣ-ਪਛਾਣ ਵਾਲਿਆਂ ਤੋਂ ਜ਼ੋਰ ਵੀ ਪੁਆਇਆ। ਪਰ ਪੁਰਾਣੇ ਖਿਡਾਰੀ ਸਨ,ਮੁਚੇ ਨਹੀਂ ਸਨ।

"ਪਰ ਲਾਲਾ,ਤੇਰੀ ਜ਼ਮੀਨ ਤਾਂ ਹੋਈ ਪੰਜਾਬ ਵਿਚ ਬਟਾਲੇ ਲਾਗੇ ਤੇ ਮੇਰੀ ਹਰਿਆਣੇ 'ਚ ਜਗਾਧਰੀ ਲਾਗੇ। ਯਾਰ,'ਕੱਠੇ ਕਿਵੇਂ ਰਹਾਂਗੇ?

"ਕਰ ਦਿੱਤੀ ਨਾ ਉਹੀ ਜੱਟਾਂ—ਬੂਟਾਂ ਵਾਲੀ ਗੱਲ! ਹੁਣ ਵੱਖਰੇ-ਵੱਖਰੇ ਕੀਹਨੇ ਰਹਿਣੈ? ਘਰ ਵਾਲੀਆਂ ਹੁੰਦੀਆਂ ਤਾਂ ਹੋਰ ਗੱਲ ਸੀ। ਹੁਣ ਤਾਂ ਮਿੱਤਰਾ,ਇਕ ਮਹੀਨਾ ਹਰਿਆਣੇ,ਇਕ ਮਹੀਨਾ ਪੰਜਾਬ। ਆ ਗਈ ਗੱਲ ਅਕਲ 'ਚ?"ਦੇਸ ਰਾਜ ਨੇ ਚੈਨ ਸਿੰਘ ਦਾ ਮੋਢਾ ਹਿਲਾ ਆਖਿਆ।

"ਆ ਗਈ।"

ਤੇ ਦੋਵੇਂ ਬੜੀ ਤਸੱਲੀ ਨਾਲ ਵਤਨ ਨੂੰ ਉਡ ਗਏ।

ਹਵਾਈ ਜ਼ਹਾਜ਼ ਦੀ ਉਡਾਣ ਸਮੇਂ ਵੀ ਵਿਸਕੀ ਦੀਆਂ ਚੁਸਕੀਆਂ ਲੈਂਦੇ,ਬਾਕੀ ਦਾ ਜੀਵਨ ਇੰਡੀਆ ਵਿਚ ਅਮਨ-ਚੈਨ ਨਾਲ ਬਿਤਾਉਣ ਲਈ ਨਿੱਕੀਆਂ ਤੋਂ ਨਿੱਕੀਆਂ ਸਕੀਮਾਂ ਬਣਾਉਂਦੇ ਰਹੇ।.....

"ਐਵੇਂ ਨਰਕ ਨੀ ਭੋਗਣਾ।ਬਥੇਰਾ ਭੋਗ ਲਿਆ ਗੋਰਿਆਂ ਦੀਆਂ ਫੈਕਟਰੀਆਂ ਵਿੱਚ ਲਹੂ-ਪਾਣੀ ਇਕ ਕਰਕੇ। ਸਾਰੀ ਜਵਾਨੀ ਭੈਣ ਦੇਣੀਆਂ ਚਿਮਨੀਆਂ ਦਾ ਧੂੰਆਂ ਉਡਾ ਕੇ ਲੈ ਗਿਆ। ਰਹਿੰਦੀ-ਖੂੰਹਦੀ ਕਸਰ ਗੰਦੀ ਉਲਾਦ ਤੇ ਗਏ ਹੋਏ ਖਲਣੇ ਦੀਆਂ ਨੂੰਹਾਂ ਨੇ ਪੂਰੀ ਕਰ ਦਿੱਤੀ ਲਾਲਾ,ਸੌਂਹ ਮੈਨੂੰ ਬੜੇ ਮਹਾਰਾਜ ਦੀ,ਜੇ ਕੁਰ ਮਰੀ ਤੋਂ ਪਿਛੋਂ ਤਾਂ ਨਰਕ ਹੀ ਭੋਗਿਐ,ਕੁੰਭੀ ਨਰਕ। ਇਕ ਦਿਨ ਮੋਠਾਂ ਦੀ ਦਾਲ ਨਾਲ ਮੱਕੀ ਦੀ ਰੋਟੀ ਖਾਣ ਨੂੰ ਬਹੁਤ ਰੂਹ ਕੀਤੀ। ਇਕ ਦੋ ਵਾਰ ਜੀਅ ਵੀ ਕੀਤਾ ਕਿ ਨੂੰਹ ਨੂੰ ਆਖਾਂ। ਪਰ ਲਾਲਾ,ਹੌਸਲਾ ਹੀ ਨੀ ਪਿਆ। ਬੱਸ ਸਾਰੀ ਰਾਤ ਅੱਖਾਂ ਥਾਣੀ ਲੰਘਾ ਦਿੱਤੀ। ਨਿਆਣਿਆਂ ਵਾਂਗ ਰੋਣ ਨੂੰ ਜੀਅ ਕਰਦਾ ਸੀ ਜਾਂ ਗਾਲਾਂ ਕੱਢਣ ਨੂੰ ਜਾਂ ਘਰ ਫੂਕਣ ਨੂੰ....ਹਰਾਮ ਦਿਉ,ਪੱਚੀ ਘੁਮਾਂ ਝੋਟੇ ਦੇ ਸਿਰ ਵਰਗੀ ਜ਼ਮੀਨ ਲੈ ਕੇ ਦਿੱਤੀ ਹਰਿਆਣੇ 'ਚ। ਪਰ ਤੁਸੀਂ ਤਾਂ ਮੈਨੂੰ ਜਿਉਂਦਿਆਂ ਹੀ ਮਾਰ ਦਿੱਤਾ।'....ਹੁਣ ਲਾਲਾ,ਉਕਾ ਹੀ ਨਰਕ ਨੀ ਭੋਗਣਾ। ਸਾਰੀ ਪਿਲਸਣ ਤੇ ਜ਼ਮੀਨ ਦੀ ਆਮਦਨ ਫੂਕ ਦਿਆ ਕਰਨੀ ਐ। ਜੇ ਲੋੜ ਪਈ ਤਾਂ ਜ਼ਮੀਨ ਵੀ ਫੂਕ ਦੇਣੀ ਐ। ਬੱਸ ਹੁਣ ਕੋਈ ਏਹੋ-ਜਿਹੀ ਬਣਤ ਬਣਾਈਏ ਜੀਹਦੇ ਨਾਲ ਅਮਨ-ਚੈਨ ਦੀ ਜ਼ਿੰਦਗੀ ਕੱਟੀ ਜਾਵੇ।"

"ਚੈਨ ਸਿਆਂ,ਮੈਂ ਵੀ ਆਗਿਆ ਵੰਤੀ ਦੀ ਮੌਤ ਪਿਛੋਂ ਨਰਕ ਹੀ ਕੱਟਿਐ। ਮੇਰੀ ਨੂੰਹ ਤੇਰੀ ਜਿੰਨੀ ਮੂੰਹ-ਫਿਟ ਨੀ। ਪਰ ਚਾਲਾਕ ਅੰਤਾਂ ਦੀ ਏ। ਮੈਂ ਤਾਂ ਭਾਊ,ਬਹੁਤੀ ਵਾਰ ਆਪਣੀ ਰੋਟੀ ਆਪ ਪਕਾਂਦਾ ਰਿਹਾਂ। ਦਿਨ ਵੇਲੇ ਉਹ ਦੁਕਾਨ ਤੇ ਹੁੰਦੀ ਸੀ ਤੇ ਸ਼ਾਮ ਨੂੰ ਹਰਾਮਜ਼ਾਦੀ ਨੇ ਜਾਣ-ਬੁੱਝ ਕੇ ਉਹ ਕੁਝ ਬਣਾਣਾ ਜਿਹੜਾ ਮੈਨੂੰ ਸੁਆਦ ਨੀ ਲਗਦਾ। ਬੱਸ ਮੈਨੂੰ ਤਾਂ ਇੰਜ ਅਹਿਸਾਸ ਹੋ ਚਲਿਆ ਸੀ ਜਿਵੇਂ ਮੈਂ ਮਨੁੱਖ ਹੀ ਨਾ ਰਿਹਾ ਹੋਵਾਂ। ਬਿਲਕੁਲ ਮਿੱਟੀ ਬਣ ਗਿਆ। ਕਈ ਵਾਰ ਦਿਲ ਕੀਤਾ ਕਿ ਨੀਂਦ ਵਾਲੀਆਂ ਗੋਲੀਆਂ ਖਾਕੇ ਸਦਾ ਦੀ ਨੀਂਦ ਸੌਂ ਜਾਵਾਂ ਤੇ ਆਗਿਆ ਵੰਤੀ ਕੋਲ ਜਾ ਪੁੱਜਾਂ। ਪਰ ਵੇਦਾਂ ਗਰੰਥਾਂ 'ਚ ਲਿਖਿਆ ਹੋਇਆ ਏ ਕਿ ਆਤਮ-ਹੱਤਿਆ ਕਰਨ ਵਾਲੇ ਦੀ ਗਤੀ ਨੀ ਹੁੰਦੀ। ...ਹੁਣ ਤਾਂ ਮੇਰੇ ਕਸ਼ਟ ਕੱਟੇ ਜਾਣਗੇ। ਆਪਾਂ ਇੰਜ ਕਰਨਾ ਈ ਕਿ ਇੱਕ-ਇੱਕ ਲੋੜਵੰਦ ਟੱਬਰ ਰੱਖ ਲੈਣਾ ਈ। ਨਾਲੇ ਵਾਹੀ ਕਰਨਗੇ,ਨਾਲੇ ਆਪਣੀ ਸੇਵਾ ਕਰਨਗੇ। ਬਾਲ-ਬੱਚਿਆਂ ਦਾ ਬਾਬਾ ਜੀ—ਬਾਬਾ ਜੀ ਕਰਦਿਆਂ ਦਾ ਮੂੰਹ ਨੀ ਸੁੱਕਣਾ। ਮੇਰੇ ਪੋਤਿਆਂ ਨੂੰ ਤਾਂ ਪੰਜਾਬੀ ਬੋਲਣੀ ਹੀ ਨਹੀਂ ਆਉਂਦੀ। ਇੱਕ ਵਾਰ ਤਾਂ ਯਾਰ ਜ਼ਿੰਦਗੀ ਦੇ ਲਹਿਰੇ ਆ ਜਾਣਗੇ....."

ਤੇ ਉਹ ਜ਼ਿੰਦਗੀ ਦੇ ਲਹਿਰੇ ਲੈਂਦੇ-ਲੈਂਦੇ ਜਹਾਜ਼ ਵਿਚ ਹੀ ਸੌਂ ਗਏ। ਸੁਪਨਿਆਂ ਦਾ ਨਖਲਿਸਤਾਨ ਖਿੜਨ ਲੱਗਿਆ : ... ਹਰੀਆਂ ਕਣਕਾਂ। ਕਣਕਾਂ ਦੁਆਲੇ ਸਰ੍ਹੋਂ ਫੁੱਲੀਆਂ ਆਡਾਂ। ਨਵਾਰ ਦੇ ਮੰਜਿਆਂ ਤੇ ਬੈਠ ਗੰਨੇ ਚੂਪੇ ਜਾ ਰਹੇ ਨੇ। ਨੂੰਹਾਂ ਪਲੰਘ ਵਿਛਾ ਰਹੀਆਂ ਨੇ ਤੇ ਬੱਚੇ ਲੱਤਾਂ ਘੁੱਟ ਰਹੇ ਨੇ। ਚਿੱਟੀਆਂ ਮਖਣੀਆਂ ਤੇ ਮੇਥਿਆਂ ਵਾਲੀਆਂ ਰੋਟੀਆਂ ਦੀ ਖੁਸ਼ਬੋ ਖਿਲਰੀ ਪਈ ਹੈ। ਖੁੱਲ੍ਹੀਆਂ ਹਵਾਵਾਂ, ਗੂਹੜੀਆਂ ਨੀਂਦਾਂ ਅਤੇ ਹੀਰ ਦੀਆਂ ਕਲੀਆਂ ... ਪਿਛਲੀ ਉਮਰ ਵਧੀਆ ਕੱਟਣੀ ਚਾਹੀਦੀ ਹੈ। ਪਹਿਲੀ ਤਾਂ ਕੱਟੀ ਹੀ ਜਾਂਦੀ ਹੈ ....

* * * * *

ਦਿੱਲੀ! ਦੁਨੀਆਂ ਦੇ ਸਭ ਤੋਂ ਵੱਡੇ ਲੋਕਰਾਜ ਦੀ ਰਾਜਧਾਨੀ। ਪਾਲਮ ਹਵਾਈ ਅੱਡਾ, 'ਜਿਥੇ ਭਾਰਤ ਆਪਕਾ ਸਵਾਗਤ ਕਰਤਾ ਹੈ!' ਦੀ ਸੁਨਹਿਰੀ ਵੇਦੀ ਦੀ ਛਤਰ-ਛਾਇਆ ਹੇਠ ਕਾਲੇ ਕਾਰਨਾਮਿਆਂ ਦਾ

ਬਾਕੀ ਪੰਨਾ 20 'ਤੇ


THINKING OF BUYING or SELLING
(RESIDENTIAL, COMMERCIAL, FARMS & INDUSTRIAL)

L/R Lake View Realty

FREE Consultation for BUYING or SELLING
FREE Information on Financing
FREE Knowledge of your existing Mortgage
FREE EVALUATION of your property

FOR FRIENDLY & EFFICIENT SERVICE

Call

NIRMAL (NEIL) DHALIWAL
Bus: 588-9955 Res: 597-2069



I know the signs of a good neighbourhood.

If your property is currently listed with a real estate broker, please disregard this offer. It is not our intention to solicit the offerings of other real estate brokers. We are happy to work with them and cooperate fully.


## ਏਅਰ ਇੰਡੀਆ ਨੇ ਨਵਾਂ ਜਹਾਜ਼ ਖ੍ਰੀਦਿਆ

ਨਵੀਂ ਦਿੱਲੀ —— ਏਅਰ ਇੰਡੀਆ ਨੇ ਸਿੰਘਾਪੁਰ ਏਅਰ ਲਾਈਨਜ਼ ਤੋਂ ਬੋਇੰਗ 747-200 ਜਹਾਜ਼ ਲਿਆ ਹੈ, ਜੋ ਏਅਰ ਇੰਡੀਆ ਕਨਿਸ਼ਕਾ ਦੀ ਥਾਂ ਉਡਾਣ ਭਰੇਗਾ। ਏਅਰ ਇੰਡੀਆ ਨੇ ਇਸ ਨਵੇਂ ਜਹਾਜ਼ ਲਈ 48 ਮੀਲੀਅਨ ਪੌਂਡ ਦਿੱਤੇ ਹਨ।

ਕਨਿਸ਼ਕਾ ਦੇ 1985 ਵਿਚ ਬੰਬ ਨਾਲ ਸੜਨ ਨਾਲ 329 ਵਿਅਕਤੀਆਂ ਦੀ ਮੌਤ ਹੋਈ,ਉਦੋਂ ਦਰਦਨਾਕ ਦੁਰਘਟਨਾ ਆਇਰਲੈਂਡ ਵਾਪਰੀ ਸੀ, ਜਦੋਂ ਉਹ ਟੋਰਾਂਟੋ ਤੋਂ ਬੰਬਈ ਨੂੰ ਜਾ ਰਿਹਾ ਸੀ।

ਪੰਨਾ 19 ਦੀ ਬਾਕੀ

ਨਿਤਨੇਮ ਕੀਤਾ ਜਾਂਦਾ ਹੈ ਅਤੇ ਉਤਰੀ ਹੋਈ ਸਵਾਰੀ ਨੂੰ ਇਹ ਅਹਿਸਾਸ ਕਰਵਾ ਦਿੱਤਾ ਜਾਂਦਾ ਹੈ ਕਿ ਤੇਰਾ ਅਜੇ ਬਣਮਾਨਸ ਤੋਂ ਆਦਮੀ ਤੀਕ ਦਾ ਵਿਕਾਸ ਬਹੁਤ ਅਧੂਰਾ ਹੈ। ਦੇਸ ਰਾਜ ਨੂੰ ਆਖਿਆ ਗਿਆ : ਜਾ! ... ਪਰ ਚੈਨ ਸਿੰਘ ਨੂੰ ਰੋਕ ਲਿਆ ਗਿਆ।

"ਜੇ ਇਸ ਨੂੰ ਰੋਕੋਗੇ ਤਾਂ ਮੈਂ ਉਦੋਂ ਤੀਕ ਨੀ ਜਾਣਾ ਜਦੋਂ ਤੀਕ ਇਹ ਬਾਹਰ ਨੀ ਆ ਜਾਂਦਾ," ਦੇਸ ਰਾਜ ਅੜ ਗਿਆ।

"ਫੇਰ ਤੈਨੂੰ ਵੀ ਬੰਨ੍ਹ ਲਵਾਂਗੇ!"

"ਬੰਨ੍ਹ ਲਵੋ ਬੇਸ਼ਕ। ਇਹ ਮੇਰਾ ਧਰਮ ਦਾ ਭਰਾ ਏ। ਇਹਦੀ ਸ਼ਾਹਦੀ ਮੈਂ ਦੇਨਾਂ, "ਦੇਸ ਰਾਜ ਮੁੜ ਹੌਂਸਲੇ ਵਿਚ ਬੋਲਿਆ। ਪੇਂਡੂ ਪੰਜਾਬੀ ਸੀ, ਯਾਰਾਂ ਦਾ ਯਾਰ। ਨਾਲੇ ਦੇਸ ਰਾਜ ਵੀ ਸੀ, ਜਿਸ ਨੂੰ ਪ੍ਰਦੇਸ ਵਿਚ ਵਿਚਰਦਿਆਂ ਹਮੇਸ਼ਾਂ ਇਹ ਅਹਿਸਾਸ ਰਿਹਾ ਸੀ ਕਿ ਦੇਸ 'ਤੇ ਉਹਦਾ ਹੀ ਰਾਜ ਹੈ।

"ਚੰਗਾ ਫੇਰ ਬੈਠਾ ਰਹਿ ਸਵੇਰ ਤੀਕ।" ਅਫਸਰ ਇਹ ਆਖਦਿਆਂ ਉਸ ਕਮਰੇ ਵੱਲ ਚਲਿਆ ਗਿਆ, ਜਿਧਰ ਚੈਨ ਸਿੰਘ ਨੂੰ ਲੈ ਕੇ ਗਏ ਸਨ।

ਅੱਧੇ ਕੁ ਘੰਟੇ ਬਾਅਦ ਚੈਨ ਸਿੰਘ ਵੀ ਆ ਗਿਆ। ਦੋਹਾਂ ਨੇ ਟੈਕਸੀ ਲਈ ਤੇ ਬੱਸ ਸਟੇਸ਼ਨ ਨੂੰ ਆ ਗਏ। ਰਾਹ ਵਿਚ ਚੈਨ ਸਿੰਘ ਨੇ ਦੱਸਿਆ ਕਿ ਮੇਰੀ ਪੱਗ ਲੁਹਾਈ, ਬੂਟ ਲੁਹਾਏ, ਬਟੂਏ ਤੇ ਬੈਗ ਦੀ ਤਲਾਸ਼ੀ ਲਈ। ਪਰ ਲੱਭਣਾ ਕੀ ਸੀ ਮੇਰੇ ਕੋਲੋਂ ?

"ਪੁੱਛਿਆ ਗਿੱਛਿਆ ਨੀ ਕੁਝ ?"

"ਕੋਈ ਖਾਸ ਨੀ। ਇਕ ਸਰਦਾਰ ਅਫਸਰ ਨੇ ਮਾੜਾ ਜਿਹਾ ਪੁਛਿਆ ਸੀ ਕਿ ਤੇਰੇ ਉਗਰਵਾਦੀਆਂ ਨਾਲ ਕੀ ਸਬੰਧ ਨੇ ? ... ਮੈਂ ਆਖਿਆ 'ਉਹ ਕੌਣ ਹੁੰਦੇ ਨੇ ? ਮੈਂ ਤਾਂ ਇਹ ਲਫਜ਼ ਹੀ ਪਹਿਲੀ ਵਾਰ ਸੁਣਿਐ।"

"ਜਿਹੜੇ ਖਾਲਿਸਤਾਨ ਮੰਗਦੇ ਨੇ।"

"ਹਜ਼ੂਰ, ਮੇਰਾ ਖੜੇ-ਖਾਲਿਸਤਾਨ ਨਾਲ ਕੀ ਸਬੰਧ ਹੋ ਸਕਦੈ। ਪਹਿਲਾਂ ਅੰਗਰੇਜ਼ ਦੀ ਮਜ਼ਦੂਰ ਕੀਤੀ, ਫਿਰ ਨੂੰਹਾਂ-ਪੁੱਤਾਂ ਦੇ ਛਿੱਤਰ ਖਾਧੇ ਮੇਰੇ ਕੋਲ ਇੰਡੀਅਨ ਪਾਸਪੋਰਟ ਐ। ਲਾਲਾ ਦੇਸ ਰਾਜ ਮੇਰਾ ਸਭ ਤੋਂ ਵਧੀਆ ਯਾਰ ਐ। ਜ਼ਮੀਨ ਮੇਰੀ ਹਰਿਆਣੇ 'ਚ ਐ। ਹੁਣ ਤਾਂ ਚਾਰ ਦਿਨ ਸੁਖ ਦੇ ਕੱਟਣ ਆਏ ਆਂ। ਜੇ ਕੱਟਣ ਦੇਵੋਂਗੇ ਤਾਂ।"

"ਗੁਰਦੁਆਰੇ ਨੀ ਜਾਂਦਾ ਇੰਗਲੈਂਡ 'ਚ ?" ਇਕ ਹੋਰ ਸਰਦਾਰ ਅਫਸਰ ਨੇ ਸਵਾਲ ਕੀਤਾ। ਤਿੱਖਾ ਜਿਹਾ ਲਗਦਾ ਸੀ।

"ਜਨਾਬ, ਜਾਂਦਾ ਤਾਂ ਹਾਂ। ਪਹਿਲਾਂ ਤਾਂ ਮੱਥਾ ਟੇਕ ਦੋ ਵਚਨ ਬਾਣੀ ਦੇ ਸੁਣ ਲਈਦੇ ਸਨ। ਪਰ ਇਕ ਦਿਨ ਕਿਸੇ ਨੇ ਲੈਕਚਰ ਕੀਤਾ ਕਿ ਹਿੰਦੂ ਕੁੱਤੇ ਹੁੰਦੇ ਨੇ। ਨਾ ਇਹਨਾਂ ਨਾਲ ਵਰਤੋ ਤੇ ਨਾ ਇਹਨਾਂ ਦੀਆਂ ਦੁਕਾਨਾਂ ਤੋਂ ਸੌਦਾ ਲਵੋ। ਬਸ ਉਹ ਦਿਨ ਸੋ ਉਹ ਦਿਨ, ਮੈਂ ਮਹਾਰਾਜ ਦੀ ਹਜ਼ੂਰੀ 'ਚ ਹੀ ਨੀ ਬੈਠਿਆ। ਬੱਸ ਲੰਗਰ ਦੇ ਟੈਮ ਜਾਨਾਂ, ਮੱਥਾ ਟੇਕਦਾਂ ਤੇ ਲੰਗਰ ਛਕ ਕੇ ਘਰ ਨੂੰ ਮੁੜ ਆਉਨਾ।"

"ਜਾਣ ਦਿਉ ਏਸ ਨੂੰ ਸਿੱਧੜ ਜਿਹਾ ਲੱਗਦੈ।" ਉਸੇ ਸਰਦਾਰ ਅਫਸਰ ਨੇ ਆਖਿਆ।

ਇਹ ਵਿਥਿਆ ਸੁਣਾ ਚੈਨ ਸਿੰਘ ਨੇ ਦੇਸ ਰਾਜ ਨੂੰ ਗਲਵਕੜੀ ਪਾ ਲਈ ਤੇ ਬੋਲਿਆ, "ਲਾਲਾ, ਤੂੰ ਮੇਰੇ ਨਾਲ ਮੁੱਢੋਂ ਹੀ ਦੋਸਤੀ ਪਾਲੀ ਐ। ਅੰਦਰ ਮੈਨੂੰ ਅਫਸਰ ਕਹਿਣ ਲਗਿਆ ਕਿ ਜਾ ਤੇਰਾ ਯਾਰ ਤੇਰੇ ਬਿਨਾਂ ਕਸਟਮ ਤੋਂ ਬਾਹਰ ਨੀ ਨਿਕਲਦਾ। ਕਹਿਦੈ ਭਾਵੇਂ ਹੱਥਕੜੀਆਂ ਲਾ ਲਵੋ, ਜਾਵਾਂਗਾ ਉਹਨੂੰ ਨਾਲ ਲੈ ਕੇ ਹੀ। .... ਖਬਰੇ ਇਹ ਅਣਤੋਲੀ ਧਰਤੀ ਤੇਰੇ ਵਰਗੇ ਸੱਤਜੁਗੀ ਜੀਵਾਂ ਦੇ ਸਿਰ 'ਤੇ ਹੀ ਖੜ੍ਹੀ ਐ।" ਆਖਦਿਆਂ ਚੈਨ ਸਿੰਘ ਦੀ ਭੁੱਬ ਨਿਕਲ ਗਈ।

ਦੇਸ ਰਾਜ ਨੇ ਵੀ ਉਹ ਨੂੰ ਘੁੱਟ ਕੇ ਗਲਵੱਕੜੀ ਪਾ ਲਈ ਤੇ ਆਖਣ ਲੱਗਿਆ, "ਚੈਨ ਸਿਆਂ, ਤੇਰੇ ਵਰਗਾ ਦੋਸਤ ਤਾਂ ਦੀਵਾ ਲੈ ਕੇ ਵੀ ਭਾਲਿਆਂ ਨਾ ਮਿਲੇ। ਤੈਨੂੰ ਯਾਦ ਏ ਜਦੋਂ ਆਪਾਂ ਛੋਟੇ ਹੁੰਦਿਆਂ ਛਪਾਰ ਦਾ ਮੇਲਾ ਵੇਖਣ ਗਏ ਸਾਂ ਤੇ ਮੈਂ ਧੂਰਕੋਟੀਏ ਬੌਂਟੇ ਤੋਂ ਸਾਰੇ ਖਰੋਟ ਜਿੱਤ ਲਏ ਸਨ, ਤਾਂ ਧੂਰਕੋਟ ਦੀ ਸਾਰੀ ਮੰਡੀਹਰ ਮੈਨੂੰ ਕੁੱਟਣ ਆ ਪਈ ਸੀ ਤੇ ਮੈਂ ਸਾਰਾ ਹੀ ਠਰ ਗਿਆ ਸਾਂ। ਪਰ ਤੂੰ ਥਾਪੀ ਮਾਰ ਕੇ ਆਖਿਆ ਸੀ : ... ਆਓ ਕੋਈ ਮਾਈ ਦਾ ਲਾਲ! ਲਾਓ ਹੱਥ ਲਾਲੇ ਨੂੰ ਜੇ ਸੱਤਿਆ ਹੈ ਤਾਂ। ਫਿਰ ਸਾਰੇ ਡਰ ਕੇ ਭਿੱਜੀ ਬਿੱਲੀ ਵਾਂਗ ਇਕ ਪਾਸੇ ਹੋ ਕੇ ਖਲੋ ਗਏ ਸਨ, ਜਦੋਂ ਬੌਂਟੇ ਨੇ ਅੱਖ ਦੱਬਕੇ ਆਖਿਆ ਸੀ : ... ਸਾਲਿਉ, ਝੱਲੀਆਂ ਦਾ ਚੈਨ ਐ। ਸੱਤ ਭਾਈ ਨੇ ਰਾਹ ਬੰਦ ਕਰ ਦੇਣਗੇ।"

"ਹਾਂ, ਯਾਦ ਐ ਲਾਲਾ, ਵੇਖ ਲੈ ਸਾਰੇ ਭਰਾ ਮਰ ਗਏ ਨੇ। ਬਾਗ ਹੀ ਉਜੜ ਗਿਆ। ਪੈਂਤੀ ਜੀਆਂ ਦੀ ਰੋਟੀ ਪੱਕਦੀ ਸੀ। ਸਭ ਕੁਸ਼ ਬਦਲ ਗਿਆ ਯਾਰ, ਸਭ ਕੁਸ਼!"

ਹੁਣ ਇਸ ਸਭ ਕੁਝ ਬਦਲ ਗਏ ਭਾਰਤ ਵਰਸ਼ ਵਿਚ ਦੋਵੇਂ ਯਾਰ ਅਮਨ-ਚੈਨ ਨਾਲ ਬਾਕੀ ਦੀ ਆਉਧ ਹੰਢਾਉਣ ਆਏ ਸਨ।

ਫੈਸਲਾ ਇਹ ਹੋਇਆ ਕਿ ਰਿਸ਼ਤੇਦਾਰਾਂ ਨੂੰ ਮਿਲਣ ਦੀ ਥਾਂ ਪਹਿਲਾਂ ਆਪਣੀਆਂ ਆਪਣੀਆਂ ਜ਼ਮੀਨਾ ਤੇ ਜਾਇਆ ਜਾਵੇ। ਕੀ ਲੈਣਾ ਹੈ ਰਿਸ਼ਤੇਦਾਰਾਂ ਨੂੰ ਮਿਲਕੇ? ਜਦੋਂ ਆਪਣੇ ਸਕੇ ਪੁੱਤ ਤੇ ਨੂੰਹਾਂ ਹੀ ਦਗਾ ਦੇ ਗਏ ਤਾਂ ਹੋਰ ਕੋਈ ਆਪਣਾ ਕਿਵੇਂ ਬਣੇਗਾ ?

ਚੈਨ ਸਿੰਘ ਜਗਾਧਰੀ ਨੂੰ ਤੇ ਦੇਸ ਰਾਜ ਬਟਾਲੇ ਨੂੰ ਚਲਿਆ ਗਿਆ

* * * * * *

ਮਸਾਂ ਅੱਠ ਦਿਨ ਬੀਤੇ ਹੋਣਗੇ ਕਿ ਦੇਸ ਰਾਜ ਨੂੰ ਇਕ ਚਿੱਠੀ ਆਈ ਜਿਸ ਨੂੰ ਪੜ੍ਹਦਿਆਂ ਹੀ ਉਹਦੇ ਹਵਾਸ ਉਡ ਗਏ। ਹਰੀਆਂ ਕਣਕਾਂ ਭਾਂਬੜ ਬਣ ਨੱਚਣ ਲੱਗੀਆਂ ਅਤੇ ਮਾਘ ਦੀ ਸ਼ਾਂਤ ਤੇ ਨਿੱਖਰੀ ਹੋਈ ਧੁੱਪ ਦਾ ਨਿੱਘ ਉਹਦੇ ਹੱਡਾਂ ਨੂੰ ਠਾਰਦਾ ਉਹਦੀ ਸੱਤਿਆ ਸੂਤ ਕੇ ਲੈ ਗਿਆ। ਚਿੱਠੀ ਜੇਬ ਵਿਚ ਪਾ ਉਹ ਚੰਡੀਗੜ੍ਹ ਵਾਲੀ ਬੱਸ ਵਿਚ ਜਾ ਬੈਠਿਆ।

ਬੱਸ ਵਿਚ ਉਹ ਬਾਰੀ ਕੋਲ ਬੈਠਾ ਸੀ। ਨਾਲ ਇਕ ਬੀਬੀ ਬੈਠੀ ਸੀ। ਇੰਨੇ ਨੂੰ ਇਕ ਕੇਸਰੀ ਪੱਗ ਵਾਲਾ ਸੋਹਣਾ-ਸੁਨੱਖਾ ਮੁੰਡਾ ਆਇਆ ਤੇ ਬੋਲਿਆ, "ਪਰੇ ਹੋ ਉਏ ਲਾਲਾ, ਮੈਂ ਬਹਿਣਾ ਈ।"

"ਭਾਈ, ਇਹ ਦੋ ਬੰਦਿਆਂ ਵਾਲੀ ਸੀਟ ਏ ਤੇ ਅਸੀਂ ਦੋ ਬੈਠੇ ਹੀ ਹਾਂ। ਤੂੰ ਪਿਛਾਂਹ ਲੰਘ ਜਾ।"

ਮੁੰਡਾ ਅੱਗ ਦੀ ਨਾਲ ਬਣ ਗਿਆ, "ਪਰੇ ਹੁੰਦਾ ਏਂ ਕਿ ਮਾਰਾਂ ਬਾਰੀ 'ਚੋਂ ਚਲਾ ਕੇ ਬਾਹਰ। ਜਾਨ ਚਾਹੀਦੀ ਏ ਕਿ ਨਹੀਂ। ਧੋਤੀ-ਟੋਪੀ ਜਮਨਾ ਪਾਰ ਗਈ ਕਿ ਗਈ।"

ਦੇਸ ਰਾਜ ਗਿੱਠ-ਭਰ ਥਾਂ ਵਿਚ ਸੁੰਗੜ ਗਿਆ। ਚੰਡੀਗੜ੍ਹ ਤੀਕ ਅੱਖਾਂ ਮੀਟੀ ਗਾਇਤਰੀ ਮੰਤਰ ਦਾ ਜਾਪ ਕਰਦਾ ਰਿਹਾ। ਜਿੰਨਾ ਖੂਨ ਇੰਨ੍ਹਾਂ ਛੇ ਘੰਟਿਆਂ ਦੇ ਸਫਰ ਨੇ ਸੁਕਾ ਦਿਤਾ ਉਨਾ ਅੰਗਰੇਜ਼ ਦੀਆਂ ਫਾਂਉਡਰੀਆਂ ਨੇ ਤੀਹ ਸਾਲਾਂ 'ਚ ਨਹੀਂ ਸੁਕਾਇਆ ਹੋਣਾ। ਦੇਸ ਰਾਜ ਅੱਧ-ਮਰਿਆ ਜਿਹਾ ਚੰਡੀਗੜ੍ਹ ਚੈਨ ਸਿੰਘ ਦੀ ਧੀ ਨੰਦ ਕੌਰ ਦੇ ਘਰ ਪੁੱਜ ਗਿਆ।

ਅੱਗੇ ਜਦੋਂ ਚੈਨ ਸਿੰਘ ਵੇਖਿਆ ਤਾਂ ਉਸ ਨੂੰ ਜਾਪਿਆ ਜਿਵੇਂ ਉਹ ਕੰਢੇ 'ਤੇ ਆ ਲੱਗਿਆ ਹੋਵੇ। ਪਰ ਇਹ ਪੱਤਣ ਦਾ ਅਹਿਸਾਸ ਮੁੜ ਭਵ-ਸਾਗਰ ਵਿਚ ਗੋਤੇ ਖਾਣ ਲੱਗਿਆ ਜਦੋਂ ਉਸ ਨੇ ਆਪਣੇ ਪਿਆਰੇ ਯਾਰ ਦਾ ਸੁੱਜਿਆ ਹੋਇਆ ਮੂੰਹ ਵੇਖਿਆ। ਖੱਬੀ ਅੱਖ ਹੇਠਾਂ ਵੱਡਾ ਸਾਰਾ ਨੀਲ ਪਿਆ ਹੋਇਆ ਸੀ।

"ਕੀ ਹਾਲ ਏ ਚੈਨ ਸਿਆਂ, ਇਹ ਸੱਟ ਕਿੱਥੋਂ ਖਾ ਲਈ ?"

"ਹਾਲ ਲਾਲਾ, ਕਾਹਦਾ ਹੋਣੈ ? ਮੂਸਾ ਭੱਜਿਆ ਮੌਤ ਤੋਂ ਅੱਗੇ ਮੌਤ ਖੜ੍ਹੀ। ਬੱਸ ਤੇਰੇ ਦਰਸ਼ਣ ਹੋਣੇ ਸੀ, ਬਚ ਕੇ ਨਿਕਲ ਆਇਆਂ। ਨਹੀਂ ਤਾਂ ਸੁਆਹ ਹੀ ਲੱਭਣੀ ਸੀ। ਨਾ ਕਿਸੇ ਫੁੱਲ ਚੁਗਣੇ ਸਨ, ਨਾ ਗੰਗਾ ਪਾਉਣੇ ਸਨ।" ਕਹਿੰਦਿਆਂ, ਕਹਿੰਦਿਆਂ ਚੈਨ ਸਿੰਘ ਕਾਫੀ ਉਦਾਸ ਹੋ ਗਿਆ ਸੀ

"ਫੇਰ ਵੀ ਕੁਝ ਬਣਾ ਕੇ ਦਸ ਖਾਂ। ਬੁਝਾਰਤਾਂ ਜਿਹੀਆਂ ਕਿਉਂ ਪਾਈ ਜਾਨਾਂ ਏਂ।" ਦੇਸ ਰਾਜ ਦੀ ਉਤਸੁਕਤਾ ਕੁਝ ਖਿਝ ਵਿਚ ਬਦਲਦੀ ਜਾ ਰਹੀ ਸੀ।

"ਬਸ ਪਹਿਲਾ ਦਿਨ ਤਾਂ ਕੱਟਿਆ ਅਮਨ-ਚੈਨ ਨਾਲ। ਆਪਣੀ ਜ਼ਮੀਨ ਵਾਹੁੰਦੇ ਸੀ ਮਸੱਦੀ ਕੇ। ਫਸਲ ਅੰਤਾਂ ਦੀ ਉਠੀ ਸੀ। ਤੀਮੀਆਂ ਉਨ੍ਹਾਂ ਦੀਆਂ ਕੀ ਪੁੱਛਦੈਂ, ਪੁੱਜ ਕੇ ਸਚਿਆਰੀਆਂ! ਸਾਰੇ ਕੋਠੇ ਸਾਫ-ਸੁਥਰੇ ਅਤੇ ਲਿਸ਼ਕਾ ਕੇ ਰਖ ਦਿੱਤੇ। ਅੰਤਾਂ ਦਾ ਆਦਰ ਕੀਤਾ ਮੇਰਾ। ਬਸ ਏਹੀ ਆਖੀ ਜਾਣ : ਕਾਕਾ, ਤੁਮ ਯਹੀਂ ਰਹਿਨਾ। ਹਮ ਲੋਗ ਤੁਮ੍ਹਾਰੀ ਬਹੁਤ ਸੇਵਾ ਕਰੇਂਗੇ, ਆਪ ਕੇ ਬੱਚਾ ਲੋਗੋ ਸੇ ਵੀ ਬੜ੍ਹ ਕਰ।"

"ਅੱਛਾ, ਉਹ ਤੈਨੂੰ ਕਾਕਾ ਸੱਦਦੀਆਂ ਸਨ ਬੜੇ ਨਗੌਰ ਨੂੰ।" ਦੇਸ ਰਾਜ ਨੇ ਵਿਚੋਂ ਟੋਕ ਆਖਿਆ।

"ਤੈਨੂੰ ਬੜਾ ਪਤੇ ਜੱਭਲ ਨੂੰ। ਉਧਰ ਹਰਿਆਣੇ ਵੱਲ ਚਾਚੇ ਨੂੰ ਕਾਕਾ ਸੱਦਦੇ ਨੇ। ਆਈ ਅਕਲ 'ਚ ?"

"ਹਾਂ, ਆਈ। ਅਗਾਂਹ ਚੱਲ।"

"ਬਸ ਇਕ ਰਾਤ ਡਾਕੂ ਆਏ। ਚਾਰ ਸਨ ਕਿ ਪੰਜ। ਅਸਲੇ ਨਾਲ ਪੂਰੇ ਲੈਸ। ਪਸਤੌਲ ਵਿਖਾ ਤੀਮੀਆਂ ਤੇ ਆਦਮੀ ਸੁਸਰੀ ਵਾਂਗ ਸੁਲਾ ਦਿੱਤੇ ਮੇਰੀ ਹਿੱਕ 'ਤੇ ਪਸਤੌਲ ਰਖ ਪੰਜ-ਸੱਤ ਘਸੁੰਨ ਅੰਨ੍ਹੇਵਾਹ ਮੇਰੇ ਜੜ ਦਿੱਤੇ ਫਿਰ ਆਖਿਆ ਕਿ ਚੌਵੀ ਘੰਟਿਆਂ ਦੇ ਅੰਦਰ-ਅੰਦਰ ਹਰਿਆਣੇ ਦੀ ਜੂਹ ਤੋਂ ਬਾਹਰ ਨਾ ਗਿਆ ਤਾਂ ਟੈਰ 'ਤੇ ਮਿੱਟੀ ਦਾ ਤੇਲ ਪਾ ਕੇ, ਤੇਰੇ ਗਲ 'ਚ ਪਾ ਕੇ ਅੱਗ ਲਾ ਦਿਆਂਗੇ। ਜੋ ਹੱਥ ਆਇਆ ਲੈ ਗਏ ਤੇ ਹਰ ਹਰ ਮਹਾਂਦੇਵ ਕਰਦੇ ਚਲੇ ਗਏ।"

"ਮਸੱਦੀ ਹੋਰਾਂ ਦਾ ਕੀ ਵਤੀਰਾ ਸੀ, ਬਾਪੂ ਜੀ ?" ਐਤਕੀਂ ਦੇਸ ਰਾਜ ਦੀ ਥਾਂ ਨੰਦ ਕੌਰ ਨੇ ਪੁੱਛਿਆ।

"ਉਨ੍ਹਾਂ ਨੇ ਕੁੜੀਏ, ਬੜਾ ਦੁੱਖ ਮਨਾਇਆ। ਮਸੱਦੀ ਤਾਂ ਸਾਰਾ ਦਿਨ ਮੰਜੇ ਤੋਂ ਨੀ ਉਠਿਆ। ਜਦੋਂ ਮੈਂ ਠਾਣੇ ਇਤਲਾਹ ਦੇਣ ਬਾਰੇ ਆਖਿਆ ਤਾਂ ਮਸੱਦੀ ਕੰਬ ਗਿਆ ਤੇ ਆਖਣ ਲੱਗਿਆ, "ਸਰਦਾਰ ਭਾਈ, ਵੈਸੇ ਤੋ ਤੁਮ੍ਹਾਰੀ ਮਰਜ਼ੀ। ਚੋਰ ਹੈਂ, ਜੋ ਬਚਾ ਹੈ ਵੋਹ ਭੀ ਛੀਨ ਲੇਂਗੇ ਪੋਲੀਸ ਵਾਲੇ। ਡਾਕੂਉਂ ਕੋ ਤੋ ਕੁਝ ਹੋਗਾ ਨਹੀਂ। ਪੀਛੇ ਪੜ ਜਾਏਂਗੇ। ਰਾਤ ਕੋ ਮਾਰ ਜਾਏਂਗੇ, ਸਾਥ ਹਮੇਂ ਭੀ .... ।"

ਇਕ ਛਿਣ ਲਈ ਚੁੱਪ ਪਸਰ ਗਈ। ਨੰਦ ਕੌਰ ਦੀ ਕੋਠੀ ਦੀ ਚੁੱਪ ਹੋਰ ਵੀ ਚੁੱਪ ਹੋ ਗਈ।

ਫਿਰ ਦੇਸ ਰਾਜ ਨੇ ਇਕ ਚਿੱਠੀ ਕੱਢੀ। ਪੜ੍ਹੀ : ... ਕੁੱਤੇ ਹਿੰਦੂ ਦੇਸ ਰਾਜ, ਫੌਰਨ ਪੰਜਾਬ ਵਿਚੋਂ ਨਿਕਲ ਜਾ। ਤੇਰੀ ਛਾਂ ਵੀ ਵੇਖੀ ਗਈ ਤਾਂ ਗੋਲੀਆਂ ਨਾਲ ਛਾਨਣੀ-ਛਾਨਣੀ ਕਰ ਦੇਵਾਂਗੇ। ਖਾਲਿਸਤਾਨ ਜ਼ਿੰਦਾਬਾਦ! ਹਿੰਦੂ ਸਾਮਰਾਜ ਮੁਰਦਾਬਾਦ!"

"ਓ ਹੋ!" ਚੈਨ ਸਿੰਘ ਨੇ ਹਾਉਕਾ ਲਿਆ। ਉਸ ਨੂੰ ਆਪਣੀਆਂ ਸੱਟਾਂ ਭੁੱਲ ਗਈਆਂ। "ਚਿੱਠੀ ਵਿਖਾਈ ਨੀ ਕਿਸੇ ਨੂੰ ?"

"ਪਹਿਲਾਂ ਤਾਂ ਵਿਖਾਈ ਸੀ ਜਿਹੜੇ ਆਪਣੀ ਜ਼ਮੀਨ ਵਾਹੁੰਦੇ ਨੇ। ਬਾਗੀਆ ਦਲੀਪ ਏ ਉਨ੍ਹਾਂ ਦੇ ਟੱਬਰ ਦਾ ਮੋਹਰੀ। ਬਾਰ 'ਚ ਉਹਦੇ ਨਾਂ ਤੋਂ ਬੜੇ-ਬੜੇ ਨਾਢੂ ਖਾਂ ਕੰਬਦੇ ਹੁੰਦੇ ਸਨ। ਡਾਂਗ ਮਾਰ ਕੇ ਖੜ੍ਹੇ-ਖਲੋਤੇ ਬੰਦੇ ਉਤੋਂ ਦੀ ਟੱਪ ਜਾਂਦਾ ਸੀ। ਐਨ ਧੰਨੇ ਜੱਟ ਦਾ ਅਵਤਾਰ ਏ। ਇਕ-ਇਕ ਨਵੇਂ ਪੈਸੇ ਦਾ ਹਿਸਾਬ ਰੱਖਿਆ ਹੋਇਆ ਸੀ ਰੱਬ ਦੇ ਬੰਦੇ ਨੇ। ਆਖਣ ਲੱਗਿਆ : ਬੜੇ ਭਾਈ, ਜ਼ਮੀਨ ਤੇਰੀ ਏ, ਜਦੋਂ ਮਰਜ਼ੀ ਏ ਲੈ ਲਵੀਂ। ਜੇ ਖੜਾ ਖਾਲਿਸਤਾਨ ਬਣ ਵੀ ਗਿਆ ਤਾਂ ਵੀ ਤੇਰੀ ਜ਼ਮੀਨ ਦਾ ਮੁੱਲ ਸਮੇਂ ਦੇ ਭਾਅ ਮੁਤਾਬਕ ਹਿੰਦੋਸਤਾਨ ਵਿਚ ਅਪੜਦਾ ਕਰ ਦੇਵਾਂਗਾ। ਹੁਣ ਵੀ ਚਿੱਠੀ ਦਾ ਸੰਸਾ ਤਾਂ ਪੂਰਾ ਏ ਕਿਉਂਕਿ ਇਹ ਅਤਿਵਾਦੀ ਮਗਰ ਪਏ ਛੱਡਦੇ ਨੀ ਬੰਦੇ ਨੂੰ। ਉਂਜ ਜੇ ਤੂੰ ਆਖੇਂ ਤਾਂ ਤੇਰੇ 'ਤੇ ਪੂਰਾ ਪਹਿਰਾ ਰੱਖਾਂਗੇ ਸਾਡੀਆਂ ਚੌਹਾਂ ਭਰਾਵਾਂ ਦੀਆਂ ਲੋਥਾਂ ਉਤੋਂ ਦੀ ਲੰਘ ਹੀ ਤੇਰੇ ਤੀਕ ਪੁੱਜਣਗੇ। ਪਰ ਹਨ ਸਾਡੇ ਕੋਲ ਬਰਛੀਆਂ ਤੇ ਕਿਰਪਾਨਾਂ ਹੀ ਤੇ ਉਨ੍ਹਾਂ ਕੋਲ ਸਟੇਨਗੰਨਾ ਨੇ। ... ਜਿਥੋਂ ਤੀਕ ਪੁਲਸ ਦਾ ਸਵਾਲ ਏ, ਉਹ ਉਦੋਂ ਆਉਂਦੀ ਏ ਜਦੋਂ ਲਾਸ਼ ਬਿਲਕੁਲ ਠਰ ਜਾਂਦੀ ਐ। ... ਮੈਂ ਚੈਨ ਸਿਆਂ, ਆਪਣੇ ਇਕ ਰਿਸ਼ਤੇਦਾਰ ਨਾਲ ਵੀ ਗੱਲ ਕੀਤੀ ਸੀ। ਉਹ ਕਹਿਣ ਲੱਗਿਆ ਕਿ ਚੁੱਪਚਾਪ ਵਲਾਇਤ ਨੂੰ ਮੁੜ ਜਾ। ਦਿੱਲੀ ਵਾਲੀ ਸਰਕਾਰ ਨੂੰ ਆਪਣੀ ਗੱਦੀ ਚਾਹੀਦੀ ਏ, ਚਾਹੇ ਪੰਜਾਬ ਦਾ ਕਰੋੜ ਦਾ ਕਰੋੜ ਹਿੰਦੂ ਮਰ ਜਾਵੇ।"

"ਫੇਰ ਹੁਣ ਕੀ ਸਲਾਹ ਐ ?" ਚੈਨ ਸਿੰਘ ਅੱਖ ਹੇਠਲੇ ਨੀਲ ਨੂੰ ਪਲੋਸਦਾ ਆਖਣ ਲੱਗਿਆ।

"ਸਲਾਹ ਤਾਂ ਚੈਨ ਸਿਆਂ, ਆਪਾਂ ਰਲ ਕੇ ਬਣਾਵਾਂਗੇ। ਹੁਣ ਤਾਂ ਰਲ ਕੇ ਹੀ ਜੀਵਾਂ ਮਰਾਂਗੇ। ਪਰ ਭਰਾਵਾ, ਜੀਣ ਦਾ ਹੱਜ ਕੋਈ ਨੀ। ਲੈ ਉਹ ਚੂਆ ਜਿਹਾ ਮੁੰਡਾ ਮੈਨੂੰ ਬੱਸ ਵਿਚ ਇੰਜ ਪਿਆ ਜਿਵੇਂ ਸਾਰੀ ਬਸ ਉਹਦੇ ਬਾਪ ਦੀ ਮਾਲਕੀ ਹੁੰਦੀ ਏ।"

ਇਹ ਗੱਲ ਸੁਣ ਚੈਨ ਸਿੰਘ ਨੇ ਵੀ ਆਪਬੀਤੀ ਸੁਣਾਈ, "ਲਾਲਾ, ਆਵਾ ਹੀ ਊਤਿਆ ਪਿਐ। ਐਨ ਇਹੀ ਕੁਝ ਮੇਰੇ ਨਾਲ ਬੀਤਿਐ। ਮੈਂ ਅੰਬਾਲੇ ਬੱਸ ਉਡੀਕ ਰਿਹਾ ਸਾਂ ਤੇ ਮੈਂ ਆਪਣਾ ਹੱਥ ਇਕ ਖਲੋਤੀ ਬਸ 'ਤੇ ਰੱਖਿਆ ਹੋਇਆ ਸੀ। ਤਿੰਨ ਚਾਰ ਮੁੰਡੇ ਆਏ ਤੇ ਆਖਣ ਲੱਗੇ : ... ਏ ਸਿਖੜੇ, ਹਾਥ ਉਠਾਓ ਅਪਨਾ। ਨਜ਼ਰ ਨਹੀਂ ਆਤਾ, ਬੱਸ ਮੈਲੀ ਹੋ

ਬਾਕੀ ਪੰਨਾ 21 'ਤੇ


Via Rail Tickets
Now issued here
to U.S.A and CANADA

Travel to India,
Europe &

Anywhere in the world.

London UK
**$548.00** [May Departures]
Vancouver To Toronto
[Starting] **$299.00**

ONE WAY FARE IS ALSO AVAILABLE TO TORONTO ONLY
BOOK EARLY TO AVOID DISAPPOINTMENT

*For booking conditions please call:*

***Fourways Travel Limited***
9341 - 120 St., (Scott Rd.) Delta, B.C.
Ph. (604) 584-1411

ਤੁਸੀਂ ਪੰਜਾਬੀ, ਹਿੰਦੀ, ਉਰਦੂ, ਇੰਗਲਿਸ਼
ਵਿਚ ਗੱਲਬਾਤ ਕਰ ਸਕਦੇ ਹੋ

ਹੁਣੇ ਬੁੱਕ ਕਰਾਓ



ਸਰੀ-ਡੈਲਟਾ ਦੇ ਵਸਨੀਕਾਂ ਨੂੰ ਵੈਨਕੂਵਰ ਜਾਣ ਦੀ ਲੋੜ ਨਹੀਂ — ਅਸੀਂ ਇਥੋਂ ਹੀ ਦੁਨੀਆਂ ਦੇ ਕਿਸੇ ਵੀ ਕੋਨੇ ਲਈ ਟਿਕਟਾਂ ਦੇ ਸਕਦੇ ਹਾਂ

ਪੰਨਾ 20 ਦੀ ਬਾਕੀ

ਜਾਏਗੀ ... ਮੇਰੇ ਚੰਗੇ ਭਾਗਾਂ ਨੂੰ ਮੇਰੀ ਬੱਸ ਜ਼ਰਾ ਛੇਤੀ ਆ ਗਈ, ਨਹੀਂ ਤਾਂ ਸਾਲਿਆਂ ਨੇ ਮੇਰਾ ਖਲੋਣਾ ਹਰਾਮ ਕਰ ਦੇਣਾ ਸੀ।"

"ਬਸ ਜੁੱਤੀ ਲਾਹ ਲਵੋ ਤੇ ਮਾਂ ਦੇ ਖਸਮਾਂ ਦੀ ਚਮੜੀ ਲਾਹ ਸੁੱਟੋ," ਦੇਸ ਰਾਜ ਨੇ ਬੜੇ ਦੁੱਖ ਤੇ ਗੁੱਸੇ ਨਾਲ ਆਖਿਆ।

ਕੁਝ ਚਿਰ ਲਈ ਮੁੜ ਚੁੱਪ ਵਰਤ ਗਈ। ਖਿੜੀ ਹੋਈ ਧੁੱਪ ਵੀ ਉਦਾਸ-ਉਦਾਸ ਨਜ਼ਰ ਆ ਰਹੀ ਸੀ।

"ਹੁਣ ਦੱਸ ਫੇਰ ਕਿਹੜੇ ਖੂਹ 'ਚ ਡਿਗੀਏ?" ਚੈਨ ਸਿੰਘ ਨੇ ਚੁੱਪ ਤੋੜਦਿਆਂ ਆਖਿਆ।

ਦੇਸ ਰਾਜ ਦੇ ਜਵਾਬ ਤੋਂ ਪਹਿਲਾਂ ਹੀ ਨੰਦ ਕੌਰ ਬੋਲ ਪਈ, "ਬਾਪੂ, ਤੁਸੀਂ ਤੇ ਚਾਚਾ ਜੀ ਇਜ ਕਰੋ ਕਿ ਆਪਣੇ ਆਪਣੇ ਰੂਪ ਬਦਲ ਲਵੋ। ਤੁਸੀਂ ਕੇਸ ਦਾਹੜੀ ਮੁਨਾ ਦੇਵੋ। ਪਹਿਲਾਂ ਪਹਿਲਾਂ ਇੰਗਲੈਂਡ ਜਾ ਕੇ ਵੀ ਕੰਮ ਲੱਭਣ ਦੀ ਖਾਤਰ ਮੁਨਾ ਹੀ ਦਿੱਤੇ ਸਨ। ਇੰਜ ਰਹੋ ਹਰਿਆਣੇ 'ਚ। ਚਾਚਾ ਜੀ, ਤੁਸੀਂ ਕੇਸ ਦਾਹੜੀ ਰਖ ਲਵੋ। ਤੁਹਾਡੇ ਸਾਰੇ ਬਜ਼ੁਰਗਾਂ ਦੇ ਕੇਸ ਦਾਹੜੀਆਂ ਹੀ ਹੁੰਦੀਆਂ ਸਨ। ਨਾਲੇ ਤੁਸੀਂ ਤਾਂ ਗੁਰੂਆਂ ਦੀ ਆਪਣੀ ਬਰਾਦਰੀ 'ਚੋਂ ਹੋ।"

"ਤੇ ਮਿਲਿਆ ਕਰੋ ਯੂਨੀਅਨ ਟੈਰੇਟਰੀ 'ਚ।" ਕੋਲ ਬੈਠੇ ਪਰਾਹੁਣੇ ਨੇ ਵੀ ਟੱਲਾ ਲਾ ਦਿੱਤਾ।

ਪਰ ਦੋਹਾਂ ਬਜ਼ੁਰਗਾਂ ਨੇ ਗੱਲ ਦੀ ਗੰਭੀਰਤਾ ਮੱਠੀ ਨਾ ਪੈਣ ਦਿੱਤੀ। ਚੈਨ ਸਿੰਘ ਬੜੀ ਬੇਚੈਨੀ ਵਿਚ ਬੋਲਿਆ "ਕਾਹਦਾ ਮੁਲਕ ਐ ਸਾਲਾ, ਜਿੱਥੇ ਬੰਦਾ ਮਨ-ਮਰਜ਼ੀ ਦਾ ਰੂਪ ਹੀ ਨਹੀਂ ਰੱਖ ਸਕਦਾ।"

ਇਸ ਦਾ ਵਿਸਥਾਰ ਕਰਦਿਆਂ ਦੇਸ ਰਾਜ ਆਖਣ ਲੱਗਿਆ, "ਨਾਲੇ ਗੱਲ 'ਕੱਲੇ ਰੂਪ ਨਾਲ ਹੀ ਨਹੀਂ ਮੁੱਕ ਜਾਂਦੀ। ਇੰਜ ਤਾਂ ਅਸੀਂ ਆਪਣੀ ਆਪਣੀ ਜ਼ਮੀਨ ਬਦਲ ਲੈਂਦੇ ਹਾਂ। ਫਿਰ ਰੂਪ ਵੀ ਬਦਲਣਾ ਨਹੀਂ ਪਵੇਗਾ। ਪਰ ਇਕੱਠੇ ਤਾਂ ਫਿਰ ਵੀ ਨਾ ਰਹਿ ਸਕੇ ਜਿਹੜੇ ਕੰਮ ਲਈ ਇੰਡੀਆ ਆਏ ਆਂ। ਮਿਲਣ ਜਾਵਾਂਗੇ ਤਾਂ ਹਰ ਵਕਤ ਡਰ ਕਿ ਹੁਣ ਵੀ ਬੱਸ ਵੱਢੀ, ਹੁਣ ਵੀ ਬਲਦੇ ਟੈਰ ਗਲ ਵਿਚ ਪਾਏ। ਕਈ ਦਿਨ ਤਾਂ ਰੋਟੀ ਸੁਆਦ ਨੀ ਲਗਦੀ ਜਦੋਂ ਕੋਈ ਤੁਹਾਡੇ ਪੋਤਿਆਂ ਦੇ ਹਾਣ ਦਾ ਤੁਹਾਨੂੰ ਬਾਰੀ 'ਚੋਂ ਚਲਾਕੇ ਬਾਹਰ ਮਾਰਨ ਦੀ ਧੌਂਸ ਦੇਵੇ ਜਾਂ ਬੱਸ 'ਤੇ ਹੱਥ ਤੀਕ ਨਾ ਰੱਖਣ ਦੇਵੇ ....।"

ਨੰਦ ਕੌਰ ਸੇਕ ਦੇਣ ਲਈ ਗਰਮ ਰੋੜਾ ਕੱਪੜੇ ਵਿਚ ਲਪੇਟ ਲੈ ਆਈ ਤੇ ਚੈਨ ਸਿੰਘ ਸੇਕ ਦੇਣ ਲਗਿਆ ਜਿਸ ਨਾਲ ਜਿਵੇਂ ਉਹਦਾ ਠਰਿਆ ਹੋਇਆ ਦਿਮਾਗ ਵੀ ਜਾਗ ਪਿਆ ਹੋਵੇ।

"ਲਾਲਾ, ਬਹੁਤੀਆਂ ਗਿਣਤੀਆਂ 'ਚ ਨਾ ਪੈ। ਚਲ ਮੁੜ ਚਲੀਏ ਵਲੈਤ ਨੂੰ। ਆਪਾਂ ਨੂੰ ਤਾਂ ਰਾਣੀ ਨੇ ਹੀ ਝਲਣੈ ਅਖੀਰ ਨੂੰ।"

"ਠੀਕ ਏ ਚੈਨ ਸਿਆਂ, ਪਰ ਨਿਆਣਿਆਂ ਨਾਲ ਨੀ ਰਹਿਣਾ। ਚਾਹੇ ਮੰਦਰ ਵਿਚ ਹੀ ਕਿਉਂ ਨਾ ਸੌਣਾ ਪਏ," ਦੇਸ ਰਾਜ ਫੈਸਲਾਕੁਨ ਆਵਾਜ਼ ਵਿਚ ਬੋਲਿਆ।

"ਤੂੰ ਮੰਦਰ ਗੁਰਦੁਵਾਰੇ ਨੂੰ ਫੇਰ ਲਿਆ ਵਾੜਿਆ ਵਿਚ। ਮੰਦਰ ਵਾਲਿਆਂ ਨੇ ਮੈਨੂੰ ਨੀ ਪੈਣ ਦੇਣਾ ਤੇ ਗੁਰਦੁਵਾਰੇ ਵਾਲਿਆਂ ਨੇ ਤੈਨੂੰ ਨੀ ਟਿਕਣ ਦੇਣਾ। ਨਾਲੇ ਆਪਾਂ ਕੋਈ ਗਏ-ਗੁਜ਼ਰੇ ਆਂ। ਵੀਕ ਦੀ ਵੀਕ ਪੈਨਸ਼ਨ ਮਿਲਦੀ ਐ। ਫਗਵਾੜੇ ਵਾਲੇ ਪੰਡਤ ਦੀਨਾ ਨਾਥ ਦੀ ਬਥੇਰੀ ਵਾਕਫੀ ਐ। ਆਥਣ ਨੂੰ ਕੌਂਸਲ ਦੇ ਫਲੈਟ ਲੈ ਦੇਵੇਗਾ। ਮਰਜ਼ੀ ਦੀ ਪਕਾਵਾਂ ਖਾਵਾਂਗੇ। ਮੁੰਡਿਆਂ ਸਾਲਿਆਂ ਦੀ ਹਿਕ 'ਤੇ ਦੀਵਾ ਬਾਲਾਂਗੇ।"

"ਏਸ ਜ਼ਮੀਨ ਦਾ ਕੀ ਕਰਾਂਗੇ?" ਦੇਸ ਰਾਜ ਨੂੰ ਨਰਕ ਵਰਗੀ ਜ਼ਿੰਦਗੀ ਵਿਚ ਵੀ ਜ਼ਮੀਨ ਦਾ ਮੋਹ ਖਾਈ ਜਾ ਰਿਹਾ ਸੀ।

"ਲਾਲਾ, ਜ਼ਮੀਨ ਨੂੰ ਰਹਿਣ ਦੇ ਜਿੱਥੇ ਹੈ। ਬਾਗੀਆ ਦਲੀਪ ਉਸ ਨੂੰ ਪੰਗ ਨੀ ਲੱਗਣ ਦੇਵੇਗਾ। ਮੈਂ ਤਾਂ ਸਾਰੀ ਕੁੜੀ ਦੇ ਨਾਂ ਕਰਵਾ ਦੇਣੀ ਐ ਚੈਨ ਸਿੰਘ ਨੇ ਆਖਿਆ।

ਆਪਣੀ ਬਾਪੂ ਦੀ ਗੱਲ ਸੁਣ ਨੰਦ ਕੌਰ ਕਿਚਨ ਵਿਚੋਂ ਗੋਲੀ ਵਾਂਗ ਨੱਸੀ ਆਈ ਤੇ ਆਖਣ ਲੱਗੀ "ਨਹੀਂ ਬਾਪੂ ਜੀ, ਮੈਂ ਨੀ ਜ਼ਮੀਨ ਲੈਣੀ। ਇਕ ਤਾਂ ਵੀਰ ਐ ਸੁੱਖੀਂ ਲੱਧਾ। ਉਹਦੇ ਨਾਲ ਵੈਰ ਨੀ ਪਾਉਣਾ ਮੈਂ।"

"ਲੈ ਹੋਰ ਸੁਣ ਲੈ! ਚੰਗਾ ਭਾਈ, ਨਾ ਲੈ। ਲੈਣ ਦੇ ਮੌਜਾਂ ਮਸੱਦੀ ਹੋਰਾਂ ਨੂੰ। ਉਹੀ ਤਾਂ ਵਿਚਾਰੇ ਮਿੱਟੀ ਨਾਲ ਮਿੱਟੀ ਹੁੰਦੇ ਨੇ।"

"ਨਾਲੇ ਹਾਲਾਤ ਦਾ ਕੀ ਪਤੈ? ਹੋਰ ਚੌਂਹ ਸਾਲਾਂ ਨੂੰ ਅਮਨ-ਚੈਨ ਹੋਵਾਗਾ ਹੀ।" ਦੇਸ ਰਾਜ ਨੇ ਆਸਵੰਦ ਟਿਪਣੀ ਕੀਤੀ।

"ਅਮਨ-ਚੈਨ ਦੀ ਆਸ 'ਤੇ ਪ੍ਰੋਗਰਾਮ ਖੁਸ਼ੀ ਬਣਾਣਾ। ਏਹਦੀ ਕੋਈ ਆਸ ਨੀ।" ਕੋਲ ਬੈਠੇ ਪਰਾਹੁਣੇ ਨੇ ਆਖਿਆ।

"ਕਿਉਂ ਬਈ ਸਾਊ, ਆਸ ਕਿਉਂ ਨੀ? ਰਾਤ ਦਾ ਪਹਿਰਾ ਕਦੀ ਤਾਂ ਮੁੱਕੇਗਾ ਹੀ।"

"ਚਾਚਾ ਜੀ, ਕੋਈ ਉਮੀਦ ਨੀ। ਸੱਚੇ-ਸੁੱਚੇ ਅਮਨ-ਚੈਨ ਦੀ ਗੱਲ ਸਿਰਫ ਕੋਮਨਿਸਟ ਕਰਦੇ ਨੇ, ਪਰ ਉਹ ਬਹੁਤ ਥੋੜੇ ਨੇ ਤੇ ਇਕ-ਇਕ ਕਰਕੇ ਵੱਢੇ ਜਾ ਰਹੇ ਨੇ। ਆਮ ਲੋਕ ਬਹੁਤ ਡਰੇ ਹੋਏ ਨੇ। ਬਾਕੀ ਸਭ ਨੂੰ ਗੱਦੀਆਂ ਦੀ ਪਈ ਹੋਈ ਐ।" ਪਰਾਹੁਣੇ ਨੇ ਵਿਸਥਾਰ ਕਰਦਿਆਂ ਆਖਿਆ।

"ਹੇ ਰਾਮ!" ਦੇਸ ਰਾਜ ਨੇ ਹਾਉਕਾ ਲਿਆ।

"ਵਾਖਰੂ!" ਚੈਨ ਸਿੰਘ ਨੇ ਉਸ ਤੋਂ ਵੀ ਵੱਡਾ।

ਇਸ ਤੋਂ ਪਹਿਲਾਂ ਕਿ ਹਾਉਕੇ ਮਾਤਮ ਵਿਚ ਬਦਲ ਜਾਂਦੇ, ਦੋਵੇਂ ਯਾਰ ਮੁੜ ਇੰਗਲੈਂਡ ਨੂੰ ਉਡ ਗਏ।

* * * * * *

ਪਾਰਕ ਵਿਚ ਆਥਣ ਉਤਰ ਆਇਆ ਸੀ। ਅਪ੍ਰੈਲ ਦਾ ਮਹੀਨਾ ਸੀ ਤੇ ਰੁੱਤ ਬਦਲ ਰਹੀ ਸੀ। ਪਾਰਕਾਂ ਵਿਚ ਲੋਕਾਂ ਦੀ ਆਵਾਜਾਈ ਪਹਿਲਾਂ ਨਾਲੋਂ ਜ਼ਿਆਦਾ ਸੀ। ਪਰ ਸ਼ਾਮਾਂ ਹਾਲੀਂ ਕਾਫੀ ਠੰਢੀਆਂ ਸਨ ਤੇ ਲੋਕ ਘਰਾਂ ਨੂੰ ਪਰਤ ਰਹੇ ਸਨ। ਜਦੋਂ ਚੈਨ ਸਿੰਘ ਤੇ ਦੇਸ ਰਾਜ ਆਪਣੇ ਫਲੈਟਾਂ ਨੂੰ ਜਾਣ ਲੱਗੇ ਤਾਂ ਕੱਥੂਲੰਗਲੀਆ ਕਪੂਰਾ ਕਹਿਣ ਲੱਗਿਆ,, "ਭਰਾਵੋ, ਜੇ ਮੈਂਡ ਨਾ ਕਰੋਂ ਤਾਂ ਮੈਂ ਵੀ ਤੁਹਾਡੇ ਨਾਲ ਚਲਿਆਂ ਚੱਲਾਂ"

"ਯਾਰ, ਇਹ ਵੀ ਕੋਈ ਪੁੱਛਣ ਵਾਲੀ ਗੱਲ ਐ? ਜੀ ਆਇਆਂ ਨੂੰ ਚੈਨ ਸਿੰਘ ਤੇ ਦੇਸ ਰਾਜ ਬੋਲੇ।

ਘਰ ਪਰਤੇ। ਮੀਟ ਬਣਿਆ ਪਿਆ ਸੀ। ਦੇਸ ਰਾਜ ਨੇ ਆਟਾ ਮਸ਼ੀਨ ਵਿਚ ਪਾਇਆ, ਬੱਟਣ ਦੱਬਿਆ ਤੇ ਸਕਿੰਟਾਂ ਵਿਚ ਆਟਾ ਗੁੰਨਿਆ ਗਿਆ। ਤਵੇ ਤੇ ਰੋਟੀਆਂ ਪੈਣ ਲੱਗੀਆਂ। ਚੈਨ ਸਿੰਘ ਨੇ ਹਰਾ ਧਨੀਆ ਕੱਟ ਮੀਟ ਵਿਚ ਪਾਇਆ। ਖੁਸ਼ਬੁਈਆਂ ਉਡੀਆਂ। ਫਰਿਜ ਵਿਚੋਂ ਦਹੀਂ ਕੱਢ ਮੇਜ਼ 'ਤੇ ਟਿਕਾ ਦਿੱਤਾ, ਨਾਲ ਸਟੇਨਲੈਸ ਸਟੀਲ ਦੀਆਂ ਖਾਨਿਆਂ ਵਾਲੀਆਂ ਪਲੇਟਾਂ ਵੀ। ਪੰਦਰਾਂ ਮਿੰਟਾਂ ਵਿਚ ਖਾਣਾ ਮੇਜ਼ 'ਤੇ ਆ ਗਿਆ। ਦੇਸ ਰਾਜ ਨੇ ਰੰਮ ਦੀ ਬੋਤਲ ਤੇ ਤਿੰਨ ਗਲਾਸੀਆਂ ਲਿਆ ਧਰੀਆਂ। ਰੱਬ ਦਾ ਨਾਂ ਲੈ ਤਿੰਨਾਂ ਨੇ ਇਕ-ਇਕ ਗਲਾਸੀ ਅੰਦਰ ਸੁੱਟੀ।

"ਵੇਖ ਲੈ ਲਾਲਾ, ਸਾਲੀ ਵਧਦੀ ਜਾਂਦੀ ਐ।" ਚੈਨ ਸਿੰਘ ਨੇ ਸਰੂਰ ਵਿਚ ਆਖਿਆ।

ਦੇਸ ਰਾਜ ਨੇ ਚੈਨ ਸਿੰਘ ਦੀ ਗੱਲ ਵੱਲ ਧਿਆਨ ਦੇਣ ਦੀ ਥਾਂ ਕਪੂਰੇ ਵੱਲ ਜ਼ਰਾ ਗਹੁ ਨਾਲ ਤੱਕਦਿਆਂ ਪੁੱਛਿਆ, "ਕੀ ਹੋਇਆ ਈ ਤੈਨੂੰ? ਬੜਾ ਬੁਝਿਆ-ਬੁਝਿਆ ਜਾਪਦੈਂ। ਗ਼ਮ ਏ ਕੋਈ?"

ਕਪੂਰ ਸਿੰਘ ਨੇ ਮੀਟ ਦੀ ਸੰਘੀ ਮੂੰਹੋ ਤੀਕ ਗਈ ਮੁੜ ਥਾਲੀ ਵਿਚ ਰਖ ਦਿੱਤੀ। ਰੱਬ ਜੇਡਾ ਹਾਉਕਾ ਲਿਆ ਤੇ ਫੁੱਟ ਪਿਆ, "ਜ਼ਿੰਦਗੀ ਤਾਂ ਯਾਰ ਤੁਹਾਡੀ ਐ। ਮੈਂ ਬਹੁਤ ਤੰਗ ਆਂ। ਜਦੋਂ ਦੀ ਗੁਰਦਿਆਲ ਕੁਰ ਪੂਰੀ ਹੋਈ ਏ ਕੋਈ ਪੈਨੀ ਪਿਛੇ ਨੀ ਪੁੱਛਦਾ। ਸਾਰੀ ਪਿਨਸ਼ਨ ਖੋਹ ਲੈਂਦੇ ਨੇ ਜੇ ਗੁਰਦੁਵਾਰੇ ਰੋਟੀ ਜਾਂ ਜਲੇਬੀਆਂ ਕਰਵਾਉਣੀਆਂ ਹੋਣ ਤਾਂ ਪੈਸੇ ਮੇਰੇ, ਨਾ ਆਪਣਾ ਵਜਾਉਂਦੇ ਨੇ। ਮੈਨੂੰ ਵੀ ਆਪਣੇ ਨਾਲ ਰਖ ਲਵੋ। ਚਾਰ ਦਿਨ ਸੁਖ ਦੇ ਕੱਟ ਲਵਾਂਗਾ।"

ਇਹ ਆਖ ਕਪੂਰਾ ਦੋਹਾਂ ਦੇ ਮੂੰਹਾਂ ਵੱਲ ਤੱਕਣ ਲੱਗਿਆ। ਚੈਨ ਸਿੰਘ ਨੇ ਹੋਰ ਦਾਰੂ ਗਲਾਸੀਆਂ ਵਿਚ ਪਾਈ ਤੇ ਬੜੇ ਹੁਲਾਰੇ ਨਾਲ ਬੋਲਿਆ, "ਫੇਰ ਮਰਦਾ ਕਿਉਂ ਜਾਨੈਂ। ਦੇ ਹੱਥ ਫੇਰ, ਮਕਾਨ ਤਾਂ ਚੌਂਹ ਦਿਨਾਂ 'ਚ ਲੈ ਦਿਆਂਗੇ ਤੈਨੂੰ ਕੌਂਸਲ ਦਾ। ਜਿਉਂਦਾ ਰਹੇ ਫਗਵਾੜੇ ਵਾਲਾ ਦੀਨਾ ਨਾਥ ਪ੍ਰਭਾਕਰ।"

"ਬੜੀ ਮਿਹਰਬਾਨੀ। ਪਹਿਲਾਂ ਤੁਸੀਂ ਕੀਤੀ। ਹੁਣ ਮੈਂ ਵੀ ਆ ਜਾਵਾਂਗਾ। ਹੋਰ ਵੀ ਬਥੇਰੇ ਦੁਖੀ ਨੇ। ਪਾਰਕ ਵਿਚ ਭੋਗੇ ਜਾ ਰਹੇ ਨਰਕ ਦੀ ਹੀ ਕਥਾ ਚਲਦੀ ਐ ਰੋਜ਼। ਬੱਸ ਇਕ ਵਾਰ ਚਾਲੇ ਪੈ ਜਾਣ ਦੇ, ਆਪਣੀ ਤਾਂ ਵੱਖਰੀ ਹੀ ਇਕ ਬਸਤੀ ਵਸ ਜਾਵੇਗੀ।" ਕਪੂਰਾ ਬੜੀ ਤਸੱਲੀ ਨਾਲ ਬੋਲਿਆ।

ਸਾਰੇ ਹੱਸ ਪਏ। ਪਰ ਚੈਨ ਸਿੰਘ ਨੂੰ ਪਤਾ ਨਹੀਂ ਕੀ ਹੋਇਆ ਕਿ ਇਕ ਦਮ ਗੰਭੀਰ ਹੋ ਸੋਚੀਂ ਪੈ ਗਿਆ। ਦੇਸ ਰਾਜ ਨੇ ਉਹਦੀ ਗੰਭੀਰਤਾ ਤਾੜ ਲਈ ਤੇ ਬੋਲਿਆ, "ਕਿਉਂ ਬਈ, ਤੂੰ ਔਤਰਿਆਂ ਦੀ ਮਾਂ ਵਰਗਾ ਮੂੰਹ ਕਿਉਂ ਬਣਾ ਲਿਆ ਈ ਹੁਣ। ਨਸ਼ੇ ਦੇ ਲੋਰ 'ਚ ਕਿਤੇ ਜੈ ਕੁਰ ਯਾਦ ਤਾਂ ਨੀ ਆਣ ਲੱਗ ਪਈ।"

ਚੈਨ ਸਿੰਘ ਨੇ ਆਪਣੀ ਗੰਭੀਰਤਾ ਤੋੜਦਿਆਂ ਆਖਿਆ, "ਲਾਲਾ, ਪਤਾ ਨੀ ਮੇਰੇ ਮਨ 'ਚ ਇਹ ਗੱਲ ਵਾਰ-ਵਾਰ ਕਿਉਂ ਆ ਰਹੀ ਐ ਕਿ ਏਹ ਸਾਲਾ ਸਿਲਸਿਲਾ ਠੀਕ ਨੀ। ਵੇਖ ਲੈ, ਪਹਿਲਾਂ ਇਕ ਗੁਰਦਵਾਰਾ, ਇਕ ਮੰਦਰ ਤੇ ਇਕ ਮਸੀਤ ਹੁੰਦੀ ਸੀ ਆਪਣੇ ਸ਼ਹਿਰ 'ਚ। ਹੁਣ ਸੱਤ ਗੁਰਦਵਾਰੇ, ਤਿੰਨ ਮੰਦਰ ਤੇ ਤਿੰਨ ਮਸੀਤਾਂ ਨੇ। ਸਭ ਕੁਝ ਟੁੱਟਦਾ ਜਾ ਰਿਹੈ!... ਹੁਣੇ ਜਿਵੇਂ ਕਪੂਰੇ ਨੇ ਆਖਿਐ ਕਿ ਆਪਣੀ ਵੱਖਰੀ ਬਸਤੀ ਬਣ ਜਾਵੇਗੀ। ਫਿਰ ਵਿਧਵਾ ਤੀਮੀਆਂ ਆਪਣੀ ਬਸਤੀ ਬਣਾ ਲੈਣਗੀਆਂ। ਇਸੇ ਤਰ੍ਹਾਂ ਜਵਾਨ ਮੁੰਡੇ-ਕੁੜੀਆਂ ਆਪਣੀਆਂ ਬਸਤੀਆਂ ਵਸਾ ਲੈਣਗੇ। ਆਏਂ ਤਾਂ ਯਾਰੋ, ਸਾਰਾ ਤਾਣਾ-ਬਾਣਾ ਹੀ ਖਿਲਰ ਜਾਵੇਗਾ ...."

ਇੰਜ ਆਖ ਚੈਨ ਸਿੰਘ ਨੇ ਹਾਉਕਾ ਲਿਆ ਤੇ ਗਲਾਸੀ ਵਿਚ ਪਈ ਰੰਮ ਅੰਦਰ ਸੁੱਟ ਲਈ।

ਦੇਸ ਰਾਜ ਜ਼ਰਾ ਰੁਕਿਆ ਤੇ ਆਖਣ ਲਗਿਆ, "ਵੇਖ ਚੈਨ ਸਿਆਂ, ਗੱਲ ਤਾਂ ਤੇਰੀ ਸੋਲਾਂ ਆਨੇ ਠੀਕ ਏ। ਕੀਹਦਾ ਦਿਲ ਕਰਦਾ ਏ ਜੜ ਨਾਲੋਂ ਟੁੱਟਣ ਨੂੰ? ਤੂੰ ਹੀ ਦੱਸ, ਆਪਣਾ ਕਰਦਾ ਸੀ? ਬੰਦਾ ਅਤਿ ਦੀ ਆਈ ਨੂੰ ਹੀ ਅੱਕ ਚੱਬਦੈ।"

## ਬੋਲੀਆਂ

ਸਾਧੂ

(1) ਬੱਲੇ ਬੱਲੇ
ਬਈ ਵੀਕਾਂ ਨੌਂ ਲੱਗੀਆਂ
----------
ਹੁਣ ਅਨਪਲਾਏ ਨਈਂ ਆਉਣਾ
ਬਈ ਵੀਕਾਂ ਨੌਂ ਲੱਗੀਆਂ
(2) ਬੱਲੇ ਬੱਲੇ
ਬਈ ਵੀਜਾ ਦੇ ਦੇ ਹਾਕਮਾਂ
----------
ਵੀਰ ਦੇ ਵਿਆਹ ਪਿੰਡ ਜਾਣਾਂ
ਬਈ ਵੀਜਾ ਦੇ ਦੇ ਹਾਕਮਾਂ
(3) ਬੱਲੇ ਬੱਲੇ
ਬਈ ਨੱਚ ਲੈ ਜੀ ਭਰ ਕੇ
----------
ਅੱਜ ਨਈਂ ਰਾਤ ਦੀ ਸ਼ਿਫਟ 'ਤੇ ਜਾਣਾ
ਬਈ ਨੱਚ ਲੈ ਜੀ ਭਰ ਕੇ।
(4) ਬੱਲੇ ਬੱਲੇ
ਬਈ ਪਹਿਲੇ ਦਿਨ ਕੰਮ 'ਤੇ ਗਈ
----------
ਜੱਟੀ ਠੇਕੇਦਾਰ ਨਾਲ ਲੜ ਪਈ
ਬਈ ਪਹਿਲੇ ਦਿਨ ਕੰਮ 'ਤੇ ਗਈ।
(5) ਬੱਲੇ ਬੱਲੇ
ਬਈ ਸੱਸ ਮੇਰੀ ਬਾਤ ਸਿੱਖਦੀ
----------
ਕਹਿੰਦੀ ਆਪੇ ਬੈਂਕ ਨੂੰ ਜਾਣਾਂ
ਬਈ ਸੱਸ ਮੇਰੀ ਬਾਤ ਸਿੱਖਦੀ
(6) ਬੱਲੇ ਬੱਲੇ
ਬਈ ਮੈਂ ਵੀ ਜੱਟਾ ਕੰਮ ਤੋਂ ਆਈ
----------
ਚੱਲ ਉਠਕੇ ਬਣਾਈਏ ਰੋਟੀ
ਬਈ ਮੈਂ ਵੀ ਜੱਟਾ ਕੰਮ ਤੋਂ ਆਈ
(7) ਬੱਲੇ ਬੱਲੇ
ਬਈ ਸੌਹਰਾ ਮੇਰਾ ਕੰਮ 'ਤੇ ਗਿਆ
----------
ਸੱਸ ਬੈਠੀ ਫੋਨ ਖੜਕਾਵੇ
ਬਈ ਸੌਹਰਾ ਮੇਰਾ ਕੰਮ 'ਤੇ ਗਿਆ।
(8) ਬੱਲੇ ਬੱਲੇ
ਬਈ ਸੱਸ ਤਾਂ ਜੁਆਕ ਸਾਂਭਦੀ
----------
ਸੌਹਰਾ ਪਾਰਕਾਂ 'ਚ ਤਾਂਸ਼ ਬਜਾਵੇ
ਬਈ ਸੱਸ ਤਾਂ ਜੁਆਕ ਸਾਂਭਦੀ।


FRIENDS AUTO BODY & PAINTING LTD.

5605 BYRNE RD. BURNABY, B.C.

Burnaby Auto Auction Building

PH. 430-4233



15 Years Exp



- I. C. B. C. JOB
- FREE ESTIMATES
- FREE COURTESY CAR
- RUST REPAIRS
- FIBRE GLASS OR CUT OUT WORK

YOU NEVER KNOW UNLESS YOU TRY

VISIT OR CALL

MR. GURU

# ਚਾਰ ਗਜ਼ਲਾਂ

### ਕਸ਼ਮੀਰਾ ਸਿੰਘ 'ਚਮਨ'ਕੈਲਗਰੀ

1

ਕਿਸ ਨੇ ਮੇਰੇ ਪਿਆਰ ਦਾ ਬੂਟਾ ਜੜ੍ਹਾਂ ਤੋਂ ਪੁੱਟਿਆ।
ਕਿਸ ਨੇ ਮੇਰੇ ਪਿਆਰ ਦਾ ਨਾਜ਼ਕ ਗਲਾ ਹੈ ਘੁਟਿਆ।

ਮੈਂ ਨਿਭਾਈ ਹੈ ਵਫਾ ਹੁਣ ਵੀ ਨਿਭਾਂਦਾ ਆ ਰਿਹੈਂ
ਤੋੜ ਨਾ ਦਿਲ ਸੱਜਣਾ ਜੁੜਦਾ ਨਹੀਂ ਹੈ ਟੁੱਟਿਆ।

ਡੋਬ ਕੇ ਕਿਸ਼ਤੀ ਮੇਰੀ ਨੂੰ ਔਹ ਗਿਆ ਉਹ ਔਹ ਗਿਆ,
ਜਿਸ ਤਰ੍ਹਾਂ ਕੋਈ ਧਨੁਸ਼ ਤੋਂ ਹੈ ਤੀਰ ਤਿੱਖਾ ਛੁਟਿਆ।

ਇਸ ਫਿਜ਼ਾ ਨੇ ਜੀਉਣ ਨਹੀਂ ਦੇਣਾ ਹੈ ਸਾਨੂੰ ਭਾਸਦਾ
ਇਸ ਫਿਜ਼ਾ ਨੇ ਕਿਸ ਲਈ ਹੈ ਸਾਹ ਅਸਾਡਾ ਘੁੱਟਿਆ।

ਜਾਪਦਾ ਹੈ ਸਾਥ ਨਹੀਂ ਦੇਣਾ ਹੈ ਅੱਜ ਤਕਦੀਰ ਨੇ,
ਵੇਖ ਲਓ ਤਕਦੀਰ ਦਾ ਭਾਂਡਾ ਚੁਰਾਹੇ ਫੁੱਟਿਆ।

ਮੰਗਿਆਂ ਨਾ ਮਿਲ ਸਕੀ ਐਪਰ ਬਹਾਰਾਂ ਦੀ ਫਿਜ਼ਾ,
'ਚਮਨ' ਸਾਡੇ ਪਿਆਰ ਦਾ ਅੱਜ ਹੈ ਖਿਜ਼ਾ ਨੇ ਲੁੱਟਿਆ।

2

ਅੱਜ ਤ੍ਰਿੰਞਣ ਦੇ ਵਿੱਚ ਛਿੜਿਆ ਜਦ ਸੀ ਤੇਰਾਜ਼ਿਕਰ ਕੁੜੇ,
ਉਮਡ ਪਏ ਸਨ ਨੈਣੀਂ ਅੱਥਰੂ ਸਾਂਭਣ ਦੀ ਸੀ ਫਿਕਰ ਕੁੜੇ।

ਪਾ ਲਈਆਂ ਤੈਂ ਨਵੀਆਂ ਸਾਂਝਾਂ ਭੁੱਲਕੇ ਸਾਥ ਪੁਰਾਣੇ ਨੂੰ,
ਸਾਨੂੰ ਪਿਆ ਸਤਾਵੇ ਡਾਢਾ ਪਲ ਪਲ ਤੇਰਾ ਹਿਜਰ ਕੁੜੇ।

ਨਾ ਉਹ ਰੌਣਕ,ਨਾ ਉਹ ਹਾਸੇ,ਨਾ ਉਹ ਖੁਸ਼ੀਆਂ ਖੇੜੇ ਨੇ,
ਤੇਰੇ ਗਮ ਵਿੱਚ ਡੁੱਬਿਆ ਜਾਪੇ ਮਹਿਫਲ ਦਾ ਹਰ ਬਸ਼ਰ ਕੁੜੇ।

ਕੱਖਾਂ ਹੇਠ ਛੁਪਾਕੇ ਰੱਖਾਂ ਕਿਵੇਂ ਅਗਨ ਦੀਆਂ ਲਾਟਾਂ ਨੂੰ,
ਤੇਰੀ ਮੇਰੀ ਪ੍ਰੀਤ ਦਾ ਕਿੱਸਾ ਹੋਇਆ ਥਾਂ ਥਾਂ ਨਸ਼ਰ ਕੁੜੇ।

'ਚਮਨ' ਜਦੋਂ ਤੱਕ ਜ਼ਿੰਦਗਾਨੀ ਹੈ ਭੁੱਲਣਾ ਨਹੀਂ ਏ ਪਿਆਰ ਤੇਰਾ,
ਯੁੱਗਾਂ ਤੋੜੀ ਕਾਇਮ ਰਹੇਗਾ ਮਹਿਕ ਤੇਰੀ ਦਾ ਅਸਰ ਕੁੜੇ।

3

ਦਿਲ ਦੀ ਦੁਨੀਆਂ ਅੰਦਰ ਹਰ ਦਮ ਯਾਦਾਂ ਦਾ ਹੈ ਭੀੜ ਭੜੱਕਾ,
ਇਹ ਯਾਦਾਂ ਨਿੱਤ ਪਾਵਣ ਭੜਥੂ ਹਿਜਰ ਪਿਆ ਹੈ ਕਰਦਾ ਧੱਕਾ।

ਉਖਲੀ ਦੇ ਵਿੱਚ ਸਿਰ ਦਿੱਤਾ ਹੈ,ਮੋਹਲਿਆਂ ਦੀ ਪਰਵਾਹ ਨਹੀਂ ਯਾਰਾ,
ਪਾ ਪਾ ਪਵਿੱਤਰ ਪਿਆਰ ਦੀ ਰਾਹ ਵਿੱਚ ਚੱਲ ਨਹੀਂ ਸਕਦੇ ਅੱਖ ਮਟੱਕਾ।

ਇਸ਼ਕ ਕਮਾਵਣ ਵਾਲੇ ਹੱਸਕੇ,ਸੂਲੀ ਉਤੇ ਚੜ੍ਹ ਜਾਂਦੇ ਹਨ,
ਵੇਖ ਸ਼ਹਾਦਤ ਹਰ ਇਕ ਬੰਦਾ ਰਹਿ ਜਾਂਦਾ ਹੈ ਹੱਕਾ ਬੱਕਾ।

ਪਿਆਰ,ਪਵਿੱਤਰ ਸਾਂਝ ਦਿਲਾਂ ਦੀ,ਹਿਰਦੇ ਅੰਦਰ ਇਸਦਾ ਵਾਸਾ,
ਇਸਨੂੰ ਕੋਈ ਚੁਰਾ ਨਹੀਂ ਸਕਦੇ,ਇਸ ਦੁਨੀਆਂ ਦਾ ਚੋਰ ਉਚੱਕਾ।

ਤਪਦੇ ਰੇਗਸਤਾਨਾਂ ਅੰਦਰ ਹੁਣ ਨਾ ਸੜ ਸੜ ਤੜਫਣ ਸੱਸੀਆਂ,
ਪੁੰਨਣਾਂ ਮਹਿਕ ਤੇਰੀ ਸੰਗ ਮਹਿਕੇ,ਇਸ ਧਰਤੀ ਦਾ ਚੱਪਾ ਚੱਪਾ।

ਵੇਖਕੇ ਖਿੜੀ ਬਹਾਰ ਨੂੰ ਚੰਨਾਂ,ਇਹ ਦੁਨੀਆਂ ਕਿਉਂ ਖੁਸ਼ ਨਹੀਂ ਹੁੰਦੀ,
'ਚਮਨ' ਮੁਹੱਬਤ ਦਾ ਹਰ ਦੁਸ਼ਮਣ ਬਣ ਬੈਠਾ ਹੈ ਸੱਪ ਖੜੱਪਾ।

4

ਇਹ ਗਜ਼ਲ ਤਾਂ ਦਿਲ ਮੇਰੇ 'ਚੋਂ,ਨਿਕਲੀ ਇਕ ਹੂਕ ਹੈ,
ਕਿਸੇ ਲਈ ਹੋਣੀ ਹੈ ਬੇਸ਼ੱਕ,ਕਿਸੇ ਲਈ ਬੰਦੂਕ ਹੈ।

ਅੱਖਰਾਂ ਦੇ ਰੂਪ ਵਿਚ ਰੱਖੇ ਛੁਪਾਕੇ ਜੇਵਰਾਤ,
ਇਹ ਗਜ਼ਲ ਤਾਂ ਨਵ-ਵਿਆਹੀ ਨਾਰ ਦਾ ਸੰਦੂਕ ਹੈ।

ਇਸਦੀ ਹਰ ਇਕ ਪੰਗਤੀ ਦੇਂਦੀ ਸੁਨੇਹਾ ਪਿਆਰ ਦਾ,
ਇਸਦਾ ਹਰ ਅੱਖਰ ਮਨੁੱਖੀ ਆਤਮਾ ਲਈ ਕੂਕ ਹੈ।

ਇਹ ਹੈ ਪੁਸਤਕ ਜਿਸਨੂੰ ਪੜ੍ਹਕੇ ਜ਼ਿੰਦਗੀ ਹੈ ਸਵੇਰ ਦੀ,
ਇਸ ਗਜ਼ਲ ਦੀ ਹਰ ਸਤਰ ਵੀ ਇੱਕ ਸੁਨਹਿਰੀ ਟੂਕ ਹੈ।

ਬਿਜਲੀਆਂ ਤੋਂ ਤੇਜ਼ ਜਜ਼ਬੇ ਇਸਦੇ ਦਾਮਨ'ਚ ਛਪੇ,
'ਚਮਨ'ਲਾਟਾਂ ਬਣਕੇ ਉਠਦੀ ਇਸ ਗਜ਼ਲ ਦੀ ਫੂਕ ਹੈ।

### ਸੁਰਿੰਦਰ ਗਿੱਲ

ਰੁੱਖਾਂ ਦੇ ਪਰਛਾਵੇਂ ਲੰਮੇ ਰੁੱਖਾ ਤੋਂ।
ਦੁੱਖਾਂ ਦੇ ਅਹਿਸਾਸ ਡੂੰਘੇਰੇ ਦੁੱਖਾਂ ਤੋਂ।

ਅੰਤਰ ਮਨ ਦੇ ਮੰਡਲਾ 'ਚੋਂ ਕੀ ਮਾਣਨਗੇ
ਲੋਕ ਮੁਕਤ ਨਾ ਹੋਏ ਹਾਲੇ ਭੁੱਖਾਂ ਤੋਂ।

ਮਾਇਆਧਾਰੀ ਬਿਰਤੀ ਦਾ ਹੀ ਕੌਤਕ ਹੈ
ਪਸ਼ੂਆਂ ਵਿਚ ਹਮਦਰਦੀ ਵੱਧ ਮਨੁੱਖਾਂ ਤੋਂ।

ਉਹ ਸਾਡੇ ਦੁੱਖਾਂ ਦੀ ਥਾਹ ਕੀ ਪਾਵੇਗਾ
ਉਸ ਨੂੰ ਵਿਹਲ ਨਾ ਅੰਗ ਮਰਮਰੀ ਸੁੱਖਾਂ ਤੋਂ।

ਕਿਸ ਦੇ ਮੂੰਹ ਨੂੰ ਮਾਲ ਪਰਾਇਆ ਲਗਿਆ ਹੈ
ਤਾੜਨ ਵਾਲੇ ਤਾੜਨ ਸ਼ੀਸ਼ਾ ਮੁੱਖਾਂ ਤੋਂ।

ਮਾਂ ਜਾਇਆਂ ਦਾ ਮੂਹ ਨਾ ਪਿਆਰੀ ਮਾਂ ਬੋਲੀ
ਇਹ ਪੱਥਰ ਜਨਮੇ ਮਾਵਾਂ ਦੀਆਂ ਕੁੱਖਾਂ ਤੋਂ।

# ਕਲਮਾਂ ਵਾਲਿਓ

ਕਲਮਾਂ ਵਾਲਿਓ ਕਦੇ ਰੁਕਣਾ ਨਾਂ,
ਨਹੀਂ ਤਾਂ ਜ਼ਿੰਦਗੀ ਦਾ ਰੌਅ ਹੀ ਰੁੱਕ ਜਾਸੀ।
ਸਾਡਾ ਸਾਹਿਤ ਤੇ ਇਤਿਹਾਸ ਜੋ ਪੜ੍ਹਦੇ ਹਾਂ,
ਇਸ ਕਲਮ ਦੀ ਮਿਹਰ ਹੈ,ਨਹੀਂ ਤੇ ਮੁੱਕ ਜਾਸੀ।
ਇਸ ਸਾਹਿਤ ਨੂੰ ਅੱਗੇ ਹੀ ਤੋਰਨਾ ਹੈ,
ਨਹੀਂ ਤੇ ਜ਼ਿੰਦਗੀ ਦਾ ਸੋਹਜ ਹੀ ਮੁੱਕ ਜਾਸੀ।
ਜਿਵੇਂ ਮੁਸ਼ਕ ਜਾਂਦੇ ਪਾਣੀ ਜੋ ਥੰਮ ਜਾਂਦੇ,
ਉਸੇ ਤਰ੍ਹਾਂ ਇਹ ਜ਼ਿੰਦਗੀ ਹੀ ਮੁਸ਼ਕ ਜਾਸੀ।
ਇਹ ਕਲਮ ਹੈ ਜ਼ਿੰਦਗੀ ਦੀ ਜਾਨ ਲੋਕੋ,
ਇਸ ਬਿਨਾਂ ਜ਼ਿੰਦਗੀ ਦੀ ਜਾਨ ਹੀ ਮੁੱਕ ਜਾਸੀ।
ਨਾ ਰਹੇਗੀ ਆਨ ਨਾ ਰਹੇਗੀ ਸ਼ਾਨ,
ਜਦ ਕੌਮ ਵਿਚੋਂ ਕਲਮ ਦੀ ਜ਼ਿਦ ਮੁੱਕ ਜਾਸੀ।
ਕਲਮਾਂ ਵਾਲਿਓ ਕਦੇ ਰੁਕਣਾ ਨਾ,
ਨਹੀਂ ਤਾਂ ਜ਼ਿੰਦਗੀ ਦਾ ਰੌਅ ਹੀ ਮੁੱਕ ਜਾਸੀ।
ਜ਼ੋਰਾਵਰੋ ਇਨ੍ਹਾਂ ਕਲਮਾਂ ਨੂੰ ਕਦੇ ਰੋਕਿਓ ਨਾ,
ਨਹੀਂ ਤੇ ਜ਼ਿੰਦਗੀ ਦੀ ਸਾਂਝ ਹੀ ਮੁੱਕ ਜਾਸੀ।
ਪਾਉਣੀ ਸਾਂਝ ਇਸ ਕਲਮ ਦੇ ਤਾਇਆਂ ਨੇ,
ਇਸਦੀ ਸਾਂਭ ਬਿਨਾਂ ਪ੍ਰਫੁਲਤਾ ਮੁੱਕ ਜਾਸੀ।
ਕਦੇ ਭੁੱਲਕੇ ਨਾ ਕੱਟ ਦਿਓ ਖੰਭ ਇਸਦੇ,
ਅਰਸ਼ਾਂ ਵਿਚ ਉਡਣਾ ਹੀ ਜ਼ਿੰਦਗੀ ਦਾ ਮੁੱਕ ਜਾਸੀ।
ਇਸ ਧਰਤੀ ਤੇ ਸੜ ਬਲਕੇ ਰਹਿ ਜਾਸੀ,
ਕਲਮ ਬਿਨਾਂ ਜ਼ਿੰਦਗੀ ਦਾ ਹੁਸਨ ਹੀ ਮੁੱਕ ਜਾਸੀ।
ਐਸਾ ਅਪਰਾਧ ਨਾ ਕਰਿਓ ਜ਼ਿੰਦਗੀ 'ਚ,
ਜਿਸ ਨਾਲ ਕੌਮ ਦੀ ਪ੍ਰਫੁਲਤਾ ਹੀ ਮੁੱਕ ਜਾਸੀ।
ਨਹੀਂ ਮਿਲੇਗੀ ਢੋਈ ਇਸ ਦੁਨੀ ਵਿੱਚ,
ਨਾਲੇ ਅੱਗੇ ਦੀ ਥਾਂ ਹੀ ਮੁੱਕ ਜਾਸੀ।
ਦਿਓ ਹੌਸਲਾ ਇਨ੍ਹਾਂ ਕਲਮਾਂ ਵਾਲਿਆਂ ਨੂੰ,
ਸੋਹਜ ਸੁਆਦ ਦੇ ਨਾਲ ਇਹ ਜ਼ਿੰਦਗੀ ਫਲ ਜਾਸੀ।
ਰੌਸ਼ਨ ਕਰਨਾ ਹੈ ਜ਼ਿੰਦਗੀ ਨੂੰ ਕਲਮਾਂ ਨੇ,
ਰੌਸ਼ਨੀ ਤਾਰਿਆਂ ਦੀ ਲਿਆ ਰੌਸ਼ਨੀ ਕਰ ਜਾਸੀ।
ਜਿਨ੍ਹਾਂ ਜੌਹਰ ਭਰਿਆ ਇਨ੍ਹਾਂ ਕਲਮਾਂ 'ਚ,
ਇਹ ਧਰਮ ਦੀ ਕਾਰ ਹੈ ਧਰਮੀ ਕਰ ਜਾਸੀ।

- ਅਮਰ ਸਿੰਘ ਸਰੋਕੀਆ


# MINT AUTO BODY LTD.

- Complete Professional Auto Body Repairs and Refinishing on all makes and models
- I.C.B.C. claims handled promptly
- Complete framework
- UNI - BODY repairs
- All work conditionally guaranteed
- Free estimates
- Courtesy cars

ਕਾਰਾਂ, ਵੈਨਾਂ ਅਤੇ ਪਿਕ-ਅੱਪ ਟਰੱਕਾਂ ਦੀ ਅੱਛੀ ਤੇ ਪ੍ਰੋਫੈਸ਼ਨਲ ਮੁਰੰਮਤ ਲਈ ਅਤੇ ਤਸੱਲੀਬਖਸ਼ ਪੇਂਟਿੰਗ ਲਈ ਸਾਨੂੰ ਸੇਵਾ ਦਾ ਮੌਕਾ ਦਿਉ



Bhupinder(Bob) Sihota



For further information call:

**Bhupinder(Bob) Sihota**

**Ph. 433-1207**

**Mint Auto Body Ltd.**

5590 Lane Street, BURNABY, B.C. V5H 2H5



## ਅਜਾਰੇਦਾਰਾਂ ਦੇ ਮੁਨਾਫਿਆਂ ਲਈ

# ਕੈਨੇਡਾ ਵਿਚ ਦੁਆਈਆਂ ਦੇ ਐਕਟ ਵਿਚ ਮਾਰੂ ਸੋਧ

ਗੁਰਨਾਮ ਸਿੰਘ ਸੰਘੇੜਾ

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

**ਕੀਮਤ ਕੰਟਰੋਲ :** ਨਹੀਂ। ਸਰਕਾਰ ਆਖਦੀ ਹੈ ਕਿ ਦੁਆਈ ਦੀਆਂ ਕੀਮਤਾਂ ਤੇ ਕੰਟਰੋਲ ਰੱਖਣ ਲਈ "ਕੀਮਤ ਰੀਵੀਊ ਬੋਰਡ" ਹੋਵੇਗਾ। ਪਰ ਮਾਹਰਾਂ ਦੀ ਆਪਣੀ ਖੋਜ ਅਤੇ ਅਮਲ ਦੇ ਆਧਾਰ ਤੇ ਠੋਸ ਰਾਏ ਹੈ ਕਿ ਕੀਮਤਾਂ ਉਪਰ ਕੰਟਰੋਲ ਨਹੀਂ ਹੋ ਸਕਦਾ ਕਿਉਂਕਿ ਮੁਨਾਫੇ ਕਮਾਉਣ ਲਈ ਆਰਥਕਤਾ ਵਿਚ ਇਹ ਆਖਣਾ ਹੀ ਗਲਤ ਹੈ। ਬਰਤਾਨੀਆ ਵਿਚ ਨੈਸ਼ਨਲ ਹੈਲਥ ਸਰਵਿਸ ਦੇ ਅਧੀਨ ਹੈਲਥ ਅਤੇ ਸਰਵਿਸ ਮਹਿਕਮਾ ਦੁਆਈ ਕੀਮਤਾਂ ਉਪਰ ਬਿਲਕੁਲ ਕੰਟਰੋਲ ਨਹੀਂ ਰੱਖ ਸਕਿਆ ਅੱਗੇ ਕੀਮਤਾਂ ਤੇ ਆਮਦਨ ਪਾਲਸੀ ਦੇ ਅਧੀਨ ਭੀ ਬਰਤਾਨੀਆ ਤੇ ਕਨੇਡਾ ਵਿਚ ਸਾਰੀ ਸਕੀਮ ਅਸਫਲ ਰਹੀ। ਨਕਲ ਬਣਾਉਣ ਨਾਲ ਦੁਆਈ ਸਸਤੀ ਪੈਂਦੀ ਹੈ ਪਰ ਦੁਆਈ ਦੇ ਅੰਸ਼ ਤੇ ਅਸਰ ਅਸਲੀ ਵਾਲੇ ਹੁੰਦੇ ਹਨ ਪਰ ਨਾਮ ਅਸਲ ਨਾਮ ਤੋਂ ਵਖਰਾ ਰਖਣਾ ਪੈਂਦਾ ਹੈ। ਸਸਤੀ ਦੁਆਈ ਦਾ ਗਰੀਬਾਂ, ਬੇ-ਰੁਜ਼ਗਾਰਾਂ, ਬਜ਼ੁਰਗਾਂ, ਬੱਚਿਆਂ ਆਦਿ ਨੂੰ ਬਹੁਤ ਲਾਭ ਹੈ। ਅਸਲੀ ਨਾਮ ਵਾਲੀ ਅਜ਼ਾਰੇਦਾਰ ਕੰਪਨੀ ਦੀ ਦੁਆਈ ਬਹੁਤ ਹੀ ਮਹਿੰਗੀ। ਸੋ ਜੇ ਇਹਨਾਂ ਦਾ ਫਰਕ ਵੇਖੀਏ (ਭਾਵੇਂ ਕਿ ਨਕਲ ਦੇ ਮੁਕਾਬਲੇ ਦੇ ਕਾਰਨ ਪੇਟੈਂਟ ਦੁਆਈ ਦੀ ਕੀਮਤ ਭੀ ਅਮਰੀਕਾ ਨਾਲੋਂ ਬਹੁਤ ਘੱਟ ਹੈ ਪਰ ਫਿਰ ਭੀ) ਤਾਂ ਕਨੇਡਾ ਦੇ ਬੀਮਾਰਾਂ ਨੂੰ ਨਕਲ ਬਣਨ ਦੇ ਕਾਰਨ ਵੀਹ ਕਰੋੜ ਡਾਲਰ ਦੀ ਬਚਤ ਹੁੰਦੀ ਹੈ। ਇਸ ਨਕਲ ਕਰਕੇ ਹੀ ਸੂਬਾਈ ਸਰਕਾਰ ਦਾ ਮੈਡੀਕਲ ਬੱਜਟ ਘੱਟ ਹੈ। ਪਰ ਜੇ ਨਕਲ ਬੰਦ ਹੋ ਗਈ ਤਾਂ ਸੂਬਿਆਂ ਦਾ ਮੈਡੀਕਲ ਬੱਜਟ ਵਧੇਗਾ।

ਅਜ਼ਾਰੇਦਾਰਾਂ ਨੇ ਰੇਗਨ ਸਾਸ਼ਨ ਦੇ ਨਾਲ ਨਾਲ ਕਨੇਡਾ ਦੇ ਨੀਊ ਫਾਊਂਡਲੈਂਡ ਦੇ ਰਹਿ ਚੁੱਕੇ ਪ੍ਰੀਮੀਅਰ ਦੀ ਲੌਬੀ ਫਰਮ ਨੂੰ ਪੇਟੈਂਟ ਐਕਟ ਵਿਚ ਸੋਧ ਕਰਾਉਣ, ਦਸ ਸਾਲ ਤੱਕ ਨਕਲ ਬੰਦ ਕਰਾਉਣ ਲਈ ਭਾੜੇ ਤੇ ਕੀਤਾ ਹੈ। ਇਸ ਬਿਲ ਸੀ-22 ਦੀ ਤੀਜੀ ਰੀਡਿੰਗ ਅਪਰੈਲ 1987 ਵਿਚ ਹੋ ਰਹੀ ਹੈ। ਇਥੋਂ ਤੱਕ ਕਿ ਫੈਡਰਲ ਟੋਰੀ ਸਰਕਾਰ ਦੇ ਮੰਤਰੀ ਆਪ ਹੀ ਦੁਆਈ ਅਜ਼ਾਰੇਦਾਰਾਂ ਦੇ ਹੱਕ ਵਿਚ ਪ੍ਰਚਾਰ ਕਰ ਰਹੇ ਹਨ। ਟੋਰੀ ਸਰਕਾਰ ਆਖ ਰਹੀ ਹੈ ਕਿ ਖੋਜ ਰਾਹੀਂ ਅਸਲੀ ਪਹਿਲੀ ਦੁਆਈ ਬਣਾਉਣ ਵਾਲੇ ਨੂੰ ਪੂਰਾ ਲਾਭ ਚਾਹੀਦਾ ਹੈ। 1985 ਵਿਚ ਫੈਡਰਲ ਸਰਕਾਰੀ ਖੋਜ ਨੇ ਸਿੱਧ ਕੀਤਾ ਕਿ ਭਾਵੇਂ ਨਕਲ ਰਾਹੀਂ ਬਣਾਈਆਂ ਦੁਆਈਆਂ ਨਾਲ ਅਸਲੀ ਨੂੰ ਮੁਕਾਬਲਾ ਕਰਨਾ ਪੈਂਦਾ ਹੈ ਪਰ ਫਿਰ ਭੀ ਦੂਜੀ ਕਿਸੇ ਭੀ ਦਸਤਕਾਰੀ ਨਾਲੋਂ ਦੁਆਈ ਦਸਤਕਾਰੀ ਵਿਚ ਬਹੁਤ ਜ਼ਿਆਦਾ ਮੁਨਾਫਾ ਹੈ।

ਸੋ ਜੇ ਸੋਧ ਹੋ ਗਈ ਤਾਂ ਦੁਆਈਆਂ ਦੀਆਂ ਕੀਮਤਾਂ ਵਿਚ ਅਥਾਹ ਤੇ ਬੇ-ਤਹਾਸ਼ਾ ਵਾਧਾ ਹੋਵੇਗਾ। ਕਨੇਡਾ ਦੇ ਦੁਆਈਆਂ ਬਣਾਉਣ ਵਾਲਿਆਂ ਦੀ ਐਸੋ: ਨੇ ਆਖਿਆ ਕਿ ਜੇ ਕਰ ਨਕਲ ਬਣਾਉਣ ਦੀ ਖੁੱਲ ਨਾ ਹੁੰਦੀ ਤਾਂ ਕਨੇਡਾ ਵਿਚ ਭੀ ਅਮਰੀਕਾ ਵਾਲੀਆਂ ਕੀਮਤਾਂ ਲਾਗੂ ਹੁੰਦੀਆਂ। ਤੇ ਜੇ ਇਹ ਨਕਲ ਬਣਾਉਣ ਤੇ ਦਸ ਸਾਲ ਤੋਂ ਪਹਿਲਾਂ ਬਣਾਉਣ ਤੇ ਪਾਬੰਦੀ ਲੱਗ ਗਈ ਤਾਂ ਘੱਟ ਤੋਂ ਘੱਟ ਦੁਆਈ ਕੀਮਤਾਂ ਵਿਚ 91 ਪ੍ਰਤੀਸ਼ਤ ਵਾਧਾ ਹੋਵੇਗਾ। ਨਕਲ ਕੀਤੀਆਂ ਦੁਆਈਆਂ ਦੀ ਘੱਟ ਤੋਂ ਘੱਟ ਪੰਜਾਹ ਫੀ ਸਦੀ ਕੀਮਤ ਘੱਟ ਹੈ। ਜੋ 1987 ਵਿਚ ਪੇਟੈਂਟ ਐਕਟ ਵਿਚ ਸੋਧ ਨਾਲ ਦਸ ਸਾਲ ਤੋਂ ਪਹਿਲਾਂ ਨਕਲ ਨਾ ਹੋਣ ਦੇਣ ਦਾ ਨਤੀਜਾ ਹੋਵੇਗਾ ਕਿ ਦੁਆਈਆਂ ਦੀਆਂ ਕੀਮਤਾਂ ਅਮਰੀਕਾ ਦੀ ਪੱਧਰ ਤੇ ਜਾਣਗੀਆਂ ਜੋ ਬਹੁਤ ਜ਼ਿਆਦਾ ਹਨ। ਲਉ ਵੇਖੋ :—

| ਨਕਲ ਕੀਤੀ ਦੁਆਈ | (ਯੂਨਿਟ—1200) | ਕਨੇਡਾ ਵਿਚ ਨਕਲ ਦੀ ਕੀਮਤ | ਕਨੇਡਾ ਵਿਚ ਬਰਾਂਡ ਦੀ ਕੀਮਤ | ਅਮਰੀਕਾ ਵਿਚ ਬਰਾਂਡ ਦੀ ਕੀਮਤ | ਦੁਆਈ ਦੀ ਬਰਾਂਡ ਨਾਮ |
|---|---|---|---|---|---|
| ਕਲੋਰ ਪੋਰਪਾਮਾਈਡ | 250 ਐਮ. ਜੀ ਗੋਲੀਆਂ | $19.03 | $141.80 | $431.58 | ਡਾਇਆ ਬਨੀਜ |
| ਕਲੋਰ ਥੈਲੀਡੋਨ | 100 " " " | $37.29 | $124.56 | $613.01 | ਹਾਈਗਰੋਟਨ |
| ਪਰੋ ਪਰੇਨੋਲ | 40 " " " | $37.29 | $125.67 | $273.00 | ਇੰਡਰਾਲ |
| ਮੀਥਲਡੋਪ | 250 " " " | $54.95 | 124.72 | $265.25 | ਐਲਡੋਮਿਟ |
| ਫਿਊਰੋਸੇਮਾਈਡ | 40 " " " | $7.65 | 72.00 | $146.05 | ਲੇਜਿਕਸ |
| ਡਾਇਆ ਜ਼ੀਪੈਮ | 5 " " " | $2.31 | $80.00 | $345.93 | ਵੈਲੀਅਮ |
| ਕਲੋਰੋਡਾਇਆ ਜ਼ੀਪੋਕਸਾਈਡ | 10 " "ਕੈਪਜੋਲ | $11.66 | $90.80 | $279.63 | ਲਿਬਰੀਅਮ |
| ਔਕਸੇਜ਼ੀਪੈਮ | 30 " " ਗੋਲੀਆਂ | $11.00 | $86.48 | $644.38 | ਸੇਰੇਕਸ |
| ਏਮੀ ਟਰਿਪਟਲੀਨ | 25 " " " | $6.00 | $95.68 | $248.31 | ਇਲਾਵਿਲ |
| ਹੇਲੋਪੈਂਡੋਲ | 5 " " " | $157.50 | $323.00 | $293.74 | ਹੈਲਡੋਲ |
| ਫਲੀਊਰਾਜ਼ੀਪੈਮ | 30 | $34.49 | $101.50 | $333.71 | ਡਿਲਮੇਨ |
| ਸੀਮਾਟੀਡਾਈਨ | 300 " " ਕੈਪਸੋਲ | $84.15 | $265.43 | $496.60 | ਟੇਗਾਮੇਟ |
| ਮੇਟਰੋਨੀਡਾਜ਼ੋਲ | 250 " " ਗੋਲੀਆਂ | $24.42 | $84.94 | $870.84 | ਫਲੇਜਿਲ |
| ਐਮੋਕਸੀਸਿਲਿਨ | 250 " " ਕੈਪਸੋਲ | $78.88 | $261.66 | $260.93 | ਅਮੋਕਸਲ |
| ਐਮ ਪੀ ਸ਼ਿਲਿਨ | 250 " " " | $60.88 | $157.10 | $163.04 | ਪਿੰਨ ਬ੍ਰਿਟਨ |
| ਨੈਪਰੋਕਸਿਨ | 250 " " " | $145.95 | $382.35 | $593.58 | ਨੈਪਰੋਸਿਨ |
| ਈਬੋ ਪਰੋਫਿਨ | 400 " " ਗੋਲੀਆਂ | $53.30 | $221.90 | $186.68 | ਮੋਟਰਿਨ |

(ਇਹ ਕੀਮਤਾਂ ਓਟਾਵਾ ਸਿਟੀਜ਼ਨ" ਵਿਚੋਂ ਲਈਆਂ)

ਐਕਟ ਵਿਚ ਨਵੀਂ ਸੋਧ ਹੋਣ ਪਿਛੋਂ ਦੁਆਈਆਂ ਦੀਆਂ ਕੀਮਤਾਂ "ਕੇਨੇਡਾ ਵਿਚ ਨਕਲ ਦੀ ਕੀਮਤ" ਤੋਂ ਵਧ ਕੇ "ਅਮਰੀਕਾ ਵਿਚ ਬਰਾਂਡ ਦੀ ਕੀਮਤ" (ਖਾਨਾ ਨੰਬਰ ਪੰਜ) ਤੇ ਜਾ ਪੁਜਣੀਆਂ ਹਨ। ਸੋ ਹੁਣ ਸੰਭਲੋ।

ਸਰਕਾਰੀ ਆਖਦੀ ਹੈ ਕੀਮਤਾਂ ਨਹੀਂ ਚੜ੍ਹਨਗੀਆਂ ਪਰ ਨਾਲ ਹੀ ਆਖਦੀ ਹੈ ਕਿ ਬਰਾਂਡ ਕੰਪਨੀਆਂ ਦੇ ਖਰਚੇ ਤੇ ਜਾਇਜ਼ ਮੁਨਾਫੇ ਹੋਰ। ਉਸ ਦੇ ਨਾਲ ਹੀ ਸਰਕਾਰ ਆਪ ਲਿਖਤੀ ਤੌਰ ਤੇ ਆਖਦੀ ਹੈ ਕਿ ਕਿਉਂਕਿ ਇਸ ਐਕਟ ਬਦਲੀ ਨਾਲ ਕੀਮਤਾਂ ਵਧਣਗੀਆਂ ਸੋ ਕੇਂਦਰੀ ਸਰਕਾਰ ਸੂਬਾਈ ਸਰਕਾਰਾਂ ਨੂੰ ਉਸ ਕੀਮਤ ਨੂੰ ਪੂਰਾ ਕਰਨ ਲਈ ਦਸ ਕਰੋੜ ਡਾਲਰ ਮੱਦਦ ਦੇਵੇਗੀ। ਸੋ ਸਾਫ ਹੈ ਕਿ ਸਰਕਾਰ ਨੂੰ ਪਤਾ ਹੈ ਤੇ ਮੰਨਦੀ ਹੈ ਕਿ ਕੀਮਤਾਂ ਵਿਚ ਵਾਧਾ ਹੋਵੇਗਾ।

**ਖੋਜ ਤੇ ਕੰਮ :—** ਮੰਤਰੀ ਜੀ ਆਪਣੀ ਚਿੱਠੀ ਵਿਚ ਲਿਖਦੇ ਹਨ ਕਿ ਇਸ ਨਵੇਂ ਐਕਟ ਨਾਲ ਦੁਆਈ ਕੰਪਨੀਆਂ ਕਨੇਡਾ ਵਿਚ ਤਿੰਨ ਅਰਬ ਡਾਲਰ ਲਾਉਣਗੀਆਂ ਜਿਸ ਨਾਲ ਤਿੰਨ ਹਜ਼ਾਰ ਕੰਮ ਪੈਦਾ ਹੋਣਗੇ। ਪਹਿਲੀ ਗਲ ਤਾਂ ਇਹ ਕਿ ਕੰਪਨੀਆਂ ਨੇ ਕੋਈ ਦਸਤਖਤ ਨਹੀਂ ਕੀਤੇ ਕਿ ਉਹ ਇਹ ਪੈਸਾ ਲਾਉਣਗੀਆਂ। ਕਿਸ ਕਿਸਮ ਦੀ ਖੋਜ ਕਰਨਗੀਆਂ, ਇਸ ਵਾਰੇ ਭੀ ਕੋਈ ਲਿਖਤੀ ਇਕਰਾਰਨਾਮਾ ਨਹੀਂ। ਉਸ ਤੋਂ ਅੱਗੇ ਇਹ ਕਿ ਆਰਥਕ ਅਸੂਲਾਂ ਦੇ ਹਿਸਾਬ ਨਾਲ ਉਹ ਮੁਖ ਖੋਜ ਕੇਂਦਰੀ ਅਸਥਾਨ ਤੇ ਕਰਨਗੇ ਜਿਥੇ ਉਹ ਪਹਿਲਾਂ ਕਰਦੀਆਂ ਹਨ। ਕਨੇਡਾ ਵਿਚ ਸਿਰਫ ਸੇਹਤ ਲਈ ਸੇਫਟੀ ਪੱਖੋਂ ਅਗੇ ਵਾਂਗ "ਕਲਿਨੀਕਲ ਖੋਜ ਹੀ ਕਰਨਗੀਆਂ। ਪਰ ਜੇ ਫਰਜ਼ ਕਰਕੇ ਮੰਨ ਭੀ ਲਈਏ ਕਿ ਕੰਮ ਪੈਦਾ ਹੋਣਗੇ ਤਾਂ ਫਿਰ ਇਕ ਕੰਮ ਪੈਦਾ ਕਰਨ ਲਈ ਦਸ ਲੱਖ ਡਾਲਰ ਦੀ ਕੀਮਤ ਤਾਰਨੀ ਪੈਂਦੀ ਹੈ। ਸੋ ਤਾਂ ਭੀ ਇਹ ਮਹਿੰਗਾ ਸੌਦਾ ਹੈ। ਉਸ ਤੋਂ ਅਗਲੀ ਗੱਲ ਇਹ ਕਿ ਜੇ ਬਰਾਂਡ ਨਾਮ ਦੀ ਦੁਆਈ ਬਣਨ ਦੇ ਸਮੇਂ ਤੋਂ ਦਸ ਸਾਲ ਦੇ ਪਿਛੋਂ ਨਕਲ ਹੋ ਸਕੇਗੀ ਤਾਂ ਫਿਰ ਨਕਲ ਬਣਾਉਣ ਵਾਲੀਆਂ ਕੰਪਨੀਆਂ ਦਾ ਕੰਮ ਬਹੁਤ ਘੱਟ ਜਾਏਗਾ ਜਿਸ ਨਾਲ ਉਥੇ ਕੰਮ ਕਰਦੇ ਬੰਦੇ ਬੇ-ਰੁਜ਼ਗਾਰ ਹੋ ਜਾਣਗੇ। ਅਜ਼ਾਰੇਦਾਰ ਕੰਪਨੀਆਂ ਆਪ ਹੀ ਦਸ ਸਾਲ ਪਿਛੋਂ ਆਪਣੀ ਦੁਆਈ ਦੀ ਨਕਲ ਕਰਕੇ ਵੇਚਣਾ ਸ਼ੁਰੂ ਕਰ ਸਕਦੀਆਂ ਹਨ ਤਾਂ ਕਿ ਹੋਰ ਕੋਈ ਨਕਲ ਕਰਕੇ ਸਸਤੀ ਨਾ ਵੇਚੇ। ਇਸ ਤਰ੍ਹਾਂ ਮੁਕਾਬਲਾ ਘਟਾ ਕੇ ਅਥਾਹ ਮੁਨਾਫਾ ਕਾਇਮ ਰੱਖਿਆ ਜਾਏਗਾ।

**ਮੁਨਾਫਾ ਹੀ ਮੰਤਵ :—** ਅਜ਼ਾਰੇਦਾਰ ਕੰਪਨੀਆਂ ਤਾਂ ਖੋਜ ਕਰਕੇ ਦੁਆਈ ਹੀ ਤਦ ਬਣਾਉਣਗੀਆਂ ਜੇ ਕਰ ਵੇਚਣ ਲਈ ਖਪਤ ਮੰਡੀ ਜ਼ਿਆਦਾ ਹੋਵੇ। ਉਹਨਾਂ ਨੂੰ ਲੋਕਾਂ ਦੀ ਸੇਹਤ ਜਾਂ ਜ਼ਿੰਦਗੀ ਨਾਲ ਕੋਈ ਸਰੋਕਾਰ ਨਹੀਂ। ਉਹਨਾਂ ਦਾ ਈਮਾਨ ਮੁਨਾਫਾ ਹੈ। ਜਿਵੇਂ "ਡਾਇਲੌਗ" ਵਿਚ ਲਿਖਿਆ ਹੈ "ਜਦੋਂ ਦੁਆਈਆਂ ਬਣਾਉਣ ਵਾਲੀਆਂ ਕੰਪਨੀਆਂ ਨੂੰ ਪੁੱਛਿਆ ਕਿ ਤੁਸੀਂ "ਏਡਜ਼" ਬੀਮਾਰੀ ਦੇ ਇਲਾਜ ਜਾਂ ਰੋਕਣ ਦੀ ਦੁਆਈ ਬਣਾਉਣ ਲਈ ਕੋਈ ਪਹਿਲ ਨਹੀਂ ਦੇ ਰਹੇ", ਤਾਂ ਦੁਆਈਆਂ ਦੀ ਅਜ਼ਾਰੇਦਾਰ ਹੋਫਮੈਨ ਰੋਚੇ ਕੰਪਨੀ ਦੇ ਖੋਜ ਦੇ ਪ੍ਰਧਾਨ ਪੈਟਰਿਕ ਗੇਜ ਨੇ ਆਖਿਆ, "ਇਹ ਗਲ ਤਾਂ ਭਾਵੇਂ ਬੜੀ ਭਿਆਨਕ ਲੱਗੇ ਪਰ ਤੁਹਾਨੂੰ ਸਮਝਣਾ ਚਾਹੀਦਾ ਹੈ ਕਿ ਦੱਸ ਲੱ ਬੰਦੇ ਦੀ ਭੀ ਕੋਈ ਮਾਰਕਿਟ ਹੁੰਦੀ ਹੈ ਹਾਂ ਵਧ ਜ਼ਰੂਰੀ ਰਹੀ ਹੈ। ਪਰ ਇਹ ਦਮੇ ਜਾਂ ਜੋੜ ਦਰਦ ਵਾਲੀ ਮਾਰਕਿਟ ਨਹੀਂ।" ਸੋ ਮੁਨਾਫੇਖੋਰ ਤਾਂ ਲਹੂ ਚੂਸਣਾ ਜਾਣਦੇ ਤੇ ਚਾਹੁੰਦੇ ਹਨ। ਇਨਸਾਨੀਅਤ ਤੇ ਲੋਕ ਭਲਾਈ ਦੇ ਸ਼ਬਦ ਉਹਨਾਂ ਦੀ ਡਿਕਸ਼ਨਰੀ ਵਿਚ ਨਹੀਂ। ਕਨੇਡਾ ਵਿਚ ਬੁਨਿਆਦੀ ਤੌਰ ਤੇ ਹੀ ਬਹੁਤ ਘੱਟ ਖੋਜ ਹੁੰਦੀ ਹੈ ਅਤੇ ਦੁਆਈਆਂ ਦੀਆਂ ਕੰਪਨੀਆਂ ਨੇ ਕਨੇਡਾ ਵਿਚ ਆਪਣੀ ਵਿਕਰੀ ਦਾ ਇਕ ਫੀ ਸਦੀ ਹਿਸਾ ਵੀ ਕਨੇਡਾ ਵਿਚ ਖੋਜ ਤੇ ਨਹੀਂ ਲਾਇਆ। ਬਿਲ ਸੀ-22 ਵਿਚ ਇਹਨਾਂ ਤੋਂ ਖੋਜ ਰਾਹੀਂ ਕੰਮ ਪੈਦਾ ਕਰਾਉਣ ਬਾਰੇ ਕੋਈ ਠੋਸ ਤੇ ਵਿਸਥਾਰ ਦੀ ਨਿਸਚਿਤ ਗੱਲ ਹੀ ਨਹੀਂ।

ਇਸ ਨਵੇਂ ਬਿੱਲ ਦੇ ਪਾਸ ਹੋਣ ਨਾਲ ਸੂਬਿਆਂ ਦੀਆਂ ਸਰਕਾਰਾਂ ਨੂੰ ਮੈਡੀਕਲ ਤੇ ਵੱਧ ਖਰਚ ਕਰਨਾ ਪਵੇਗਾ ਕਿਉਂਕਿ ਦੁਆਈਆਂ ਦੀਆਂ ਕੀਮਤਾਂ ਅਸਮਾਨ ਤੱਕ ਚੜ੍ਹ ਜਾਣਗੀਆਂ। ਕਨੇਡਾ ਦੀ ਆਰਥਕ ਕੌਂਸਲ ਲਈ ਸ੍ਰੀ ਗੁਰੇਕੀ ਵਲੋਂ ਕੀਤੀ ਖੋਜ ਦਸਦੀ ਹੈ ਕਿ ਸੂਬਿਆਂ ਨੂੰ ਵੀਹ ਫੀਸਦੀ ਹੋਰ ਖਰਚ ਵਧਾਉਣਾ ਪਵੇਗਾ। ਇਸ ਦਾ ਅਸਲੀ ਅਸਰ ਬਜ਼ੁਰਗਾਂ ਬੱਚਿਆਂ, ਵਿਲਫੇਅਰ ਵਾਲਿਆਂ ਅਤੇ ਆਮ ਲੋਕਾਂ ਤੇ ਬਹੁਤ ਪਵੇਗਾ ਕਿਉਂਕਿ ਸਰਕਾਰ ਨੇ ਤਾਂ ਸੇਹਤ ਜਾਂ ਮੈਡੀਕੇਅਰ, ਹਸਪਤਾਲਾਂ ਤੇ ਖਰਚ ਵਧਾਉਣ ਦੀ ਥਾਂ ਘਟਾ ਦਿਤਾ ਹੈ। ਸੋ ਇਹ ਭਾਰ ਲੋਕਾਂ ਅਤੇ ਖਾਸ ਕਰ ਬਜ਼ੁਰਗ ਤੇ ਵਿਲਫੇਅਰ ਵਾਲਿਆਂ ਤੇ ਬਹੁਤ ਸੱਟ ਮਾਰੇਗਾ। ਵੈਸੇ ਤਾਂ ਹਰ ਆਮ ਬੰਦੇ ਲਈ ਦੁਆਈ ਲੈਣੀ ਮੁਸ਼ਕਲ ਹੋ ਜਾਏਗੀ ਜਿਸ ਦਾ ਮੁੜ ਅਸਰ ਸੇਹਤ ਉਤੇ ਪਵੇਗਾ ਤੇ ਹੋਰ ਬੀਮਾਰੀ ਵਧੇਗੀ, ਉਸ ਨਾਲ ਕੰਮ ਭੀ ਟੁੱਟੇਗਾ ਜਾਂ ਅਸਰ ਪਵੇਗਾ ਤੇ ਮੁੜਵੇਂ ਪੈਰੀਂ ਤਨਖਾਹ ਤੇ। ਸੋ ਇਹ ਗੰਦਾ ਤੇ ਮਾਰੂ ਚੱਕਰ ਚਲ ਪਵੇਗਾ। ਜਦੋਂ ਹੀ ਬਿਲ ਸੀ-22 ਵਿਚ ਸੋਧ ਕਰਕੇ ਨਕਲ ਕਰਕੇ ਦੁਆਈ ਬਣਾਉਣ ਦਾ "ਜ਼ਰੂਰੀ ਲਾਸੰਸ ਲੈ ਲੈਣ" ਦੀ ਗੱਲ ਖਤਮ ਕੀਤੀ ਉਸ ਸਮੇਂ ਹੀ ਮਾਰੂ ਅਸਰ। ਸਰਕਾਰ ਦੇ ਵਾਈਟ ਪੇਪਰ ਨੇ ਜ਼ਾਹਰ ਕੀਤਾ ਕਿ ਦੇਸ਼ ਦੇ ਵੀਹ ਫੀਸਦੀ ਨੁਸਖੇ ਸਿਰਫ ਬਜ਼ੁਰਗਾਂ ਲਈ ਲਿਖ ਹੁੰਦੇ ਹਨ ਅਤੇ ਅੰਕੜੇ ਦੱਸਦੇ ਹਨ ਕਿ ਸਾਲ 2000 ਵਿਚ ਆਬਾਦੀ ਦਾ ਪੰਜਾਹ ਫੀਸਦੀ ਹਿਸਾ 65 ਸਾਲ ਦੀ ਉਮਰ ਤੋਂ ਉਪਰ ਹੋਵੇਗਾ। ਸੋ ਅੰਦਾਜ਼ਾ ਲਾਉ ਕਿ ਇੰਨੀ ਵੱਡੀ ਆਬਾਦੀ ਦੇ ਹਿੱਸੇ ਉਪਰ ਨਵੇਂ ਸੋਧੇ ਹੋਏ ਐਕਟ ਦਾ ਅਸਰ ਸਾਲ 2000 ਵਿਚ ਹੋਵੇਗਾ। ਹੁਣ ਭੀ ਬ੍ਰਿਟਿਸ਼ ਕੋਲੰਬੀਆ ਵਿਚ ਚਾਲੀ ਫੀਸਦੀ ਆਬਾਦੀ ਦੀ ਆਮਦਨ ਗਰੀਬੀ ਦੀ ਲਕੀਰ ਤੋਂ ਥੱਲੇ ਹੈ। ਸੋ ਉਹਨਾਂ ਲਈ ਦੁਆਈ ਲੈਣੀ ਮੁਸ਼ਕਲ ਹੈ। ਬੀ. ਸੀ. ਵਿਚ ਦੋ ਲੱਖ ਤੋਂ ਉਪਰ ਬੇਰੁਜ਼ਗਾਰ ਅਤੇ ਤੇਰਾਂ ਫੀਸਦੀ ਤੋਂ ਉਪਰ ਬੇਰੁਜ਼ਗਾਰੀ ਹੈ। ਇਸ ਹੀ ਤਰ੍ਹਾਂ ਘੱਟ ਤਨਖਾਹ ਵਾਲੇ, ਮੌਸਮੀ ਕਾਮੇ, ਵਿਦਿਆਰਥੀ ਅਤੇ ਇਕ ਆਮਦਨ ਵਾਲੇ ਲੋਕਾਂ ਲਈ ਨਵੀਆਂ ਕੀਮਤਾਂ ਤੇ ਦੁਆਈ ਖਰੀਦਣੀ ਅਤਿ ਮੁਸ਼ਕਲ ਹੋ ਜਾਏਗੀ। ਗਰੀਬਾਂ ਵਿਚ ਹੀ ਬੀਮਾਰੀ, ਛੋਟੀ ਉਮਰ ਵਿਚ ਮ੍ਰਿਤੂ ਅਤੇ ਗੁੰਝਲਦਾਰ ਬੀਮਾਰੀਆਂ ਹਨ। ਬੀ. ਸੀ. ਦੇ ਫਾਰਮਾ ਕੇਅਰ ਦੇ ਮੁਫਤ ਦੁਆਈ ਦੇ ਪ੍ਰੋਗਰਾਮ ਉਤੇ ਭੀ ਸੱਟ ਮਾਰੇਗਾ। ਫਾਰਮਾ ਕੇਅਰ ਲੈਣ ਵਾਲਿਆਂ ਦੀ ਗਿਣਤੀ ਘਟਾ ਦਿਤੀ ਜਾਏਗੀ। ਦੁਆਈਆਂ ਲੈਣ, ਹਸਪਤਾਲ ਆਦਿ ਦੀ ਵਰਤੋਂ ਫੀਸ ਵਧਾਈ ਜਾਏਗੀ। ਫਾਰਮਾਕੇਅਰ ਲਈ ਕਟੌਤੀ ਵਧਾਈ ਜਾਵੇਗੀ ਅਤੇ ਕਈ ਮਹਿੰਗੀਆਂ ਦੁਆਈਆਂ ਬਿਲਕੁਲ ਮੁਫਤ ਨਹੀਂ ਮਿਲਣਗੀਆਂ। ਕਨੇਡਾ ਦੀ ਵੀਹ ਫੀ ਸਦੀ ਆਬਾਦੀ ਗਰੀਬੀ ਦੀ ਲਕੀਰ ਤੋਂ ਥੱਲੇ ਰਹਿੰਦੀ ਹੈ। ਸੋ ਇਸ ਕੁਹਾੜੇ ਦੀ ਰੋਕ ਥਾਮ ਕਰੋ।

**ਯੂਨੀਅਨ ਕੰਟਰੈਕਟ :—** ਇਸ ਨਵੇਂ ਕਾਨੂੰਨ ਰਾਹੀਂ ਚੜ੍ਹਦੀਆਂ ਕੀਮਤਾਂ ਦਾ ਟਰੇਡ ਯੂਨੀਅਨ ਦੀ ਮਾਲਕਾਂ ਨਾਲ ਸੇਹਤ ਕਵਰੇਜ ਲਈ ਗੱਲਬਾਤ, ਸਮਝੌਤੇ ਤੇ ਇਕਰਾਰਨਾਮੇ ਤੇ ਸੱਟ ਵਜੇਗੀ ਕਿਉਂਕਿ ਮਾਲਕ ਵੀ ਵਧੀਆ ਕੀਮਤਾਂ ਦੀ ਕਾਮੇ ਦੀ ਦੁਆਈ ਦਾ ਖਰਚ ਦੇਣ ਤੋਂ ਪਿਛੇ

ਬਾਕੀ ਪੰਨਾ 25 'ਤੇ

ਬੈਕੁੰਠਾਂ ਨੂੰ ਲੱਤ ਮਾਰ ਕੇ 'ਆਦਮ' ਧਰਤੀ ਮੱਲ ਬੈਠਾ-
ਆਖਰ ਨੂੰ ਕੁਝ ਤਾਂ ਹੋਵੇਗਾ, 'ਹੱਵਾ' ਦੀਆਂ ਅਦਾਵਾਂ ਵਿਚ।

ਇਕਨਾਂ ਪੱਲੇ ਕੁਝ ਨਾ ਪੈਂਦਾ, ਗਾਹ ਕੇ ਬੀਆਬਾਨਾ ਨੂੰ-
ਇਕਨਾਂ ਦੇ ਭੰਡਾਰ ਭਰੀਂਦੇ, ਠੰਢੀਆਂ ਸੀਤਲ ਛਾਵਾਂ ਵਿਚ।

ਖੁਸ਼ਬੂਆਂ ਦੀ ਰੁੱਤੇ ਆਪਣੇ ਘੋਲ 'ਚ ਵੜ ਕੇ ਬੈਠ ਗਏ-
ਦਿਨ ਜੱਕੋ-ਤੱਕੀ ਵਿਚ ਗੁਜ਼ਰੇ, ਕਟ ਗਈ ਰਾਤ ਸਲਾਹਵਾਂ ਵਿਚ।

ਤੋਤਲੀਆਂ ਗੱਲਾਂ ਸਨ, ਧੁੱਪ ਸੀ, ਲਹਿਰਾਂ ਦਾ ਸੰਗੀਤ ਵੀ ਸੀ-
ਵੈਣ, ਸਿਸਕੀਆਂ, ਵਿਰਲਾਪਾਂ ਦਾ, ਘੁਲ ਗਿਆ ਜ਼ਹਿਰ ਹਵਾਵਾਂ ਵਿਚ।

ਹੱਡ-ਮਾਸ ਦਾ ਰਿਸ਼ਤਾ ਸੀ, ਵਿਚੋਂ ਸੂਈ ਨਾ ਲੰਘਦੀ ਸੀ-
ਕਿਸ ਨੇ ਮੋਹ ਦਾ ਤੰਕਲਾ ਗੱਡਿਐ, ਮਾਂ-ਪਿਉ ਜਾਏ ਭਰਾਵਾਂ ਵਿਚ?


# Sidhu Sweet & Snack Shop

9371- 120 St. Delta, B.C.

**Ph. 588-5512**

ਵਿਆਹ ਸ਼ਾਦੀਆਂ ਦਾ ਖਾਸ ਬੰਦੋਬਸਤ ਕੀਤਾ ਜਾਂਦਾ ਹੈ।

ਬੱਕਰੇ ਅਤੇ ਸੂਰ ਦਾ ਸਪੈਸ਼ਲ ਸੁਆਦੀ ਅਚਾਰ ਦਾ ਅਨੰਦ ਵੀ ਤੁਸੀਂ ਮਾਣ ਸਕਦੇ ਹੋ।

ਮਜ਼ੇਦਾਰ ਜਲੇਬੀਆਂ ਦਾ ਖਾਸ ਰੇਟ

ਸ਼ਹਿਰ ਵਿਚ ਸਭ ਤੋਂ ਵਧੀਆ ਮਠਿਆਈ ਦਾ ਭੰਡਾਰ

9371 — 120th ਸਟਰੀਟ, ਡੈਲਟਾ, ਬੀ. ਸੀ. Ph. 588-5512

# ਯੂਬਾ ਸਿਟੀ ਗਾਈਡ




GSB

**TRAVEL**

2086 Live Oak Blvd., Suite D
Yuba City, CA 95991

ਭਾਰਤ, ਪਾਕਿਸਤਾਨ, ਫੀਜ਼ੀ, ਲੰਡਨ, ਸ੍ਰੀ ਲੰਕਾ, ਨਿਊਜ਼ੀਲੈਂਡ, ਹਵਾਈ ਜਾਂ ਦੁਨੀਆਂ ਦੇ
ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ ਘੱਟ ਤੋਂ ਘੱਟ ਕਿਰਾਏ

671-6060 Open 7 Days a Week

*Great Service Is Our Business*

*Fully computerized for all your travel needs*



ਪ੍ਰੋਫੈਸ਼ਨਲ ਟਰੈਵਲ ਏਜੰਟਜ਼
ਵਿਉਪਾਰ ਜਾਂ ਮਨਪ੍ਰਚਾਵੇ ਲਈ ਸਫਰ ਕਰਨ ਲਈ ਪੂਰਾ ਪ੍ਰਬੰਧ ਹੈ



## ਜਾਇਦਾਦ ਖਰੀਦਣੀ ਜਾਂ ਵੇਚਣੀ ਚਾਹੁੰਦੇ ਹੋ?

ਕਿਸੇ ਪ੍ਰਕਾਰ ਦੀ ਜਾਇਦਾਦ ਖਰੀਦਣ ਜਾਂ ਵੇਚਣ ਤੋਂ ਪਹਿਲਾਂ ਮੁਫਤ ਪ੍ਰੋਫੈਸ਼ਨਲ ਸਲਾਹ ਮਸ਼ਵਰੇ ਲਈ ਫੂਨ ਕਰੋ

- Homes
- Ranches
- Commercial
- Industrial
- Exchanges

REALTOR® MLS

**Domain Realty**

(916) 671-4817

**Broker: Dr. Gulzar S. Johl**
**2086 Live Oak Blvd.**
**Suite C**
**Yuba City, CA 95991**



Fly any Air Line of Your Choice

**Travel Concepts**

Full Service Travel Agency
Air Line Tickets to anywhere in the World

- Bargain Flights
- Special Round Trip Fares
- Low, low economic fares
- Passport Visas
- Notary Public
- Passport pictures 5 minute service





ਦੁਨੀਆਂ ਦੇ ਕਿਸੇ ਵੀ ਹਿੱਸੇ ਵਿਚ ਜਾਣਾ ਹੈ ਤਾਂ ਹਰ
ਕਿਸ ਏਅਰਲਾਈਨ ਦੀਆਂ ਸਸਤੀਆਂ ਟਿਕਟਾਂ ਸਾਥੋਂ ਲਵੋ

459 Palora Ave. Yuba City, CA 95901

(916) 671-3922



Large Selection of Punjabi Books For Sale

# SARI PALACE

Airline Tickets to Anywhere in the World
Passport • Visas

ਸੂਟਾਂ ਦਾ ਕੱਪੜਾ, ਸਾੜ੍ਹੀਆਂ, ਦੁਪੱਟੇ, ਭਾਰਤੀ ਗਰੌਸਰੀ, ਹਿੰਦੀ ਪੰਜਾਬੀ ਵੀਡੀਓ ਫਿਲਮਾਂ ਅਤੇ ਗੀਤਾਂ ਦੀਆਂ ਭਰੀਆਂ ਟੇਪਾਂ ਬਹੁਤ ਹੀ ਵਾਜ਼ਬ ਕੀਮਤਾਂ ਤੇ ਮਿਲਦੀਆਂ ਹਨ। ਪੈਪਸੀ ਕੋਲਾ, ਸੇਵਨ ਅਪ ਤੇ ਹੋਰ ਹਰ ਤਰ੍ਹਾਂ ਦਾ ਸੋਦਾ ਤੁਹਾਨੂੰ ਸਾੜ੍ਹੀ ਫੈਸ਼ਨ ਤੋਂ ਮਿਲ ਸਕਦਾ ਹੈ।

East Indian and Pakistani Grocieries.
We rent Hindi and Punjabi movies on V.H.S.
Have large selection of pre-recorded Punjabi and Hindi cassette tapes & fabrics

News Papers Like
India West, Canada DarPan,
Also Sold Here
EVERY WEEK

(916) 671-3105

472 Palora Ave.
Yuba City
Calif. 95991

# ਸੁਰੱਖਿਆ ਸੌਦੇ ਅਤੇ ਵੀ. ਪੀ. ਸਿੰਘ ਦਾ ਅਸਤੀਫਾ

ਇੰਦਰਜੀਤ

ਪਹਿਲਾਂ ਫੇਅਰਫੈਕਸ ਕਰ ਕੇ ਅਤੇ ਫੇਰ ਪਣਡੁੱਬੀ ਸੌਦੇ ਕਾਰਨ ਕੇਂਦਰੀ ਸਰਕਾਰ ਸੰਕਟਮਈ ਹਾਲਤ ਵਿਚ ਫਸ ਗਈ ਹੈ। ਸਿੱਟੇ ਵਜੋਂ ਭਾਰਤ ਦੀ ਬਦਨਾਮੀ ਹੋਈ ਹੈ। ਇਹ ਸਾਡੀ ਬਦਕਿਸਮਤੀ ਹੈ ਕਿ ਭਾਰਤ ਪਹਿਲਾਂ ਸੁਤੰਤਰ ਲੋਕਤੰਤਰ ਹੈ ਜਿਸ ਵਿਚ ਸ੍ਰੀ ਵੀ. ਪੀ. ਸਿੰਘ ਦੀ ਸਮਰਥਾ ਵਰਗੇ ਨਿਸ਼ਠਾਵਾਨ ਸੁਰੱਖਿਆ ਮੰਤਰੀ ਨੂੰ ਸਿਰਫ ਇਸ ਲਈ ਅਸਤੀਫਾ ਦੇਣਾ ਪਿਆ ਕਿ ਉਨ੍ਹਾਂ ਨੇ ਪਣਡੁੱਬੀਆਂ ਵਾਲੇ ਸੌਦੇ ਨੂੰ ਲੈ ਕੇ ਜਾਂਚ ਦਾ ਹੁਕਮ ਦਿਤਾ ਅਤੇ ਆਪਣੇ ਇਸ ਫੈਸਲੇ ਨੂੰ ਜਨ-ਸਾਧਾਰਨ ਤਕ ਪੁਚਾਇਆ । ਜਿਵੇਂ ਕਿ ਫੇਅਰਫੈਕਸ ਮਾਮਲੇ ਵਿਚ ਹੋਇਆ । ਪਣਡੁੱਬੀਆਂ ਦੇ ਸੌਦੇ ਨੂੰ ਵੀ ਜ਼ਿਆਦਾ ਸਾਵਧਾਨੀ ਨਾਲ ਸੁਲਝਾਇਆ ਜਾ ਸਕਦਾ ਸੀ ।

## ਰਿਸ਼ਵਤ ਦੇ ਦੋਸ਼

ਸੁਰੱਖਿਆ ਸੌਦਿਆਂ ਵਿਚ ਰਿਸ਼ਵਤ ਦੇ ਦੂਸ਼ਣਾਂ ਵਿਰੁਧ ਸਖਤ ਕਦਮ ਚੁੱਕਣ ਲਈ ਸਰਕਾਰ ਪ੍ਰਸ਼ੰਸਾ ਅਤੇ ਗੌਰਵ ਦੀ ਪਾਤਰ ਬਣ ਸਕਦੀ ਸੀ। ਇਸ ਦੇ ਉਲਟ ਸਰਕਾਰ ਨੇ ਅਟਕਲ ਬਾਜ਼ੀਆਂ ਦੀ ਅੱਗ ਭੜਕਾਈ ਹੈ। ਸਵੀਡਨ ਦੇ ਸਰਕਾਰੀ ਰੇਡੀਓ ਨੇ ਐਲਾਨ ਕੀਤਾ ਹੈ ਕਿ ਸਵੀਡਨ ਦੀ ਇਕ ਕੰਪਨੀ ਨੇ ਭਾਰਤ ਨੂੰ ਬੋਫੋਰਸ ਦੇ 1400 ਕਰੋੜ ਰੁਪਏ ਦੇ ਠੇਕੇ ਲੈਣ ਲਈ ਭਾਰਤ ਦੇ ਰਾਜਨੀਤਕਾਂ ਨੂੰ ਰਿਸ਼ਵਤ ਦਿੱਤੀ ਹੈ। ਇਸ ਕੰਪਨੀ ਨੇ ਭਾਰਤ ਨੂੰ 155 ਐਮ. ਐਮ. ਤੋਪਾਂ ਸਪਲਾਈ ਕਰਨੀਆਂ ਸਨ। ਨਵੀਂ ਦਿੱਲੀ ਨੇ ਇਨ੍ਹਾਂ ਦੋਸ਼ਾਂ ਨੂੰ ਇਹ ਕਹਿ ਕੇ ਰੱਦ ਕਰ ਦਿੱਤਾ ਹੈ ਕਿ ਇਹ ਝੂਠੇ, ਬਿਨਾਂ ਆਧਾਰ ਦੇ ਅਤੇ ਸ਼ਰਾਰਤਪੂਰਨ ਹਨ । ਫਿਰ ਵੀ ਇਹ ਵਾਦ-ਵਿਵਾਦ ਜਾਰੀ ਹੈ।

ਜ਼ਿਆਦਾਤਰ ਲੋਕ ਪਣਡੁੱਬੀਆਂ ਦੇ ਸੌਦੇ ਨੂੰ ਲੈ ਕੇ ਸੁੰਨ ਹਨ। ਪਰ ਦੇਰ ਸਵੇਰ ਪਣਡੁੱਬੀਆਂ ਦੀ ਕਹਾਣੀ ਜੱਗ ਜ਼ਾਹਿਰ ਹੋ ਤਾਂ ਜਾਣੀ ਹੀ ਸੀ। ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਅਜਿਹਾ ਹੋਣ ਵਿਚ ਏਨਾ ਸਮਾਂ ਲਗ ਗਿਆ ਹੈ। 2 ਸਤੰਬਰ, 1980 ਨੂੰ ਮੈਂ ਸ਼ਕਤੀਸ਼ਾਲੀ ਤਰਕ ਪੇਸ਼ ਕਰਦੇ ਹੋਏ ਲਿਖਿਆ ਸੀ ਕਿ ਪੱਛਮੀ ਜਰਮਨੀ ਦੀਆਂ ਐਚ. ਡੀ. ਡਬਲਿਊ. ਦੀਆਂ ਪਣਡੁੱਬੀਆਂ ਨੂੰ ਖਰੀਦਣ ਦੇ ਫੈਸਲੇ 'ਤੇ ਮੁੜ ਵਿਚਾਰ ਕੀਤਾ ਜਾਣਾ ਚਾਹੀਦਾ ਹੈ। ਭਾਰਤ ਸਰਕਾਰ ਨੇ ਇਹ ਫੈਸਲਾ ਜੂਨ 1980 ਨੂੰ ਕੀਤਾ ਸੀ ਸੁਰੱਖਿਆ ਸੌਦੇ ਅਤੇ ਸੁਰੱਖਿਆ ਹੈਡਿੰਗ ਹੇਠ ਲਿਖੇ ਆਪਣੇ ਲੇਖ ਵਿਚ ਮੈਂ ਕਿਹਾ ਸੀ, "ਭ੍ਰਿਸ਼ਟਾਚਾਰ ਦਾ ਕੈਂਸਰ ਹੁਣ ਸੁਰੱਖਿਆ ਵਰਗੇ ਮਹੱਤਵਪੂਰਨ ਖੇਤਰਾਂ ਵਿਚ ਵੀ ਫੈਲ ਗਿਆ ਹੈ । ਰਾਜਸੀ ਦਾਇਰਿਆਂ ਵਿਚ ਭਾਰਤ ਦਾ ਮੁਕਾਬਲਾ ਇੰਡੋਨੇਸ਼ੀਆ ਨਾਲ ਕੀਤਾ ਜਾ ਰਿਹਾ ਹੈ... ਵੱਡੇ ਪੱਧਰ 'ਤੇ ਰਿਸ਼ਵਤ ਲੈਣ ਦੇਣ ਦੀ ਗੱਲ ਸਭ ਤੋਂ ਪਹਿਲਾਂ ਅਸੀਂ ਜਨਤਾ ਸਰਕਾਰ ਵੇਲੇ ਸੁਣੀ ਸੀ। ਸ੍ਰੀ ਜਗਜੀਵਨ ਰਾਮ ਅਧੀਨ ਕੰਮ ਕਰਦੇ ਸੁਰੱਖਿਆ ਮੰਤਰਾਲੇ ਨੇ ਫਰਾਂਸੀਸੀ ਮਿਰਾਜ ਅਤੇ ਸਵੀਡਨ ਦੇ ਵਿਗੇਨ ਤੇ ਐਂਗਲੋ-ਫਰਾਂਸੀਸੀ ਜੈਗੁਆਰ ਖਰੀਦਣ ਦਾ ਫੈਸਲਾ ਕੀਤਾ ਸੀ। ਜਿਸ ਦਿਨ 1600 ਕਰੋੜ ਰੁਪਏ ਦਾ ਸੌਦਾ ਹੋਇਆ ਤਾਂ ਮੈਨੂੰ ਯਾਦ ਹੈ ਕਿ ਇਕ ਜਾਣਕਾਰ ਸੂਤਰ ਨੇ ਮੈਨੂੰ ਫੋਨ ਕੀਤਾ ਸੀ, "ਕਿਸ ਨੇ ਕਿੰਨੇ ਪੈਸੇ ਬਣਾਏ ਹਨ ? ਹੈਰਾਨ ਨਾ ਹੋਣਾ, 50 ਕਰੋੜ ਦੇ ਲਗਪਗ ਰਿਸ਼ਵਤ ਦਿੱਤੀ ਗਈ ਹੈ ।"

ਮੈਂ ਲਿਖਿਆ ਸੀ, "ਕੇਂਦਰ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਉਹ ਪੱਛਮੀ ਜਰਮਨੀ ਤੋਂ ਦੋ ਐਚ. ਡੀ. ਡਬਲਿਊ. ਪਣਡੁੱਬੀਆਂ ਖਰੀਦੇਗੀ ਅਤੇ ਦੋ ਦਾ ਨਿਰਮਾਣ ਮੇਜ਼ਗਾਉਂ ਗੋਦਾਵਰੀ ਵਿਚ ਕੀਤਾ ਜਾਵੇਗਾ। ਇਹ ਫੈਸਲਾ ਵੀ ਹੈਰਾਨ ਕਰ ਦੇਣ ਵਾਲਾ ਹੈ। ਜੁਲਾਈ 1979 ਵਿਚ ਇਕ ਅੰਤਰ-ਮੰਤਰੀ ਮੰਡਲੀ ਕਮੇਟੀ ਨੇ ਫੈਸਲਾ ਕੀਤਾ ਸੀ ਕਿ ਉਸ ਦੀ ਪਹਿਲੀ ਪਸੰਦ ਹੋਵੇਗੀ ਸਵੀਡਨ ਦਾ ਕੋਕੂਮ ਅਤੇ ਦੂਜੀ ਪਸੰਦ ਐਚ. ਡੀ. ਡਬਲਿਊ. । ਇਸ ਵਰ੍ਹੇ '1980' ਦੇ ਮਾਰਚ ਦੇ ਅੰਤ ਤੱਕ ਨੇਵੀ ਨੇ ਸਵੀਡਨ ਦੇ ਪ੍ਰਸਤਾਵ ਨੂੰ ਬਿਹਤਰ ਦੱਸਿਆ ... ਅਪਰੈਲ ਮਹੀਨੇ ਵਿਚ ਇਕ ਨਵੀਂ ਅੰਤਰ-ਮੰਤਰੀ ਮੰਡਲੀ ਕਮੇਟੀ ਦਾ ਗਠਨ ਕੀਤਾ ਗਿਆ ਜਿਸ ਵਿਚ ਐਚ. ਡੀ. ਡਬਲਿਊ. ਅਤੇ ਕੋਕੂਮ ਦੋਹਾਂ ਨੂੰ ਬਰਾਬਰ ਬਰਾਬਰ ਰੱਖਿਆ ਗਿਆ । 30 ਜੂਨ ਨੂੰ ਸੀ. ਸੀ. ਪੀ. ਏ. ਦੀ ਇਕ ਵਿਸ਼ੇਸ਼ ਬੈਠਕ ਹੋਈ ਜਿਸ ਵਿਚ ਐਚ. ਡੀ. ਡਬਲਿਊ. ਦੇ ਹੱਕ ਵਿਚ ਫੈਸਲਾ ਕੀਤਾ ਗਿਆ ਸੀ । 7 ਜੁਲਾਈ ਨੂੰ ਪੱਛਮੀ ਜਰਮਨੀ ਗੋਦੀਵਾੜਾ ਦੇ ਪ੍ਰਤੀਨਿਧੀ ਨਵੀਂ ਦਿੱਲੀ ਪਹੁੰਚੇ। ਉਨ੍ਹਾਂ ਨੇ ਸੌਦੇ ਦੀਆਂ ਸ਼ਰਤਾਂ ਦੇ ਸਬੰਧ ਵਿਚ ਨੇਵੀ ਦੇ ਚੀਫ ਨਾਲ ਗੱਲਬਾਤ ਕਰਨੀ ਸੀ। ਪਰ ਅਜਿਹਾ ਲਗਦਾ ਹੈ ਕਿ ਨੇਵੀ ਚੀਫ ਨੂੰ ਸਰਕਾਰ ਦੇ ਫੈਸਲੇ ਸਬੰਧੀ ਕੁਝ ਵੀ ਜਾਣਕਾਰੀ ਨਹੀਂ ਸੀ । ਸ੍ਰੀਮਤੀ ਗਾਂਧੀ ਨੂੰ ਚਾਹੀਦਾ ਹੈ ਕਿ ਵੱਡੇ ਸੁਰੱਖਿਆ ਸੌਦੇ ਸਬੰਧੀ ਉਹ ਜ਼ਿਆਦਾ ਜਾਣਕਾਰੀ ਹਾਸਲ ਕਰਨ । ਸਰਕਾਰ ਚਾਹੇ ਜਨਤਾ ਦੀ ਹੀ ਹੋਵੇ ਭਾਵੇਂ ਕਾਂਗਰਸ (ਆਈ) ਦੀ, ਕੁਝ ਬਦਨਾਮ ਅੰਤਰਰਾਸ਼ਟਰੀ ਏਜੰਟ ਬੜੀ ਸਮਰੱਥਾ ਰੱਖਦੇ ਹਨ । ਉਹ ਜਾਣਦੇ ਹਨ ਕਿ ਮਹੱਤਵਪੂਰਨ ਵਿਅਕਤੀਆਂ ਦੇ ਨੇੜੇ ਕਿਵੇਂ ਪਹੁੰਚਿਆ ਜਾਂਦਾ ਹੈ ਅਤੇ ਰਿਸ਼ਵਤ ਕਿਵੇਂ ਦਿੱਤੀ ਜਾਂਦੀ ਹੈ। ਜੂਨ ਦੇ ਵਿਚਾਲੇ ਜਿਹੇ ਪਣਡੁੱਬੀ ਸੌਦੇ ਲਈ ਸਾਢੇ ਤਿੰਨ ਕਰੋੜ ਰੁਪਏ ਦੀ ਅਦਾਇਗੀ ਕੀਤੇ ਜਾਣ ਦਾ ਦੋਸ਼ ਹੈ ।"

ਏਨਾ ਹੀ ਨਹੀਂ ਪਿਛਲੇ ਸਾਲ 27 ਮਈ ਨੂੰ ਵੀ ਮੈਂ ਇਕ ਲੇਖ ਲਿਖਿਆ ਸੀ, ਸੁਰੱਖਿਆ ਸੌਦੇ ਅਤੇ ਰਿਸ਼ਵਤ । ਮੈਂ ਲਿਖਿਆ ਸੀ "ਸੁਰੱਖਿਆ ਸੌਦਿਆਂ 'ਤੇ ਸੰਸਦ ਅਤੇ ਲੋਕਾਂ ਦਾ ਓਨਾ ਧਿਆਨ ਨਹੀਂ ਜੁੜ ਰਿਹਾ ਜਿੰਨਾ ਹੋਣਾ ਚਾਹੀਦਾ ਹੈ। ਰਿਸ਼ਵਤ ਦੀ ਚਰਚਾ ਵਾਰ ਵਾਰ ਸੁਣਨ ਵਿਚ ਆ ਰਹੀ ਹੈ । ਖੁੱਲ੍ਹੇਆਮ ਵੱਡੀਆਂ ਵੱਡੀਆਂ ਰਕਮਾਂ ਦੀ ਚਰਚਾ ਕੀਤੀ ਜਾਂਦੀ ਹੈ । ਮੈਨੂੰ ਪਤਾ ਲੱਗਾ ਹੈ ਕਿ ਕੇਂਦਰ ਸਰਕਾਰ ਨੇ ਫਰਾਂਸ, ਬਰਤਾਨੀਆ ਅਤੇ ਆਸਟਰੀਆ ਦੇ ਪ੍ਰਸਤਾਵਾਂ ਦੇ ਮੁਕਾਬਲੇ ਸਵੀਡਨ ਤੋਂ ਬੋਫੋਰਸ ਤੋਪਾਂ ਖਰੀਦਣ ਦਾ ਫੈਸਲਾ ਕੀਤਾ ਹੈ। ਸੁਣਨ ਵਿਚ ਆਇਆ ਹੈ ਕਿ ਇਹ ਤੋਪਾਂ ਸਾਡੀ ਸੁਰੱਖਿਆ ਜ਼ਰੂਰਤਾਂ ਨੂੰ ਪੂਰਿਆਂ ਨਹੀਂ ਕਰ ਸਕਦੀਆਂ । ਇਹ ਗੱਲ ਇਕ ਦਮ ਹੈਰਾਨ ਤੇ ਨਿਰਾਸ਼ ਕਰ ਦੇਣ ਵਾਲੀ ਹੈ । ਮਹੱਤਵਪੂਰਨ ਗੱਲ ਇਹ ਹੈ ਕਿ ਜਦੋਂ ਜ਼ਰੂਰਤ 30 ਕਿਲੋਮੀਟਰ ਤੱਕ ਫਾਇਰ ਕਰਨ ਦੀ ਸੀ ਤਾਂ ਇਹ ਤੋਪਾਂ ਸਿਰਫ ਪੰਦਰਾਂ ਕਿਲੋਮੀਟਰ ਤਕ ਫਾਇਰ ਕਰ ਸਕਦੀਆਂ ਹਨ। ਫੇਰ ਇਨ੍ਹਾਂ ਵਿਚ ਇਕ ਨਵੀਂ ਕਿਸਮ ਦਾ ਗੋਲਾ ਬਾਰੂਦ ਵਰਤਿਆ ਜਿਸ ਨਾਲ 21 ਕਿਲੋਮੀਟਰ ਤਕ ਫਾਇਰ ਕੀਤਾ ਗਿਆ। ਇਸ ਦੇ ਉਲਟ ਫਰਾਂਸੀਸੀ ਤੋਪ ਨੇ ਟਰੇਨਿੰਗ ਦੌਰਾਨ ਸਿੱਧ ਕੀਤਾ ਕਿ ਉਸ ਨਾਲ 29 ਕਿਲੋਮੀਟਰ ਤੱਕ ਫਾਇਰ ਕੀਤਾ ਜਾ ਸਕਦਾ ਹੈ। ਮੈਨੂੰ ਯਕੀਨ ਦਿਵਾਇਆ ਗਿਆ ਹੈ ਕਿ ਅਜੇ ਤੱਕ ਕੋਈ ਰਿਸ਼ਵਤ ਨਹੀਂ ਲਈ ਗਈ ਫਿਰ ਵੀ .... ।"

## ਵਾਦ-ਵਿਵਾਦ

ਮੌਜੂਦਾ ਵਾਦ-ਵਿਵਾਦ ਅਤੇ ਸ੍ਰੀ ਵੀ. ਪੀ. ਸਿੰਘ ਦੇ ਅਸਤੀਫੇ ਸੰਬੰਧੀ ਹੋਰ ਕਿਹਾ ਜਾ ਸਕਦਾ ਹੈ । ਪਣਡੁੱਬੀਆਂ ਦੇ ਸੌਦੇ ਅਤੇ ਸਾਬਕਾ ਸੁਰੱਖਿਆ ਮੰਤਰੀ ਨੂੰ ਲੈ ਕੇ ਵੱਖ ਵੱਖ ਕਹਾਣੀਆਂ ਘੜੀਆਂ ਜਾ ਰਹੀਆਂ ਹਨ। ਬਦਕਿਸਮਤੀ ਨਾਲ ਸ੍ਰੀ ਵੀ. ਪੀ. ਸਿੰਘ ਨੇ ਕੋਈ ਵੱਡਾ ਪਾਪ ਨਹੀਂ ਕੀਤਾ ਜਿੰਨਾ ਉਸ 'ਤੇ ਦੂਸ਼ਣ ਲਾਇਆ ਜਾ ਰਿਹਾ ਹੈ । ਫੇਅਰਫੈਕਸ ਮਾਮਲੇ ਵਿਚ ਸੰਸਦ ਵਿਚ ਕਿਸੇ ਨੇ ਇਹ ਸਵਾਲ ਪੁੱਛਿਆ ਕਿ ਜਾਂਚ ਕਿਸ ਗੱਲ ਨੂੰ ਲੈ ਕੇ ਹੋ ਰਹੀ ਹੈ ਅਤੇ ਕਿਸ ਵਿਅਕਤੀ ਨੂੰ ਲੈ ਕੇ ਹੋ ਰਹੀ ਹੈ। ਸਭ ਲੋਕ ਵਰਤੇ ਗਏ ਢੰਗ ਵਿਚ ਗੁਆਚ ਗਏ । ਅਜੀਬ ਗੱਲ ਇਹ ਹੈ ਕਿ ਜਾਂਚ ਕਮਿਸ਼ਨ ਨੇ ਵਿਸ਼ੇਸ਼ ਢੰਗ ਨਾਲ ਇਹ ਨਹੀਂ ਪੁੱਛਿਆ ਕਿ ਫੇਅਰਫੈਕਸ ਸੰਸਥਾ ਨੇ ਕਿਸ ਦੁਆਰਾ ਆਰਥਿਕ ਅਪਰਾਧਾਂ ਦੀ ਜਾਂਚ ਕਰਨੀ ਹੈ । ਉਹ ਕਿਹੜੇ ਅਪਰਾਧ ਸਨ ਅਤੇ ਉਨ੍ਹਾਂ ਦੇ ਵਿਰੁਧ ਕੀ ਕਾਰਵਾਈ ਕੀਤੀ ਜਾਣੀ ਹੈ । ਇਸ ਤਰ੍ਹਾਂ ਮੂਲ ਮਸਲੇ 'ਤੇ ਕਿਸੇ ਨੇ ਧਿਆਨ ਕੇਂਦਰਤ ਨਹੀਂ ਕੀਤਾ । ਕੀ ਭਾਰਤੀ ਦੂਤਾਵਾਸ ਨੇ ਇਹ ਜਾਣਕਾਰੀ ਦਿੱਤੀ ਕਿ ਪਣਡੁੱਬੀ ਦੇ ਸੌਦੇ ਨੂੰ ਲੈ ਕੇ ਇਕ ਏਜੰਟ ਸੱਤ ਪ੍ਰਤੀਸ਼ਤ ਜਾਂ ਤੀਹ ਕਰੋੜ ਰੁਪਏ ਦਾ ਕਮਿਸ਼ਨ ਪ੍ਰਾਪਤ ਕਰੇਗਾ। ਪ੍ਰਣਾਲੀ ਦੇ ਚੱਕਰ ਵਿਚ ਉਦੇਸ਼ ਗੁੰਮ ਹੋ ਗਿਆ ਹੈ ਅਤੇ ਬਦਲੇ ਵਿਚ ਸ੍ਰੀ ਵੀ. ਪੀ. ਸਿੰਘ ਕਟਹਿਰੇ ਵਿਚ ਖੜ੍ਹੇ ਕਰ ਦਿੱਤੇ ਗਏ ਹਨ। ਸਾਬਕਾ ਰੱਖਿਆ ਮੰਤਰੀ 'ਤੇ ਦੋਸ਼ ਹੈ ਕਿ ਉਹ ਰਾਜਨੀਤੀ ਦੀ ਖੇਡ ਖੇਡ ਰਹੇ ਹਨ ।

## ਸਰਕਾਰੀ ਨੀਤੀ

ਪਰ ਕੀ ਇਹ ਗੱਲ ਸੱਚ ਹੈ ? ਮੈਂ ਸ੍ਰੀ ਵੀ. ਪੀ. ਸਿੰਘ ਨਾਲ ਗੱਲਬਾਤ ਕੀਤੀ ਹੈ । ਭਾਵੇਂ ਉਹ ਵਾਰ ਵਾਰ ਪੁਸ਼ਟੀ ਕਰਦੇ ਰਹੇ ਕਿ ਮੇਰੇ ਬੁਲ੍ਹ ਸੀਤੇ ਹਨ ਫਿਰ ਵੀ ਉਹ ਮੇਰੇ ਨਾਲ ਪਣਡੁੱਬੀ ਜਾਂਚ ਸਬੰਧੀ ਗੱਲਬਾਤ ਕਰਨਾ ਮੰਨ ਗਏ । ਉਨ੍ਹਾਂ ਸਪੱਸ਼ਟ ਕੀਤਾ ਕਿ ਇਹ ਕਹਿਣਾ ਇਕ ਦਮ ਗਲਤ ਹੋਵੇਗਾ ਕਿ ਸੰਸਦ ਵਿਚ ਫੇਅਰਫੈਕਸ ਮਾਮਲੇ ਨੂੰ ਲੈ ਕੇ ਜਾਂਚ ਦੀ ਆਗਿਆ ਪਿੱਛੋਂ ਮੈਂ ਸੁਰੱਖਿਆ ਸੌਦੇ ਦਾ ਹੁਕਮ ਦਿੱਤਾ ਹੈ। ਇਹ ਇਕ ਦਮ ਝੂਠ ਹੈ। ਸਰਕਾਰ ਦੀ ਨੀਤੀ ਹਮੇਸ਼ਾ ਇਹ ਰਹੀ ਹੈ ਕਿ ਸੁਰੱਖਿਆ ਸੌਦਿਆਂ ਵਿਚ ਕੋਈ ਏਜੰਟ ਨਹੀਂ ਹੋਵੇਗਾ । ਵਿਦੇਸ਼ੀ ਸਰਕਾਰਾਂ ਨੂੰ ਕਿਹਾ ਗਿਆ ਸੀ ਕਿ ਉਹ ਕਿਸੇ ਵੀ ਏਜੰਟ ਨੂੰ ਕਿਸੇ ਤਰ੍ਹਾਂ ਦੀ ਫੀਸ ਨਹੀਂ ਦੇਣਗੇ। ਇਕ ਵਾਰ ਜਦੋਂ ਸਾਡੇ ਦੂਤਾਵਾਸ ਤੋਂ ਮੈਨੂੰ ਰਸਮੀ ਤੌਰ 'ਤੇ ਸੂਚਨਾ ਮਿਲੀ ਕਿ ਮਾਲ ਵੇਚਣ ਵਾਲੇ ਨੇ ਇਕ ਏਜੰਟ ਨੂੰ ਸੱਤ ਪ੍ਰਤੀਸ਼ਤ ਕਮਿਸ਼ਨ ਦੇਣ ਦਾ ਪ੍ਰਬੰਧ ਕੀਤਾ ਹੈ ਤਾਂ ਰਾਸ਼ਟਰੀ ਹਿਤ ਨੂੰ ਮੱਦੇਨਜ਼ਰ ਰੱਖਦੇ ਹੋਏ ਜਾਂਚ ਦਾ ਆਦੇਸ਼ ਦੇਣ ਤੋਂ ਬਿਨਾਂ ਮੇਰੇ ਕੋਲ ਕੋਈ ਬਦਲ ਨਹੀਂ ਸੀ । ਇਹ ਮੈਂ 11 ਮਾਰਚ ਨੂੰ ਕੀਤਾ ਸੀ । ਉਦੋਂ ਤਕ ਫੇਅਰਫੈਕਸ ਮਾਮਲਾ ਅਖਬਾਰਾਂ ਤਕ ਨਹੀਂ ਸੀ ਪਹੁੰਚਿਆ । ਇਸ ਤੋਂ ਵੀ ਜ਼ਿਆਦਾ ਮਹੱਤਵਪੂਰਨ ਗੱਲ ਇਹ ਹੈ ਕਿ ਪਣਡੁੱਬੀਆਂ ਦੇ ਸੌਦੇ ਸਬੰਧੀ ਜਾਂਚ ਦਾ ਹੁਕਮ 24 ਦਿਨ ਪਿਛੋਂ ਚਾਰ ਅਪਰੈਲ ਨੂੰ ਲੋਕ ਸਭਾ ਵਿਚ ਫੇਅਰਫੈਕਸ ਮਾਮਲੇ ਦੀ ਜਾਂਚ ਦੀ ਘੋਸ਼ਣਾ ਪਿਛੋਂ ਕੀਤਾ ਗਿਆ ਸੀ ।

ਸ੍ਰੀ ਵੀ. ਪੀ. ਸਿੰਘ ਨੇ ਫੈਸਲਾ ਕੀਤਾ ਕਿ ਪਣਡੁੱਬੀਆਂ ਦੇ ਸੌਦੇ ਸਬੰਧੀ ਜਾਂਚ ਦੇ ਆਦੇਸ਼ ਨੂੰ ਇਕ ਪ੍ਰੈਸ ਨੋਟ ਸਹਾਰੇ ਜਨ ਸਾਧਾਰਨ ਤੱਕ ਪਹੁੰਚਾ ਦਿੱਤਾ ਜਾਵੇ । ਇਸ ਨੂੰ ਲੈ ਕੇ ਬੜਾ ਵੱਡਾ ਵਾਦ-ਵਿਵਾਦ ਖੜ੍ਹਾ ਹੋ ਗਿਆ ਹੈ । 16 ਅਪਰੈਲ ਨੂੰ ਰਾਜ ਰੱਖਿਆ ਮੰਤਰੀ ਸ੍ਰੀ ਅਰੁਣ ਸਿੰਘ ਨੇ ਲੋਕ ਸਭਾ ਵਿਚ ਸਰਕਾਰ ਵਲੋਂ ਬਿਆਨ ਦਿੰਦੇ ਹੋਏ ਕਿਹਾ ਕਿ ਸ੍ਰੀ ਵੀ. ਪੀ. ਸਿੰਘ ਨੂੰ ਜਾਂਚ ਦਾ ਆਦੇਸ਼ ਦੇਣ ਦਾ ਅਧਿਕਾਰ ਹੈ । ਉਂਜ ਵੀ ਇਹ ਜਾਂਚ ਵਿਭਾਗੀ ਹੀ ਸੀ । ਉਸ ਨੇ ਕਿਹਾ ਹਾਂ, ਜਿਸ ਤਰੀਕੇ ਨਾਲ ਇਸ ਗੱਲ ਦਾ ਪ੍ਰਚਾਰ ਕੀਤਾ ਗਿਆ ਉਹ ਬਦਕਿਸਮਤੀ ਵਾਲਾ ਸੀ । ਸ੍ਰੀ ਵੀ. ਪੀ. ਸਿੰਘ ਦਾ ਵਿਚਾਰ ਥੋੜ੍ਹਾ ਵੱਖਰਾ ਹੈ : ਮੈਨੂੰ ਵਿਸ਼ਵਾਸ ਹੈ ਕਿ ਲੋਕਾਂ ਨੂੰ ਰਾਸ਼ਟਰੀ ਹਿਤ ਦੇ ਮਹੱਤਵਪੂਰਨ ਮਾਮਲਿਆਂ ਸਬੰਧੀ ਜਾਣਕਾਰੀ ਦਿੱਤੀ ਜਾਣੀ ਚਾਹੀਦੀ ਹੈ ਕਿਉਂਕਿ ਇਸ ਮਾਮਲੇ ਵਿਚ ਏਜੰਟ ਸਾਡੀ ਸਰਕਾਰ ਵਲੋਂ ਨਿਯੁਕਤ ਕੀਤਾ ਗਿਆ ਸੀ । ਸਾਨੂੰ ਕੁਝ ਵੀ ਨਹੀਂ ਲੁਕਾਉਣਾ ਚਾਹੀਦਾ ਅਤੇ ਜਨ ਸਾਧਾਰਨ ਨੂੰ ਇਸ ਦੀ ਜਾਣਕਾਰੀ ਦੇ ਕੇ ਸਰਕਾਰ ਅਤੇ ਪਾਰਟੀ ਦੀ ਭਰੋਸੇਯੋਗਤਾ ਵਿਚ ਵਾਧਾ ਹੋਵੇਗਾ। ਇਸ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਸਰਕਾਰ ਦਰਅਸਲ ਕੀ ਕਰ ਰਹੀ ਹੈ । ਇਸ ਦੇ ਇਲਾਵਾ ਇਸ ਕਾਰਵਾਈ ਦੇ ਸਿੱਟੇ ਵਜੋਂ ਜਾਂਚ ਕਰਨ ਵਾਲੇ ਅਧਿਕਾਰੀ ਆਪਣੇ ਕੰਮ ਨੂੰ ਤੇਜ਼ੀ ਨਾਲ ਕਰਦੇ । ਮੈਂ ਇਹੋ ਕਹਿਣਾ ਚਾਹੁੰਦਾ ਹਾਂ ਕਿ ਮੈਂ ਰਾਸ਼ਟਰੀ ਹਿਤ ਨੂੰ ਧਿਆਨ ਵਿਚ ਰੱਖਦੇ ਹੋਏ ਹੀ ਆਪਣਾ ਕੰਮ ਕੀਤਾ ਹੈ।

ਸਾਬਕਾ ਰੱਖਿਆ ਮੰਤਰੀ ਨੇ ਤਿੰਨ ਮਹੱਤਵਪੂਰਨ ਗੱਲਾਂ ਕਹੀਆਂ ਹਨ । ਪਹਿਲੀ, 11 ਮਾਰਚ ਨੂੰ ਸ੍ਰੀ ਵੀ. ਪੀ. ਸਿੰਘ ਵਲੋਂ ਦਿੱਤੇ ਗਏ ਜਾਂਚ ਦੇ ਹੁਕਮ ਵਿਚ ਕੋਈ ਤਬਦੀਲੀ ਨਹੀਂ ਕੀਤੀ ਗਈ । ਭਾਵੇਂ ਇਸ ਜਾਂਚ ਸਬੰਧੀ ਜਨ ਸਾਧਾਰਨ ਨੂੰ 9 ਅਪਰੈਲ ਨੂੰ ਜਾਣਕਾਰੀ ਦੇ ਦਿੱਤੀ ਸੀ । ਦੂਜੀ, ਜਾਰੀ ਕੀਤੀ ਗਈ ਪ੍ਰੈਸ ਰਿਲੀਜ਼ ਦੀ ਗਲਤ ਵਿਆਖਿਆ ਕਾਰਨ ਬਦਕਿਸਮਤੀ ਨਾਲ ਗੜਬੜ ਪੈਦਾ ਹੋ ਗਈ। ਪ੍ਰੈਸ ਰਿਲੀਜ਼ ਵਿਚ ਅਸਲ ਵਾਕ ਇਸ ਤਰ੍ਹਾਂ ਸੀ "ਸੁਰੱਖਿਆ ਮੰਤਰਾਲੇ ਨੇ ਜਾਰੀ ਗੜਬੜੀਆਂ ਨੂੰ ਲੈ ਕੇ ਜਾਂਚ ਦਾ ਆਦੇਸ਼ ਦਿੱਤਾ ਹੈ। ਸੁਰੱਖਿਆ ਸੈਕਟਰੀ ਦੀ ਅਗਵਾਈ ਹੇਠ ਇਕ ਕਮੇਟੀ ਬਣਾਈ ਗਈ ਹੈ । ਸੈਕਟਰੀ ਨੂੰ ਕਿਹਾ ਗਿਆ ਹੈ ਕਿ ਉਹ ਭਾਰਤੀ ਏਜੰਟਾਂ ਦੀ ਕਾਰਜ ਪ੍ਰਣਾਲੀ 'ਤੇ ਇਕ ਰਿਪੋਰਟ ਦੇਣ। ਦੇਸ਼ ਦੀ ਸੁਰੱਖਿਆ ਸਬੰਧੀ ਅਜਿਹੇ ਸੁਝਾਅ ਦਿਤੇ ਜਾਣ ਕਿ ਹਰ ਪ੍ਰਕਾਰ ਦੇ ਏਜੰਟਾਂ ਨੂੰ ਅਜਿਹੇ ਸੌਦਿਆਂ ਤੋਂ ਦੂਰ ਰੱਖਿਆ ਜਾ ਸਕੇ ।" ਪਤਾ ਲੱਗਾ ਹੈ ਕਿ ਪ੍ਰਚਾਰ ਮਾਧਿਅਮਾਂ ਨੇ ਇਸ ਪ੍ਰੈਸ ਰਿਲੀਜ਼ ਦਾ ਅਰਥ ਇਹ ਕੱਢਿਆ ਕਿ ਪਣਡੁੱਬੀਆਂ ਦੇ ਸੌਦੇ ਨੂੰ ਲੈ ਕੇ ਜਾਂਚ ਦਾ ਹੁਕਮ ਦਿੱਤਾ ਗਿਆ ਹੈ ਅਤੇ ਸੁਰੱਖਿਆ ਸੈਕਟਰੀ ਨੂੰ ਇਹ ਕੰਮ ਕਰਨ ਲਈ ਕਿਹਾ ਗਿਆ ਹੈ । ਦਰਅਸਲ ਪਣਡੁੱਬੀਆਂ ਦੇ ਸੌਦੇ ਅਤੇ ਏਜੰਟਾਂ ਦੀਆਂ ਕਾਰਜ ਪ੍ਰਣਾਲੀਆਂ ਨੂੰ ਲੈ ਕੇ ਦੋ ਜਾਂਚਾਂ ਦਾ ਹੁਕਮ ਦਿਤਾ ਗਿਆ ਸੀ । ਤੀਜੀ, ਸੁਰੱਖਿਆ ਮੰਤਰੀ ਨੇ ਫਾਈਲ ਦੁਪਹਿਰੇ ਦੋ ਵਜੇ ਪ੍ਰਧਾਨ ਮੰਤਰੀ ਨੂੰ ਸਿੱਧੀ ਭੇਜੀ ਸੀ। ਸ਼ਾਮ ਸਾਢੇ ਛੇ ਵਜੇ ਰੱਖਿਆ ਮੰਤਰਾਲੇ ਨੇ ਪ੍ਰੈਸ ਨੋਟ ਜਾਰੀ ਕੀਤਾ ਸੀ ।

## ਸਮਝੌਤਾ

ਆਖੀਰ ਵਿਚ ਪਣਡੁੱਬੀਆਂ ਦੇ ਸੌਦੇ ਤੋਂ ਇਕ ਮੂਲ ਪ੍ਰਸ਼ਨ ਇਹ

ਬਾਕੀ ਪੰਨਾ 27 'ਤੇ

ਪੰਨਾ 23 ਦੀ ਬਾਕੀ

ਹਟਣਗੇ । ਜਾਂ ਉਹ ਇਸ ਬਦਲੇ ਹੋਰ ਕੋਈ ਛੋਟ ਘਟਾ ਦੇਣਗੇ ।

**ਫਰੀ ਟਰੇਡ :—** ਅਮਰੀਕਾ ਨਾਲ ਚੱਲ ਰਹੀ ਫਰੀ ਟਰੇਡ ਦੀ ਗੱਲ ਕਨੇਡਾ ਦੀ ਆਜ਼ਾਦੀ ਤੇ ਪ੍ਰਭੂਸੱਤਾ ਲਈ ਖਤਰਾ ਹੈ। ਅਤੇ ਇਸ ਵਿਚ ਹੀ ਦੁਆਈ ਮੁਨਾਫੇਖੋਰਾਂ ਲਈ ਲੌਬੀ ਲਾਮਬੰਦ ਹੈ। ਜਿਵੇਂ 17 ਮਾਰਚ 1985 ਨੂੰ ਜਦੋਂ ਅਮਰੀਕੀ ਪ੍ਰਧਾਨ ਰੇਗਨ ਕਨੇਡਾ ਦੇ ਪ੍ਰਧਾਨ ਮੰਤਰੀ ਮਲਰੂਨੀ ਨੂੰ ਫਰੀ ਟਰੇਡ ਲਈ ਕਿਊਬਿਕ ਸ਼ਹਿਰ ਵਿਚ ਮਿਲਿਆ (ਜਿਸ ਨੂੰ ਸ਼ੈਮਰੌਕ ਰੋਟੀ ਕਾਨਫਰੰਸ ਆਖਦੇ ਹਨ) ਤਾਂ ਉਸ ਨੇ ਭੀ ਇਸ ਨਿਕਲ ਕਰਨ ਦੀ ਖੁਲ ਨੂੰ ਖਤਮ ਕਰਨ ਲਈ ਤੇ ਪੇਟੈਂਟ ਐਕਟ ਵਿਚ ਸੋਧ ਕਰਨ ਲਈ ਦਬਾਅ ਪਾਇਆ। ਸੋ ਅਜ਼ਾਰੇਦਾਰਾਂ ਨੂੰ ਹੋਰ ਮੁਨਾਫੇ ਦੀ ਖੁੱਲ ਦੁਆਣ ਲਈ ਗੱਲ ਹੈ ਜਿਸ ਵਿਚ ਅਮਰੀਕੀ ਪ੍ਰਧਾਨ ਸਫਲ ਰਿਹਾ ।

ਸੋ ਖਤਰੇ ਦੀ ਘੰਟੀ ਜ਼ੋਰ ਜ਼ੋਰ ਨਾਲ ਖੜਕ ਰਹੀ ਹੈ । ਉਠਣ ਦੀ ਲੋੜ ਹੈ । ਨਹੀਂ ਤਾਂ ਦੁਆਈਆਂ ਦੀ ਉਹ ਮਾਰੂ ਤੇ ਅਸਮਾਨੀ ਚੜ੍ਹੀਆਂ ਕੀਮਤਾਂ ਦਿਆਂ ਕਰਾਂਗੇ ਜੋ ਅਮਰੀਕਾ ਵਿਚ ਹਨ ਜਿਵੇਂ ਉਪਰ ਲਿਖ ਚੁੱਕਾ ਹਾਂ । ਦੁਨੀਆਂ ਵਿਚ ਸਭ ਤੋਂ ਉਚੀਆਂ ਕੀਮਤਾਂ ਹੋਣਗੀਆਂ । ਪਰ ਇਸ ਨਾਲ ਆਮ ਬਹੁ ਗਿਣਤੀ ਲੋਕਾਂ ਤੇ ਖਾਸ ਕਰ ਬਜ਼ੁਰਗਾਂ, ਬੇਰੁਜ਼ਗਾਰਾਂ, ਘੱਟ ਤਨਖਾਹ ਤੇ ਵਿਦਿਆਰਥੀਆਂ ਆਦਿ ਦਾ ਕਚੂਮਰ ਨਿਕਲੇਗਾ । ਕਨੇਡਾ ਦੇ ਕਨਜ਼ੀਊਮਰ ਤੇ ਕਾਰਪੋਰੇਟ ਅਫੇਅਰਜ਼ ਦੇ ਰਿਟਾਇਰ ਹੋਏ ਉਚ ਅਧਿਕਾਰੀ ਨੇ ਆਖਿਆ, "ਜੇ ਬਿਲ ਐਵੇਂ ਪਾਸ ਹੋ ਗਿਆ ਤੇ ਲੋਕਾਂ ਨੇ ਵਿਰੋਧ ਕਰਕੇ ਨਾ ਹਰਾਇਆ ਤਾਂ ਮੇਰਾ ਦਿਲ ਟੁੱਟ ਜਾਵੇਗਾ । ਇਸ ਸੋਧ ਨਾਲ ਸਰਕਾਰ ਆਮ ਲੋਕਾਂ ਨੂੰ ਨਜ਼ਰ ਅੰਦਾਜ਼ ਕਰਕੇ ਅੰਤਰ-ਰਾਸ਼ਟਰੀ ਮਾਲਕਾਂ ਦੀਆਂ ਜੇਬਾਂ ਭਰਨ ਲਈ ਕਾਨੂੰਨ ਬਣਾਇਆ ਜਾ ਰਿਹਾ ਹੈ।" (ਦਿੱਸ ਮੈਗਜ਼ੀਨ)। ਲੋਕਾਂ ਨੂੰ ਗੁਮਰਾਹ ਕਰਨ ਲਈ ਕਈ ਥੋਥੀਆਂ ਦਲੀਲਾਂ ਦੇਣਗੇ ਅਤੇ ਇਕ ਪਾਸੜ ਜਾਣਕਾਰੀ ਦੇਣਗੇ । ਮੂੰਹ ਜ਼ਬਾਨੀ ਵਾਅਦੇ ਕਰ ਸਕਦੇ ਹਨ ਤੇ ਆਖ ਸਕਦੇ ਹਨ, ਕੀਮਤਾਂ ਨਹੀਂ ਚੜ੍ਹਨਗੀਆਂ ਤੇ ਜੇ ਚੜ੍ਹਨਗੀਆਂ ਤਾਂ ਮੱਦਦ ਦਿਆਂਗੇ। ਉਹਨਾਂ ਨੂੰ ਆਖੋ ਕਿ ਕਿਉਂਕਿ ਤੁਸੀਂ ਲਿਖਤੀ ਤੌਰ ਤੇ ਬਾਕਾਇਦਾ ਪਾਰਲੀਮੈਂਟ ਰਾਹੀਂ ਸੋਧ ਕਰਕੇ ਕਾਨੂੰਨ ਸ਼ਕਲ ਦੇ ਰਹੇ ਹੋ ਜਿਸ ਨਾਲ ਸਾਡੀ ਸੇਹਤ ਖਤਮ ਕਰਨ ਤਕ ਜਾ ਰਹੇ ਹੋ । ਸੋ ਅਸੀਂ ਇਤਬਾਰ ਨਹੀਂ ਕਰਦੇ । ਕਿਉਂਕਿ ਸਰਕਾਰ ਨੇ ਸਾਰਾ ਕੰਮ ਲਿਖਤੀ ਕੀਤਾ ਹੈ ਇਸ ਲਈ ਲਿਖਤੀ ਤੌਰ ਤੇ ਦਿਉ ਕਿ ਦੁਆਈਆਂ ਦੀ ਕੀਮਤ ਨਹੀਂ ਵਧੇਗੀ । ਪਰ ਜੇ ਦੁਆਈ ਦੀ ਕੀਮਤ ਨਹੀਂ ਵਧਣੀ ਤੇ ਸਭ ਪਹਿਲਾਂ ਵਾਂਗ ਹੀ ਰਹਿਣਾ ਹੈ ਤਾਂ ਫਿਰ ਬਿਲ ਸੀ-22 ਰਾਹੀਂ ਸੋਧ ਕਿਉਂ ? ਅਤੇ ਇਸ ਸੋਧ ਕਰਾਉਣ ਲਈ ਲੱਖਾਂ ਡਾਲਰ ਦਾ ਖਰਚ ਅਤੇ ਅਮਰੀਕੀ ਪ੍ਰਧਾਨ ਰੇਗਨ ਤੱਕ ਦਬਾਅ ਕਿਉਂ ? ਹੁਣ ਚੁਪ ਬੈਠਣ ਤੇ ਸੋਚਣ ਦਾ ਸਮਾਂ ਨਹੀਂ। ਕਾਨੂੰਨ ਪਾਸ ਹੋਣ ਵਾਲਾ ਹੈ । ਰੋਕਣ ਲਈ ਚਿੱਠੀਆਂ ਲਿਖੋ। ਪਟੀਸ਼ਨ ਕਰੋ ਅਤੇ ਵੱਧ ਤੋਂ ਵੱਧ ਰੌਲਾ ਪਾਉ । ਐਮ. ਪੀਆਂ ਨੂੰ ਧੜਾ ਧੜ ਇਸ ਦੇ ਵਿਰੋਧ ਵਿਚ ਲਿਖੋ । ਸੈਨੇਟ ਨੂੰ ਭੀ ਲਿਖੋ ਕਿਉਂਕਿ ਉਸ ਵਿਚ ਭੀ ਬਿਲ ਜਾਣਾ ਹੈ ਤੇ ਸੈਨੇਟ ਵਿਚ ਭੀ ਮਸਲਾ ਉਠਾਉਣ ਲਈ ਚਿੱਠੀ ਪਾਉ । ਪਾਰਲੀਮੈਂਟ ਵਿਚ ਸਿੱਧੀ ਪ੍ਰਧਾਨ ਮੰਤਰੀ ਤੇ ਸੇਹਤ ਮੰਤਰੀ ਨੂੰ। ਸੈਨੇਟ ਵਿਚ ਗੌਰਮੈਂਟ ਦੇ ਲੀਡਰ ਹੌਨਰੇਬਲ ਲੋਇਲ ਮਰੇ ਅਤੇ ਵਿਰੋਧੀ ਲੀਡਰ ਹੌਨਰੇਬਲ ਐਲਨ ਮਕੇਕਨ — ਪਾਰਲੀਮੈਂਟ ਬਿਲਡਿੰਗਜ਼, ਵੈਲਿੰਗਟਨ ਸਟਰੀਟ, ਓਟਾਵਾ ਇਸ ਵਾਰੇ ਪਬਲਿਕ ਨੂੰ ਭੀ ਇਕ ਦਮ ਲਾਮਬੰਦ ਕਰਨ ਦੀ ਲੋੜ ਹੈ। ਇਹ ਸਾਰੇ ਕਨੇਡੀਅਨ ਲੋਕਾਂ ਦਾ ਮਸਲਾ ਹੈ । ਸੋ ਸਾਡੀ ਕਮਿਊਨਿਟੀ ਨੂੰ ਇਸ ਬਿੱਲ ਨੂੰ ਹਰਾਉਣ ਲਈ ਪੂਰੀ ਮੁਹਿੰਮ ਲਾਮਬੰਦ ਕਰਨੀ ਜ਼ਰੂਰੀ ਹੈ ਅਤੇ ਨਾਲ ਹੀ ਸਾਡਾ ਮੀਡੀਆ ਭੀ ਰੋਲ ਅਦਾ ਕਰੇ। ਉਠਣ ਦਾ ਵੇਲਾ ਹੈ।

# ਕੈਲੇਫੋਰਨੀਆ ਗਾਈਡ


ਫਰੇਜ਼ਨੋ ਵਿਚ 'ਕੈਨੇਡਾ ਦਰਪਣ' ਲਓ ਤੇ ਨਾਲ ਕੱਪੜੇ, ਗਰੌਸਰੀ, ਵੀਡੀਓ ਮੂਵੀਆਂ ਵੀ ਖ਼ੀਦੋ

**Ph. (209) 456-9491**

**INDICA IMPORTS — 4925 E. King Canyon Road, FRESNO, CA.**

ਯੂਬਾ ਸਿਟੀ ਵਿਚ 'ਕੈਨੇਡਾ ਦਰਪਣ' ਇਥੋਂ ਮਿਲਦਾ ਹੈ :

**LONDON FASHIONS**

1494 E. Bridge St., YUBA CITY CA. Ph. (916) 673-6634

**PETE ELLIS DODGE**

ਕਾਰਾਂ, ਵੈਨਾਂ, ਪਿਕ ਅੱਪ ਖ਼ੀਦਣ ਲਈ

ਫ਼ੋਨ ਕਰੋ :—

**ਜੱਸੀ ਗਰੇਵਾਲ**

(408) 738-0400

Credit or no Credit

CALL:

**Jessie Grewal**

2 to 5% over Dealer Cost



**Pete Ellis Dodge**

**1095, West El Camino Real**

**SUNNYVALE, CALIFORNIA 94087**


## ਕਵਿਤਾ

## ਮਾਂ

ਸੁਣੋ ਵੇ ਵੀਰੋ ਮੇਰਿਓ, ਸਾਡੀ ਤੁਰ ਗਈ ਜੱਗ ਤੋਂ ਮਾਂ
ਤੁਸੀਂ ਕਿੱਡੇ ਭਾਗਾਂ ਵਾਲੜੇ,ਜੀਹਨਾਂ ਮਾਣੀ ਉਸਦੀ ਛਾਂ।
ਇਕ ਕੀ ਸਮਿਆਂ ਦਾ ਗੇੜ ਸੀ ਜਾਂ ਕਿਸਮਤ ਦਾ ਖੇਲ
ਤੁਰ ਗਈ ਧੀ ਪ੍ਰਦੇਸ ਨੂੰ ਔਖਾ ਹੋ ਗਿਆ ਮੇਲ।
ਅਸਾਂ ਲੰਮੇ ਵਿਛੋੜੇ ਜਰਦਿਆਂ ਇਕ ਉਮਰਾ ਲਈ ਲੰਘਾ
ਰਜ ਵੇਖ ਨਾ ਸਕੀ ਮਾਂ ਨੂੰ ਉਹਦੇ ਘਟਦੇ ਜਾਂਦੇ ਸਾਹ
ਇਕ ਧੂਹ ਪੈਂਦੀ ਸੀ ਮਿਲਣ ਦੀ ਮਾਂ ਵੇਖੇ ਮੇਰਾ ਰਾਹ
ਮਾਵਾਂ ਬਿਨ ਕੌਣ ਉਡੀਕਦਾ ਤੇ ਕਾਹਦਾ ਰਹਿ ਗਿਆ ਚਾਅ।
ਇਕ ਤਾਂਘ ਨਾਲ ਸਾਂ ਕੁਮਕਦੀ ਕਿ ਮਾਂ ਗੱਲ ਜਾ ਲਗਸਾਂ
ਅੱਜ ਉਸ ਤਾਂਘ ਦੇ ਕੰਕਰੇ ਮੇਰੇ ਨੈਣੀ ਬੈਠੇ ਆ।

ਕਿਵੇਂ ! ਬੂਹੇ ਮੰਜੀ ਡਾਹ ਕੇ ਮਾਂ (ਸਾਡੀ ਕਰੇ ਉਡੀਕ
ਜਿਉਂ ਹੁੰਦਾ ਵੇਖ ਕਵੇਲੜਾ ਉਹਦੀ ਮਮਤਾ ਹੋਵੇ ਸੀਤ।
ਮਾਂ ਭੁਖੀ ਵੀ ਰੱਜ ਜਾਂਵਦੀ ਜਦ ਬੱਚੜੇ ਬਹਿੰਦੇ ਕੋਲ
ਭੁਲ ਜਾਂਦੀ ਗੁੱਸੇ ਗਿਲੜੇ ਜਦ ਸੁਣੇਂ ਉਹਨਾਂ ਦੇ ਬੋਲ।
ਉਹ ਘਰ ਸੀ ਮੇਰਾ ਆਪਣਾ ਜਿਥੇ ਬੈਠੀ ਮੇਰੀ ਮਾਂ
ਤੁਸੀਂ ਜੁਗ ਜੁਗ ਜੀਵੋ ਵੀਰਿਓ 'ਉਹ' ਘਰ ਹੁਣ ਮੇਰਾ ਨਾਂ।
ਉਹ ਪਿੰਡ ਸਾਂ ਆਪਣਾ ਆਖਦੀ ਬੜ੍ਹ-ਪਿਆਰਾ ਲੱਗੇ ਉਹਦਾ ਨਾਂ
ਉਥੇ ਪੌਣਾਂ ਵਿਚ ਸੁਗੰਧੀਆਂ ਮੈਂ ਉਡਦੀ ਉਡਦੀ ਫਿਰਾਂ।

ਹੁਣ ਉਚੇ ਟਿੱਬੇ ਖੜ ਜਾਵਾਂ ਦੇਆਂ ਪਿੰਡ ਨੂੰ ਕੂਕ ਸੁਣਾ
ਵੇ ਕਿਹਾ ! ਓਪਰਾ ਜਿਹਾ ਤੇਰਾ ਨਾਂ ਲੱਗੇ ਜਿਥੇ ਨਾ ਬਾਪੂ ਨਾ ਮਾਂ।
ਅੱਜ ਭੁਬਾਂ ਮਾਰੀ ਹਿਕੜੀ ਕੋਈ ਰੋਣਾਂ ਸੌਖਾ ਨਾ
ਅੱਜ ਬੈਠੀ ਵਿਚ ਪ੍ਰਦੇਸ ਦੇ ਕੁਰਲਾਉਣਾ ਸਿਖਾ ਨਾ।
ਸਮਿਆਂ ਮਾਰੀ ਚੁੱਪ ਦਾ ਗੱਲ ਘੁਟਣਾ ਚਾਹਵਾਂ ਮੈਂ
ਤੁਰ ਗਈ ਆਪਣੀ 'ਮਾਂ' ਨੂੰ ਕੁਝ ਕਹਿਣਾ ਚਾਹਵਾਂ ਮੈਂ।

ਲੱਖ ਚਾਹਵੇ ਮਾਂ ਪੁਤੱਰਾਂ,ਲਵੇ ਹਾਉਕਾ ਧੀ ਲਈ ਮਾਂ
ਧੀਆਂ 'ਧੰਨ' ਬੇਗਾਨੜਾ ਧੀਆਂ ਆਪਣਾ ਕੁਝ ਵੀ ਨਾ।'
ਇਸ ਦੁਨੀਆਂ ਦੇ ਪਾਸਾਰ ਵਿਚ ਉਹਨੂੰ ਕੋਈ ਪਛਾਣੇਂ ਨਾ
ਰੱਬ ਵਰਗਾ ਧੀ ਨੂੰ ਆਸਰਾ ਬੱਸ ਇਕੋ ਉਸਦੀ ਮਾਂ।

ਸੁਰਜੀਤ ਸਿੱਧੂ




ਯੂਬਾ ਸਿਟੀ ਵਿਚ ਸਭ ਥਾਵਾਂ ਨਾਲੋਂ ਸਸਤੀਆਂ ਕਾਰਾਂ ਅਸੀਂ ਵੇਚਦੇ ਹਾਂ

ਜਦੋਂ ਵੀ ਕਾਰ, ਪਿਕ ਅੱਪ, ਬਲੇਜਰ, 4 ਸੈਲੰਡਰ, 6 ਸੈਲੰਡਰ ਜਾਂ 8 ਸੈਲੰਡਰ, ਫ਼ੋਰ ਡੋਰ ਜਾਂ ਟੂ ਡੋਰ ਕਾਰਾਂ ਦੀ ਲੋੜ ਹੋਵੇ ਤਾਂ ਸਿੱਧੇ R & K Suto Sales ਨੂੰ ਚਲੇ ਆਉ ਤੇ ਆਪਣੇ ਪੈਸੇ ਦੀ ਬੱਚਤ ਕਰੋ



ਥੋੜ੍ਹੇ ਡਾਲਰ ਡਾਊਨ ਦੇ ਕੇ ਆਸਾਨ ਕਿਸ਼ਤਾਂ ਉਤੇ ਕਾਰਾਂ ਖ਼ੀਦਣ ਦਾ ਬਹੁਤ ਚੰਗਾ ਪ੍ਰਬਧ ਹੈ।

ਨੌਜਵਾਨ ਦਿਲਾਂ ਦੀ ਧੜਕਣ ਸਪੋਰਟਸ ਕਾਰਾਂ ਸਦਾ ਹੀ ਸਾਡੇ ਸਟਾਕ ਵਿਚ ਹੁੰਦੀਆਂ ਹਨ

ਪੰਜਾਬੀ ਭਰਾ ਪੰਜਾਬੀ ਵਿਚ ਹੀ ਗੱਲ ਕਰ ਸਕਦੇ ਹੋ !

**SAVE**



**MORE**

# R & K AUTO SALES

444 Colusa Hwy. YUBA CITY — CAL. **Ph. (916) 674-8680**

# KANG UP HOLSTERY

**CUSTOM UPHOLSTERING**

**UPHOLSTERY FURNITURE MADE TO ORDER**

**Estimates Submitted/Pick-up & Delivery**

**Ph. (916) 673-6594 or 674-2500**

**Res: (916) 673-3387**



ਸਵਰਨ ਸਿੰਘ ਕੰਗ

ਯੂਬਾ ਸਿਟੀ ਦੇ ਰਹਿਣ ਵਾਲੇ ਆਪਣੇ ਘਰ ਲਈ ਆਪਣੀ ਮਰਜ਼ੀ ਦਾ ਸੋਫ਼ਾ, ਚੇਅਰ ਜਾਂ ਹੋਰ ਸਾਮਾਨ ਆਰਡਰ ਬੁੱਕ ਕਰਵਾ ਕੇ ਬਣਵਾ ਸਕਦੇ ਹਨ

**632 N. WALTON, ROAD, YUBA CITY, CA.**

## ਡਾ. ਸੀਤਲ ਦੀ ਯਾਦ ਨੂੰ ਸਮਰਪਣ

# ਇਕ ਦਰਵੇਸ਼ ਦਾ ਅਕਾਲ ਚਲਾਣਾ

ਕੁਲਬੀਰ ਸਿੰਘ ਕਾਂਗ



ਅਸੀਂ ਜਿਸ ਦਰਵੇਸ਼ ਦੀ ਉਂਗਲ ਫੜ ਕੇ ਸਾਹਿਤ ਦੇ ਮੇਲੇ ਵੱਲ ਤੁਰੇ ਸਾਂ, ਅੱਜ ਉਹ ਸੂਫੀ ਫਕੀਰ, ਗੁਰਮਤ ਦਾ ਮਾਰਤੰਡ, ਮਾਂ ਬੋਲੀ ਦਾ ਸੱਚਾ ਸਪੂਤ, ਉਰਦੂ ਫਾਰਸੀ ਦਾ ਆਲਮ ਫਾਜ਼ਲ, ਪੰਜਾਬੀ ਦਾ ਬਾਬਾ-ਇ-ਅਦਬ, ਡਾ. ਜੀਤ ਸਿੰਘ ਸੀਤਲ, ਸਾਨੂੰ ਸਦਾ ਲਈ ਖੈਰਬਾਦ ਕਹਿ ਕੇ ਕਿਸੇ ਹੋਰ ਜਹਾਨ ਵਲ ਤੁਰ ਪਿਆ ਹੈ — ਇਕ ਸੂਰਜ ਵਾਂਗ, ਡੁੱਬਿਆ ਨਹੀਂ ਸਗੋਂ ਧਰਤੀ ਦੇ ਕਿਸੇ ਹੋਰ ਕੋਨੇ ਨੂੰ ਰੁਸ਼ਨਾਇਆ। ਭਾਸ਼ਾ ਵਿਭਾਗ ਦੇ ਡਾਇਰੈਕਟਰ ਹੁੰਦਿਆਂ ਹੀ ਉਸ ਨੂੰ ਪੰਜਾਬੀ ਯੂਨੀਵਰਸਿਟੀ ਵਾਲੇ ਨਾਰੰਗ ਸਾਹਿਬ ਤੇ ਸ. ਹਰਬੰਸ ਸਿੰਘ ਘਰੋਂ ਬੁਲਾ ਕੇ ਲੈ ਗਏ ਸਨ। ਚੌਂਹਠ ਸਾਲ ਦੀ ਉਮਰ ਵਿਚ ਉਥੋਂ ਸੇਵਾ ਮੁਕਤ ਹੋਏ ਤਾਂ ਵੀ. ਸੀ. ਕੋਈ ਹੋਰ ਸੀ। ਉਸਦੇ ਦਫਤਰ ਗਏ, ਕਹਿਣ ਲੱਗੇ, "ਤੁਹਾਥੋਂ ਐਕਸਟੈਨਸ਼ਨ ਨਹੀਂ ਮੰਗਣੀ, ਨਾ ਹੀ ਕੋਈ ਫੈਲੋਸ਼ਿਪ, ਨਾ ਗਰਾਂਟ! ਮੈਨੂੰ ਕੰਮ ਦੇਂਦੇ ਰਹਿਣਾ, ਮਾਂ-ਬੋਲੀ ਨੂੰ ਮੇਰੀ ਲੋੜ ਹੈ। ਸੇਵਾ ਵੀ ਹੋ ਜਾਵੇਗੀ ਅਤੇ ਮੇਰੇ ਪਰਿਵਾਰ ਦਾ ਨਿਰਬਾਹ ਵੀ ਹੁੰਦਾ ਜਾਵੇਗਾ।"

ਉਹ 75 ਸਾਲ ਦੀ ਉਮਰ ਤੱਕ, 8.4.74 ਤਕ ਲਗਾਤਾਰ ਕੰਮ ਕਰਦੇ ਰਹੇ। ਕਦੀ ਯੂਨੀਵਰਸਿਟੀ, ਕਦੀ ਭਾਸ਼ਾ ਵਿਭਾਗ, ਕਦੀ ਕਦੀ ਸ਼ਰੋਮਣੀ ਕਮੇਟੀ, ਕਦੀ ਰਾਧਾ ਸੁਆਮੀ ਦੇ ਮਹਾਰਾਜ, ਹੋਰ ਅਨੇਕਾਂ ਖੋਜ-ਅਭਿਲਾਸ਼ੀ! ਜਿਸ ਜਿਸ ਨੇ ਵੀ ਬੁਲਾਇਆ, ਉਹ ਸਾਰੀ ਸਾਰੀ ਰਾਤ ਜਾਗ ਕੇ ਵੀ ਉਸ ਦਾ ਕੰਮ ਕਰਦੇ। ਫਲ ਮਿਲੇ ਚਾਹੇ ਨਾ, ਉਹ ਭਗਵਾਨ ਕ੍ਰਿਸ਼ਨ ਦੀ ਗੀਤਾ ਦਾ ਪਾਠ ਪੜ੍ਹ ਚੁੱਕੇ ਸਨ, ਫਲ ਉਨ੍ਹਾਂ ਨੂੰ ਆਪਣੇ ਆਪ ਮਿਲ ਜਾਂਦਾ ਸੀ। ਉਨ੍ਹਾਂ ਨੇ ਕਦੀ ਮੰਗਿਆ ਨਹੀਂ ਸੀ। ਝੋਲੀ ਨਹੀਂ ਸੀ ਅੱਡੀ, ਸਗੋਂ ਆਪਣੀ ਝੋਲੀ ਵਿਚੋਂ ਕੁਝ ਵੰਡਿਆ ਹੀ ਸੀ।

ਉਨ੍ਹਾਂ ਦੇ ਦੇਹਾਂਤ ਪੰਜਾਬ ਲਈ, ਦੇਸ਼ ਲਈ, ਕੌਮ ਲਈ ਅਪੂਰਕ ਘਾਟਾ ਹੈ!

ਅੱਜ ਤੋਂ 28 ਵਰ੍ਹੇ ਪਹਿਲਾਂ ਮੈਂ ਜਦ ਉਨ੍ਹਾਂ ਨੂੰ ਪਟਿਆਲੇ ਮਿਲਿਆ, ਤਾਂ ਲੋਹੜੀ ਦੀ ਰਾਤ ਸੀ। ਉਨ੍ਹਾਂ ਦੇ ਖੁਲ੍ਹੇ ਵਿਹੜੇ ਵਿਚ ਲੋਹੜੀ ਬਲ ਰਹੀ ਸੀ, ਉਨ੍ਹਾਂ ਦਾ ਚਿਹਰਾ ਦਗ ਦਗ ਕਰ ਰਿਹਾ ਸੀ। ਮੈਨੂੰ ਵੇਖ ਕੇ ਕਹਿਣ ਲੱਗੇ, "ਮਾਂ-ਬੋਲੀ ਨੂੰ ਉਨ੍ਹਾਂ ਦੀ ਲੋੜ ਹੈ ਜੋ ਆਪਣੇ ਜੀਵਨ ਦੀ ਆਹੂਤੀ ਦੇ ਕੇ ਲੋਹੜੀ ਦੀ ਪਵਿਤਰ ਅੱਗ ਵਾਂਗ ਲਟ ਲਟ ਬਲ ਸਕਣ। ਕੁਝ ਬਣਨਾ ਈਂ ਤਾਂ ਆਪਾ ਵਾਰ ਕੇ ਜੀਊਣ ਦੀ ਜਾਚ ਸਿਖ!"

ਮੈਨੂੰ ਉਨ੍ਹਾਂ ਦਾ ਹਰ ਬੋਲ, ਗੁਰਵਾਕ ਜਾਪਦਾ ਸੀ। ਮੈਂ ਹੀ ਨਹੀਂ, ਅਨੇਕਾਂ ਨੇ ਉਨ੍ਹਾਂ ਤੋਂ ਸਿੱਖਿਆ-ਦੀਖਿਆ ਲਈ ਸੀ। ਮੈਂ ਜਦੋਂ ਉਨ੍ਹਾਂ ਤੋਂ ਪਥ-ਪ੍ਰਦਰਸ਼ਨ ਦੀ ਭਿਛਿਆ ਮੰਗੀ ਤਾਂ ਬੋਲੇ, "ਕਿੱਸਾ ਸਾਹਿਤ ਦਾ ਪਿੜ ਖਾਲੀ ਪਿਆ ਹੈ। ਗੁਰੂ ਗੋਰਖ ਨਾਥ ਦਾ ਚੇਲਾ ਬਣ ਜਾ। ਹੀਰ-ਰਾਂਝਾ ਬਾਰੇ ਲਿਖੇ ਮਧ-ਕਾਲੀ ਕਾਵਿ 'ਤੇ ਜੁੱਟ ਜਾ!" ਉਨ੍ਹਾਂ ਦੀ ਅਸੀਸ ਸੀ ਕਿ ਇਹ ਮਾਰਗ ਅੱਜ ਮੇਰੇ ਲਈ ਇਕ ਵਿਸ਼ੇਸ਼ਗ ਦਾ ਸਥਾਨ ਸਥਾਪਤ ਕਰਨ ਦਾ ਕਾਰਨ ਬਣੇਗਾ। ਜਿਸ ਨੂੰ ਵੀ ਉਨ੍ਹਾਂ ਨੇ ਅਸੀਸ ਦਿਤੀ, ਉਹ ਅੱਗੇ ਹੀ ਵਧਦਾ ਗਿਆ। ਪੰਜਾਬੀ ਯੂਨੀਵਰਸਿਟੀ ਵਿਚ ਜਿਹੜਾ ਪਲ ਸੌਂ ਜਾਂਦੇ, ਫਿਰ ਉਠ ਕੇ ਲਿਖਣ ਬੈਠ ਜਾਂਦੇ, ਇਸ ਇਕੱਲੇ ਮਨੁੱਖ ਨੇ ਹੁਣੇ ਜਿਹੇ "ਫਾਰਸੀ-ਪੰਜਾਬੀ ਡਿਕਸ਼ਨਰੀ" ਮੁਕੰਮਲ ਕੀਤੀ ਸੀ ਕਿ ਇਕ ਹੋਰ ਕੋਸ਼ "ਕਿੱਸਾ ਕਾਵਿ-ਕੋਸ਼" ਉਤੇ ਕੰਮ ਸ਼ੁਰੂ ਕਰ ਦਿੱਤਾ ਸੀ, ਜੋ ਅਧੂਰਾ ਪਿਆ ਹੈ (ਅਸੀਂ ਉਨ੍ਹਾਂ ਦੇ ਸ਼ਿਸ਼ ਇਸ ਨੂੰ ਪੂਰਾ ਕਰਾਂਗੇ)।

ਲਾਹੌਰ ਵਿਚ ਰਹਿੰਦਿਆਂ 20-21 ਦੀ ਉਮਰ ਵਿਚ ਉਨ੍ਹਾਂ ਨੂੰ ਫਾਰਸੀ ਦੀ ਐਮ. ਏ. ਕਰ ਲਈ ਸੀ। ਪਹਿਲਾਂ ਨੈਸ਼ਨਲ ਸਿੱਖ ਕਾਲਜ ਅਤੇ ਫਿਰ ਦਿਆਲ ਸਿੰਘ ਕਾਲਜ ਵਿਚ ਪ੍ਰੋਫੈਸਰ ਲੱਗੇ। ਉਨ੍ਹਾਂ ਦਾ ਫਾਰਸੀ ਲੈਕਚਰ ਸੁਣਨ ਲਈ ਸ਼ਹਿਰ ਦੇ ਮੌਲਵੀ ਤੇ ਮੌਲਾਨਾ ਵੀ ਆਇਆ ਕਰਦੇ ਸਨ। ਬੁਰਕਿਆਂ ਦੇ ਪਰਦੇ ਵਿਚ ਛੁਪੀਆਂ ਹੁਸੀਨ ਮੁਸਲਿਮ ਕੁੜੀਆਂ ਇਸ ਸਿੱਖ ਪ੍ਰੋਫੈਸਰ ਤੋਂ ਫਾਰਸੀ ਪੜ੍ਹ ਕੇ ਵੀ "ਬਾਬਿਓ!" ਕਹਿ ਕੇ ਉਨ੍ਹਾਂ ਅੱਗੇ ਝੁਕਦਾ, ਉਸ ਨੂੰ ਆਪਣੇ ਜੋਗੀ-ਝੋਲੇ ਵਿਚੋਂ ਧੂੜ ਦਾ ਪ੍ਰਸ਼ਾਦ ਦੇਂਦੇ ਤੇ ਉਹ ਫਿਰ ਪਿਛਾਂਹ ਮੁੜ ਕੇ ਨਹੀਂ ਸੀ ਵੇਖਦਾ, ਇਕ ਰਾਹ ਉਸ ਅੱਗੇ ਖੁੱਲ੍ਹ ਜਾਂਦਾ ਸੀ। ਪੰਜਾਬ ਦੇ ਮਹਾਂ-ਰਥੀ, ਮਹਿਕਮਿਆਂ ਦੇ ਸੈਕਟਰੀ, ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰ, ਵਿਭਾਗ ਮੁਖੀ ਜੋ ਵੀ ਪ੍ਰਾਜੈਕਟ ਉਨ੍ਹਾਂ ਨੂੰ ਦੇਂਦੇ, ਉਸ ਨੂੰ ਵਕਤ ਤੋਂ ਪਹਿਲਾਂ ਹੀ ਮੁਕਾ ਕੇ, ਕੋਈ ਹੋਰ ਕਾਰਜ ਆਰੰਭ ਕਰ ਦੇਂਦੇ ਸਨ।

ਉਨ੍ਹਾਂ ਦੇ ਖੁੱਲ੍ਹੇ ਵਿਸ਼ਾਲ ਮਕਾਨ ਵਿਚ ਉਨ੍ਹਾਂ ਦੀ ਅਧਿਐਨ-ਸ਼ਾਲਾ (Study) ਤੇ ਸੌਣ ਕਮਰਾ ਇਕ ਦੂਜੇ ਦੇ ਨਾਲ ਨਾਲ ਹਨ, ਜਦ ਥੱਕ ਜਾਂਦੇ, ਘੜੀ ਹੈਰਾਨ ਹੁੰਦੀਆਂ ਸਨ। — ਬਾਅਦ ਸੰਗਰੂਰ ਵਿਚ ਕਾਲਜ ਵਿਚ ਆ ਲੱਗੇ, ਪੰਜਾਬੀ ਦੀ ਐਮ. ਏ. ਵੀ ਕੀਤੀ, ਪੰਜਾਬ ਯੂਨੀ: ਚੰਡੀਗੜ੍ਹ ਤੋਂ ਤੀਹ ਸਾਲਾਂ ਦੇ ਅਰਸੇ ਵਿਚ ਕਿਸੇ ਵੀ ਖੋਜੀ ਨੂੰ ਪੀ. ਐਚ. ਡੀ. ਦੀ ਡਿਗਰੀ ਨਹੀਂ ਸੀ ਮਿਲੀ, ਡਾ. ਮੋਹਨ ਸਿੰਘ ਕਿਸੇ ਛੋਟੇ-ਮਾੜੇ ਨੂੰ ਪਸੰਦ ਨਹੀਂ ਸੀ ਕਰਦਾ ਪਰ ਡਾ. ਸੀਤਲ ਦੀ ਖੋਜ ਅੱਗੇ ਉਹ ਵੀ ਝੁਕ ਗਿਆ। ਫਿਰ ਭਾਸ਼ਾ ਵਿਭਾਗ ਵਿਚ ਆ ਗਏ, ਡਾਇਰੈਕਟਰ ਬਣੇ, ਪੰਜਾਬੀ ਯੂਨੀ: ਪਟਿਆਲਾ ਦੇ ਪੰਜਾਬੀ ਵਿਭਾਗ ਅਤੇ ਪੰਜਾਬੀ ਸਾਹਿਤ ਅਧਿਐਨ ਵਿਭਾਗ ਦੇ ਅਧਿਅਕਸ਼ ਹੁੰਦਿਆਂ ਵੱਡੀ ਸੇਵਾ ਕੀਤੀ। ਘਰ ਵਿਚ ਸਭ ਸੁਖ ਮਿਲਦਾ ਸੀ, ਪਰ ਜੀਵਨ-ਨਿਰਬਾਹ ਲਈ ਉਨ੍ਹਾਂ ਨੂੰ ਅੰਤ ਸੁਆਸਾਂ ਤੱਕ ਕੰਮ ਕਰਨਾ ਪਿਆ — ਸਾਡੀ ਇਹ ਦੁਨੀਆਂ ਇੰਨੀ ਜ਼ਾਲਿਮ ਹੈ ਕਿ ਕਿਸੇ ਨੇ ਉਨ੍ਹਾਂ ਨੂੰ ਪ੍ਰੋਫੈਸਰ ਈਮੈਰਿਟਸ ਨਹੀਂ ਬਣਾਇਆ। ਬਿਰਧ ਸਨ, ਚੜ੍ਹਦੀਆਂ ਕਲਾਂ ਵਾਲੇ। ਨਿਹੰਗ ਬਾਬਿਆਂ ਤੋਂ ਇਕ ਵਾਰ ਚਰਨਾਮਿਤ ਲਿਆ ਸੀ, ਉਸ ਦੇ ਆਸਰੇ ਕਦੀ ਨਹੀਂ ਡੋਲੇ। ਸ਼ਿਸ਼ਾਂ ਤੋਂ ਮਿੱਤਰਾਂ ਦਾ ਇਕ ਵੱਡਾ ਕਾਫਲਾ ਉਨ੍ਹਾਂ ਦੇ ਸੰਗ ਸੰਗ ਟੁਰਦਾ ਸੀ। ਵਿਦਵਾਨਾਂ ਵਿਚ ਵਿਦਵਾਨ, ਨੌਜਵਾਨਾਂ ਵਿਚ ਨੌਜਵਾਨ, ਬੱਚਿਆਂ ਨਾਲ ਬੱਚੇ। ਬੱਚਿਆਂ ਨਾਲ ਇਨਾ ਪਿਆਰ ਸੀ ਕਿ ਆਪਣੀ ਜੇਬ ਟਾਫੀਆਂ ਨਾਲ ਭਰੀ ਰੱਖਦੇ ਅਜੀਤ ਨਗਰ ਪਟਿਆਲਾ, ਯੂਨੀ. ਪਟਿਆਲਾ ਦੇ ਬੱਚਿਆਂ ਲਈ ਉਹ "ਟਾਫੀਆਂ ਵਾਲਾ ਬਾਬਾ" ਸਨ। ਮੇਰੇ ਛੋਟੇ ਬੱਚੇ (ਸ਼ੈਲੇ) ਨੂੰ ਇਸ ਹੱਦ ਤੱਕ ਪਿਆਰ ਕਰਦੇ ਸਨ ਕਿ ਹਰ ਚਿੱਠੀ ਵਿਚ ਲਿਖਿਆ ਹੁੰਦਾ: "ਜਦ ਇਸ ਦੇ ਦਰਸ਼ਨ ਹੁੰਦੇ ਹਨ ਤਾਂ ਮੇਰੇ ਸਾਰੇ ਰੁਕੇ ਕੰਮ ਬਣ ਜਾਂਦੇ ਹਨ।"

ਉਨ੍ਹਾਂ ਦਾ ਚਿੱਠੀ ਲਿਖਣ ਦਾ ਢੰਗ ਇਨਾ ਪ੍ਰਭਾਵਸ਼ਾਲੀ ਤੇ ਕੋਮਲ ਹੁੰਦਾ ਸੀ ਕਿ ਪੰਜਾਬ ਦੇ ਬਹੁਤ ਸਾਰੇ ਲੇਖਕਾਂ ਨੇ ਉਨ੍ਹਾਂ ਦੀਆਂ ਚਿੱਠੀਆਂ ਸਾਂਭ ਰੱਖੀਆਂ ਹਨ। ਸਰਕਾਰੀ ਚਿੱਠੀਆਂ ਦੀ ਡਰਾਫਟਿੰਗ ਵਿਚ ਵੀ ਉਹ ਲਾਸਾਨੀ ਸਨ। ਕਲਮ ਦਰਿਆ ਲਹਿਰਾਂ ਵਾਂਗ ਵਗਦੀ ਸੀ। ਇਕ ਪੰਨੇ 'ਤੇ 8-10 ਸਤਰਾਂ ਹੀ ਲਿਖਦੇ, ਖੁੱਲ੍ਹੇ ਖੁੱਲ੍ਹੇ ਸ਼ਬਦ! ਉਨ੍ਹਾਂ ਦੇ ਮਨ ਵਾਂਗ ਸਾਫ ਤੇ ਸ਼ਫਾਫ! ਉਚਾ-ਲੰਮਾ ਕੱਦ, ਗੋਰਾ ਰੰਗ, ਚਿੱਟੀ ਦਾੜ੍ਹੀ ਤੇ ਮਧਕਾਲੀ ਸਿੱਖਾਂ ਵਾਂਗ ਵਲ੍ਹੇਟੀ ਹੋਈ ਪੱਗ ਨਾਲ ਉਹ ਹਰੀ ਸਿੰਘ ਨਲੂਆ ਦੀ ਪ੍ਰਚਲਿਤ ਤਸਵੀਰ ਵਾਂਗ ਲਗਦੇ ਸਨ। ਅਜ ਕੱਲ੍ਹ ਤਾਂ ਉਨ੍ਹਾਂ ਦੇ ਇਕ ਹੱਥ ਵਿਚ ਸਟੀਲ ਦਾ ਸਿਮਰਨਾ ਵੀ ਹੁੰਦਾ। ਭਾਵੇਂ ਟੀ. ਵੀ. ਦੇ ਪਰੋਗਰਾਮ 'ਤੇ ਬੈਠੇ ਹੁੰਦੇ, ਉਹ ਸਿਮਰਨਾ ਚੁੱਪ ਕਰਕੇ ਤੁਰੀ ਜਾਂਦਾ, ਮਣਕਾ ਮਣਕਾ ਉਹ ਗੁਰਮਤ ਦੇ ਮਾਰਤੰਡ ਸਨ, ਪਰ ਸਭ ਧਰਮਾਂ ਨੂੰ ਪਿਆਰ ਕਰਦੇ ਸਨ। ਫਿਰਕਾਪ੍ਰਸਤਾਂ ਨੂੰ ਮੋਟੀਆਂ ਮੋਟੀਆਂ ਗਾਲ੍ਹਾਂ ਕੱਢਦੇ ਸਨ। ਪਿਛਲੇ ਕੁਝ ਸਾਲਾਂ ਤੋਂ ਪੰਜਾਬ ਵਿਚ ਵਾਪਰ ਰਹੇ ਦੁਖਾਂਤ ਤੋਂ ਦੁਖੀ ਸਨ, ਪਰ ਅੱਜ ਕੱਲ੍ਹ ਬੁੱਧੀਜੀਵੀਆਂ ਦੀ ਕੌਣ ਸੁਣਦਾ ਹੈ। ਬੁੱਲਟ ਨੇ ਸਭ ਨੂੰ ਚੁਪ ਕਰਾ ਦਿਤਾ ਹੈ। ਇਕ ਵਾਰ ਉਨ੍ਹਾਂ ਨੇ "ਬੇਦਾਵਾ" ਨਾਮ ਦੀ ਕਵਿਤਾ ਲਿਖੀ ਸੀ, ਜੋ ਆਰਸੀ ਵਿਚ ਛਪੀ ਸੀ ਉਸ ਨੂੰ ਪੜ੍ਹ ਕੇ ਹਰ ਕੋਈ ਥਰਰਾ ਗਿਆ ਸੀ। ਇਹ "ਬੇਦਾਵਾ" ਆਪਣੇ ਆਪ ਨੂੰ ਕੌਮੀ ਤੇ ਸੈਕੂਲਰ ਅਖਵਾਂਦੇ ਲੀਡਰਾਂ ਨੂੰ ਸੰਬੋਧਨ ਸੀ।

ਉਨ੍ਹਾਂ ਆਪਣੀ ਕਲਮ ਸਦਕਾ ਸਾਰੇ ਭਾਰਤ ਦੀ ਯਾਤਰਾ ਕੀਤੀ ਸੀ ਪਰਦੇਸ ਵੀ ਹੋ ਆਏ ਸਨ। ਜਦੋਂ ਲੈਕਚਰ ਦੇਂਦੇ ਸਨ ਤਾਂ ਸਮਾਂ ਇਕ ਥਾਂ ਖਲੋ ਜਾਂਦਾ ਸੀ। ਲੋਕ ਉਨ੍ਹਾਂ ਦੀ ਆਮਦ ਨੂੰ ਉਡੀਕਦੇ ਸਨ।

ਆਪ ਵਿਦਵਾਨ ਸਨ, ਪਰ ਦੂਸਰੇ ਵਿਦਵਾਨਾਂ ਦੀ ਬੜੀ ਕਦਰ ਕਰਦੇ ਸਨ। ਉਹ ਆਮ ਤੌਰ 'ਤੇ ਪ੍ਰੋ: ਗੁਲਵੰਤ ਸਿੰਘ ਦੇ ਗੋਡੀਂ ਹੱਥ ਲਾਉਂਦੇ ਸਨ। ਮੈਂ ਕਾਰਣ ਪੁੱਛਿਆ ਤਾਂ ਦੱਸਿਆ, "ਇਹ ਇਲਮ ਦਾ ਸਮੁੰਦਰ ਹਨ, ਇਨ੍ਹਾਂ ਨਾਲ ਤੂੰ ਵੀ ਸਤਿਕਾਰ ਨਾਲ ਪੇਸ਼ ਆਉਣਾ ਹੈ। ਹੋਰਨਾਂ ਨਾਲ ਤਾਂ ਤੂੰ ਲੜ ਲੈਣੇਂ, ਪਰ ਇਨ੍ਹਾਂ ਦੇ ਅੱਗੇ ਕਦੀ ਨਹੀਂ ਬੋਲਣਾ ਮੈਂ ਉਨ੍ਹਾਂ ਦਾ ਇਹ ਬਚਨ ਸਾਰੀ ਜ਼ਿੰਦਗੀ ਪਾਲਿਆ ਹੈ।

ਅੱਜ ਉਹ ਦਰਵੇਸ਼ ਤੁਰ ਗਿਆ ਹੈ। ਲੋਕ ਉਸ ਦੀਆਂ ਬਾਤਾਂ ਪਾ ਰਹੇ ਹਨ, ਸਦੀਆਂ ਤਕ ਪਾਉਂਦੇ ਰਹਿਣਗੇ।

ਪੰਨਾ 25 ਦੀ ਬਾਕੀ

ਉਠਦਾ ਹੈ ਜਿਸ ਨੂੰ ਸ੍ਰੀ ਵੀ. ਪੀ. ਸਿੰਘ ਬਹੁਤ ਮਹੱਤਵਪੂਰਨ ਮੰਨਦੇ ਹਨ। ਜਿਵੇਂ ਕਿ ਉਨ੍ਹਾਂ ਨੇ ਕਿਹਾ, "ਜਵਾਨਾਂ ਪ੍ਰਤੀ ਸਾਡੀ ਇਕ ਨੈਤਿਕ ਜ਼ਿਮੇਵਾਰੀ ਹੈ। ਸਾਨੂੰ ਉਨ੍ਹਾਂ ਨੂੰ ਵਧੀਆ ਹਥਿਆਰ ਦੇਣੇ ਚਾਹੀਦੇ ਹਨ। ਜਿਥੇ ਵੀ ਸੰਭਵ ਹੋ ਸਕੇ ਸਾਨੂੰ ਪੈਸਾ ਬਚਾਉਣਾ ਚਾਹੀਦਾ ਹੈ। 30 ਕਰੋੜ ਰੁਪਏ ਨਾਲ ਅਸੀਂ 30 ਟੈਂਕ ਹੋਰ ਖਰੀਦ ਸਕਦੇ ਹਾਂ।" ਦਿਲਚਸਪ ਗੱਲ ਇਹ ਹੈ ਕਿ ਅਤੇ ਜਿਵੇਂ ਕਿ 1980 ਵਿਚ ਮੈਂ ਲਿਖਿਆ ਵੀ ਸੀ, ਪਣਡੁੱਬੀਆਂ ਸਬੰਧੀ ਪੱਛਮੀ ਜਰਮਨੀ ਨਾਲ ਹੋਈ ਗੱਲਬਾਤ ਦੌਰਾਨ ਜਨਤਾ ਸਰਕਾਰ ਨੇ ਸੁਝਾਅ ਰੱਖਿਆ ਸੀ ਕਿ ਪਣਡੁੱਬੀਆਂ ਦੀ ਆਖਰੀ ਕੀਮਤ ਤੈਅ ਕਰਦੇ ਸਮੇਂ ਉਸ ਵਿਚ ਏਨੀ ਕਟੌਤੀ ਕੀਤੀ ਜਾਣੀ ਚਾਹੀਦੀ ਹੈ ਜਿੰਨੀ ਕਿ ਅਜਿਹੇ ਸੌਦੇ ਕਰਦੇ ਸਮੇਂ ਆਮ ਤੌਰ 'ਤੇ ਕਮਿਸ਼ਨ ਦੇ ਰੂਪ ਵਿਚ ਕੀਤੀ ਜਾਂਦੀ ਹੈ। ਦਰਅਸਲ 1978 ਵਿਚ ਉਸ ਸਮੇਂ ਦੇ ਪ੍ਰਧਾਨ ਮੰਤਰੀ ਸ੍ਰੀ ਮੁਰਾਰਜੀ ਡਿਸਾਈ ਨੇ ਫਰੈਂਕਫਰਟ ਹਵਾਈ ਅੱਡੇ 'ਤੇ ਪੱਛਮੀ ਜਰਮਨੀ ਦੇ ਚਾਂਸਲਰ ਸਮਿਥ ਨਾਲ ਪਣਡੁੱਬੀਆਂ ਸਬੰਧੀ ਗੱਲਬਾਤ ਕੀਤੀ ਸੀ। ਪਰ ਬਹੁਤ ਜਲਦੀ ਹੀ ਜਨਤਾ ਸਰਕਾਰ ਟੁੱਟ ਗਈ ਅਤੇ ਇਸ ਮਸਲੇ ਦਾ ਫੈਸਲਾ 1980 ਵਿਚ ਸੱਤਾ ਵਿਚ ਆਉਣ ਤੋਂ ਪਿੱਛੋਂ ਸ੍ਰੀਮਤੀ ਗਾਂਧੀ ਨੂੰ ਕਰਨਾ ਪਿਆ। ਹੁਣ ਜਦੋਂ ਕਿ ਪਣਡੁੱਬੀਆਂ ਦਾ ਮਾਮਲਾ ਜਨ ਸਾਧਾਰਨ ਤਕ ਆ ਚੁੱਕਾ ਹੈ ਤਾਂ ਤੱਥਾਂ ਦੀ ਪੂਰੀ ਤਰ੍ਹਾਂ ਜਾਂਚ ਹੋਣੀ ਚਾਹੀਦੀ ਹੈ ਅਤੇ ਸਾਰੇ ਦੇਸ਼ ਨੂੰ ਇਸ ਦੀ ਜਾਣਕਾਰੀ ਮਿਲਣੀ ਚਾਹੀਦੀ ਹੈ। ਸਮਾਂ ਆ ਚੁੱਕਾ ਹੈ ਕਿ ਸੁਰੱਖਿਆ ਠੇਕਿਆਂ ਦੇ ਸੰਦਰਭ ਵਿਚ ਇਕ ਵਿਸ਼ਵਾਸਯੋਗ ਪ੍ਰਣਾਲੀ ਕਾਇਮ ਕੀਤੀ ਜਾਵੇ। ਰਾਸ਼ਟਰੀ ਸੁਰੱਖਿਆ ਦੇ ਪ੍ਰਸ਼ਨ ਨੂੰ ਲੈ ਕੇ ਕਿਸੇ ਤਰ੍ਹਾਂ ਦਾ ਸਮਝੌਤਾ ਨਹੀਂ ਕੀਤਾ ਜਾ ਸਕਦਾ।




Kuldip S. Jhand

WHEATON
PONTIAC BUICK GMC LTD.

ਤੁਹਾਡੇ ਲਈ ਪੈਸਿਆਂ ਦਾ ਬੰਦੋਬਸਤ ਕੀਤਾ ਜਾਂਦਾ ਹੈ। ਥੋੜੀ ਜਿਹੀ ਡਾਊਨ ਪੇਮੈਂਟ ਦੇ ਸਾਡੇ ਕੋਲੋਂ ਅਸਾਨ ਕਿਸ਼ਤਾਂ ਤੇ ਕਾਰਾਂ ਲਓ

ਅਸੀਂ ਤੁਹਾਡੀਆਂ ਪੁਰਾਣੀਆਂ ਕਾਰਾਂ, ਵੈਨਾਂ ਆਦਿ ਵੀ ਚੰਗੇ ਭਾਅ ਤੇ ਖ੍ਰੀਦਦੇ ਹਾਂ — ਇਕ ਵਾਰ ਦਰਸ਼ਨ ਜ਼ਰੂਰ ਦਿਓ

ਕੁਲਦੀਪ ਸਿੰਘ ਝੰਡ
ਨੂੰ ਮਿਲੋ ਜਾਂ ਫੋਨ ਕਰੋ

Bus. 526-2781
Res. 524-4137
Pager 687-7711 #7610

SUPER BUYS

325 - 12th St., New Westminster, B.C.



ਬੰਬੇ ਸਵੀਟਸ ਮੈਨੂਫੈਕਚਰਰ ਇਨਕ

ਮਠਿਆਈਆਂ ਦੀ ਸਭ ਤੋਂ ਵੱਡੀ ਦੁਕਾਨ!

BOMBAY SWEETS MANUFACTURER INC.

6556 —6560 MAIN (at 49th.Ave.)
VANCOUVER, B.C. V5X 3G9
Tel. (604) 321-1414
Or 874-5722

$2.50 / ਪੌਂਡ ਵਾਲੀਆਂ ਜਲੇਬੀਆਂ $1.49

$2.50 / ਪੌਂਡ ਵਾਲੇ ਲੱਡੂ $1.75

CONTACT:
NARESH SHUKLA & BROS.




# ਇੰਮੀਗਰੇਸ਼ਨ ਦੀਆਂ ਨੀਤੀਆਂ ਤੇ ਸਮਾਚਾਰ

**ਵਲੋਂ : ਬਾਬੂ ਜਿਮ ਨਰਾਇਣ — ਵੈਨਕੂਵਰ**

**ਫ਼ੋਨ : 324-9441**

ਹੁਣੇ ਹੁਣੇ ਲੋਕ ਸਭਾ ਦੀ ਸਥਾਈ ਕਮੇਟੀ ਨੇ ਇਮੀਗਰੇਸ਼ਨ ਬਾਰੇ 59 ਸਿਫਾਰਸ਼ਾਂ ਪਾਰਲੀਮੈਂਟ ਨੂੰ ਪੇਸ਼ ਕੀਤੀਆਂ ਹਨ। ਜਿਨ੍ਹਾਂ ਦਾ ਸਬੰਧ ਪਰਿਵਾਰ ਦੇ ਮੁੜ ਇਕੱਠੇ ਹੋਣ ਦੀਆਂ ਗੱਲਾਂ ਨਾਲ ਹੈ। ਜਿਨ੍ਹਾਂ ਰਾਹੀਂ ਗੁਜ਼ਰ ਕੇ ਲੋਕ ਇਥੋਂ ਦੀ ਇਮੀਗਰੇਸ਼ਨ ਲੈਂਦੇ ਹਨ, ਇਨ੍ਹਾਂ ਸਿਫਾਰਸ਼ਾਂ ਬਾਰੇ ਗੌਰਮਿੰਟ ਦਾ ਰਵਈਆ ਬੜਾ ਹੀ ਸਹਿਯੋਗ ਵਾਲਾ ਹੈ। ਉਨ੍ਹਾਂ ਵਿਚੋਂ ਮੁਖ ਗੱਲਾਂ ਹੇਠ ਲਿਖੀਆਂ ਹਨ।

- ਪਰਵਾਰ ਵਾਲੀ ਕਲਾਸ ਵਿਚ ਜਦੋਂ ਕਿ ਸਾਰੇ ਕਾਗਜ਼ ਪੱਤਰ ਪੂਰੇ ਤੇ ਠੀਕ ਹੋਣ, ਮਾਇਕ ਹਾਲਤ ਨੂੰ ਵੇਖ ਕੇ ਕੈਨੇਡਾ ਵਿਚ ਇੰਟਰਵੀਊ ਨੂੰ ਹਟਾ ਦਿਤਾ ਗਿਆ ਹੈ।
- ਸਪੌਂਸਰ ਕਰਨ ਵਾਲਿਆਂ ਨੂੰ ਇਜਾਜ਼ਤ ਹੋਵੇਗੀ ਕਿ ਆਪਸੀ ਰਿਸ਼ਤੇਦਾਰਾਂ ਨੂੰ ਵਿਦੇਸ਼ ਵਿਚ ਮੁਕੰਮਲ ਪਰਵਾਰਕ ਕਲਾਸ ਵਾਸਤੇ ਇਮੀਗਰੇਸ਼ਨ ਪੈਕਿਜ ਲੈ ਸਕਣਗੇ।
- ਅਰਜ਼ੀ ਦੇਣ ਵਾਲਿਆਂ ਨੂੰ ਵਿਦੇਸ਼ਾਂ ਵਿਚ ਸਾਰੇ ਦਫਤਰਾਂ ਵਿਚੋਂ ਮੁਕੰਮਲ ਫੈਮਿਲੀ ਪੈਕਿਜ ਲੈਣ ਦੀ ਇਜਾਜ਼ਤ ਹੋਵੇਗੀ।
- ਜਦੋਂ ਕਿ ਸਪੌਂਸਰ ਰੁਜ਼ਗਾਰ ਸ਼ੁਦਾ ਹੋਵੇ, ਵਿਦੇਸ਼ਾਂ ਵਿਚਲੇ ਅਫਸਰਾਂ ਨੂੰ ਪਤੀ ਪਤਨੀ ਜਾਂ ਬੱਚਿਆਂ ਦੀ ਅਰਜ਼ੀ ਦਾ ਇਨਕਾਰ ਨਹੀਂ ਕਰਨਾ ਚਾਹੀਦਾ।
- ਮਨਿਸਟਰ ਦੀ ਇਜਾਜ਼ਤ ਨਾਲ ਜੇ ਕੋਈ ਸਪੌਂਸਰ, ਜਿਸਦੇ ਕਿ ਮਾਤਾ ਪਿਤਾ ਵਿਚੋਂ ਕੋਈ ਬੀਮਾਰੀ ਕਰਕੇ ਨਾ ਆ ਸਕਦੇ ਹੋਣ, ਡਾਕਟਰੀ ਖਰਚ ਦੀ ਜ਼ਿੰਮੇਵਾਰੀ ਲੈ ਕੇ ਇਥੇ ਮੰਗਾ ਸਕਦਾ ਹੋਵੇ।
- ਵਿਦੇਸ਼ਾਂ ਵਿਚ ਅਰਜ਼ੀ ਦੇਣ ਵਾਲਿਆਂ ਨੂੰ ਖਾਸ ਹਦਾਇਤਾਂ ਹਨ ਕਿ ਰਿਸ਼ਤੇਦਾਰੀ ਸਿਧ ਕਰਨ ਵਾਲੇ ਕਾਗਜ਼ਾਂ ਦਾ ਘੇਰਾ ਵਧਾ ਦਿਤਾ ਗਿਆ।
- ਰਿਸ਼ਤੇਦਾਰੀ ਸਿਧ ਕਰਨ ਲਈ ਵਿਦੇਸ਼ਾਂ ਵਿਚਲੇ ਅਫਸਰ, ਚਿੱਠੀ ਭਰਨ ਵਾਲਿਆਂ ਵਲੋਂ ਭਰੇ ਹਲਫੀਆ ਬਿਆਨ ਸਰਪੰਚਾਂ, ਜਾਂ ਗੁਰਦੁਆਰਿਆਂ ਵਲੋਂ ਤਸਦੀਕ ਕੀਤਿਆਂ ਨੂੰ ਮਨਜ਼ੂਰ ਕਰ ਲੈਣਗੇ।
- ਵਿਦੇਸ਼ਾਂ ਵਿਚਲੇ ਇਮੀਗਰੇਸ਼ਨ ਅਫਸਰਾਂ ਨੂੰ ਉਤਸ਼ਾਹਿਤ ਕੀਤਾ ਜਾਵੇਗਾ ਕਿ ਇਮੀਗਰੇਸ਼ਨ ਕਾਨੂੰਨ ਅਤੇ ਅਰਜ਼ੀ-ਕਾਰਵਾਈ ਦੀ ਵਿਧੀ ਸਿਖਣ।

## ਪਰਿਵਾਰਕ ਵਰਗ ਵਿਚ ਮੈਂਬਰਸ਼ਿਪ ਅਤੇ ਪਹਿਲ

(ੳ) ਵਰਤਮਾਨ ਪਰਿਵਾਰਕ ਅਤੇ ਸਹਾਇਕ ਰਿਸ਼ਤੇਦਾਰਾਂ ਦੇ ਵਰਗ ਨੂੰ ਪਰਿਵਾਰਕ, ਸਹਾਇਕ ਪਰਿਵਾਰ ਤੇ ਸਹਾਇਕ ਰਿਸ਼ਤੇਦਾਰਾਂ ਦੇ ਤੌਰ ਤੇ ਜਾਣਿਆ ਜਾਵੇ।

(ਅ) ਪਰਵਾਰ ਦੇ ਵਰਗ ਵਿਚ ਪਤੀ ਪਤਨੀ ਜਾਂ ਬੱਚੇ, ਯਤੀਮ, ਅਡਾਪਟ ਕੀਤੇ ਬੱਚੇ ਤੇ ਬਿਧਵਾ ਮਾਪੇ, ਬੱਚਿਆਂ ਤੋਂ ਬਿਨਾਂ ਆਉਣ ਵਾਲੇ ਮਾਪੇ ਅਤੇ ਮੰਗੇਤਰ ਹੋਣੇ ਚਾਹੀਦੇ ਹਨ।

(ੲ) ਸਹਾਇਕ ਪਰਿਵਾਰਕ ਵਰਗ ਦੀਆਂ ਅਰਜ਼ੀਆਂ ਨੂੰ ਸੋਧੇ ਹੋਏ ਪੁਆਇੰਟ ਸਿਸਟਿਮ ਮੁਤਾਬਕ ਗੌਰ ਅਧੀਨ ਲਿਆ ਜਾਣਾ ਚਾਹੀਦਾ ਹੈ। ਨੇੜੇ ਦੇ ਰਿਸ਼ਤੇਦਾਰਾਂ ਵਾਸਤੇ ਵਾਧੂ ਪੁਆਇੰਟ ਦੇਣੇ ਚਾਹੀਦੇ ਹਨ।

(ਸ) ਸਹਾਇਕ ਰਿਸ਼ਤੇਦਾਰਾਂ ਦੇ ਵਰਗ ਵਿਚ ਮਾਮੇ, ਚਾਚੇ, ਤਾਏ, ਤੇ ਮਾਸੜ ਅਤੇ ਮਾਮੀਆਂ, ਚਾਚੀਆਂ, ਤਾਈਆਂ ਤੇ ਮਾਸੀਆਂ ਅਤੇ ਭਤੀਜੀ, ਭਾਣਜੀ, ਭਤੀਜੇ, ਭਾਣਜੇ ਤੇ ਪੋਤਰੀਆਂ ਤੇ ਪੋਤੇ ਸ਼ਾਮਲ ਕੀਤੇ ਜਾਣੇ ਚਾਹੀਦੇ ਹਨ।

(ਹ) ਜੇ ਤੁਹਾਡਾ ਕੋਈ ਭਰਾ ਜਾਂ ਭੈਣ 21 ਸਾਲ ਤੋਂ ਉਪਰ ਹੋਵੇ, ਨਵੀਂ ਸੁਖਾਲੀ ਕੀਤੀ ਪਾਲਸੀ ਅਨੁਸਾਰ ਕੈਨੇਡਾ ਆਉਣਾ ਚਾਹੀਦਾ ਹੈ।

ਹੋਰ ਜਾਣਕਾਰੀ ਲਈ, ਇਮੀਗਰੇਸ਼ਨ ਦੇ ਨਵੇਂ ਤੇ ਪੁਰਾਣੇ ਕਾਨੂੰਨ ਪਤਾ ਕਰਨ ਲਈ ਹਰ ਹਫਤੇ ਕੈਨੇਡਾ ਦਰਪਣ ਪੜ੍ਹੋ ਜਾਂ ਬਾਬੂ ਜਿਮ ਨਰਾਇਣ ਨੂੰ ਫੋਨ ਕਰੋ:

# ਇੰਮੀਗਰੇਸ਼ਨ ਬਾਰੇ ਮੁਫ਼ਤ ਸਲਾਹ ਮਸ਼ਵਰਾ

**BABU JIM NARAIN** of James, Sue & Company who has 18 years of experience on Immigration and Citizenship matters with top Immigration Lawyers.

5024 Victoria Drive, Vancouver, B.C. V5P 3T8

**Evening Office : 433-4685**

**Tel: Off. 324-9441**


# Business Financial Planning



How can I ensure that in the future my estate will have the necessary liquidity to meet outstanding debts, taxes, etc.?

Estate Analysis

**Taking Care of Your Family and Business**



What about a basic benefits package for my employees?

Group Insurance

**Recruiting and Retaining Key Employees**



How can I increase my retirement benefits?

Registered Retirement Savings Plan

**Affordable Retirement Packages for You and Your Employees**

**Find Out More About The Plan(s) That Interest You Call Your Financial Planner and Complete Brokerage Service:**



**Sudesh Kalia**

**Bus: (604) 685-9335**

**Res: (604) 254-5837**

ASSURING BRIGHT FINANCIAL FUTURES

NORTH AMERICAN LIFE

#320 - 815 W. Hastings Street
VANCOUVER, B.C. V6C 2W1

# ''ਖਾਲਿਸਤਾਨੀਆਂ ਦੀ ਨਸ਼ਿਆਂ ਵਿਰੋਧੀ ਮੁਹਿੰਮ''

ਲਾਭ ਸਿੰਘ ਅਕਲੀਆ

ਜਦੋਂ ਤੋਂ ਪੰਜਾਬ ਦੀ ਫਿਜ਼ਾ ਅੰਦਰ ਪਿਛਲੇ ਸਮੇਂ ਤੋਂ ਫਿਰਕਾ-ਪ੍ਰਸਤੀ ਦੇ ਬੱਦਲ ਛਾਏ ਹੋਏ ਨੇ,ਹਰ ਨਵੇਂ ਦਿਨ ਨਿਰਦੋਸ਼ ਲੋਕਾਂ ਦੇ ਕਤਲੇਆਮ ਤੇ ਲੁੱਟ-ਖਸੁੱਟ ਸਾਧਾਰਣ ਜਨਤਾ ਦਾ ਜੀਣਾ ਹੋਰ ਵੀ ਦੁੱਭਰ ਕਰ ਛੱਡਿਆ ਏ। ਦੂਜੇ ਪਾਸੇ ਰਾਜ-ਸੱਤਾ ਤੇ ਬਿਰਾਜਮਾਨ ਹਾਕਮ ਜਮਾਤ ਵਲੋਂ ਖਾਲਿਸਤਾਨੀਆਂ ਦੀ ਇਸ ਚਾਲ ਨੂੰ ਨਾਕਾਮ ਬਣਾਉਣ ਦੇ ਮਨਸ਼ੇ ਨਾਲ ਵੇਖ ਵੇਖ ਢੰਗ ਤਰੀਕੇ ਅਪਣਾਕੇ,ਝੂਠੇ ਪੁਲਿਸ ਮੁਕਾਬਲੇ ਘੜਕੇ ਆਪਣਾ ਫਿਰਕਾਪ੍ਰਸਤੀ ਵਿਰੋਧੀ ਬੁਰਕਾ ਪਾਕੇ ਰੱਖ ਰਹੀ ਹੈ।

ਖਾਲਿਸਤਾਨੀਆਂ ਵਲੋਂ ਇਸ ਲੜਾਈ 'ਚੋਂ ਜਿੱਤਕੇ ਨਿਕਲਣ ਲਈ ਤੇ ਆਪਣੇ ਸੌੜੇ ਮਨਸੂਬਿਆਂ ਦੀ ਪ੍ਰਾਪਤੀ ਲਈ ਅੱਕੀ-ਪਲਾਹੀ ਹੱਥ-ਪੈਰ ਮਾਰੇ ਜਾ ਰਹੇ ਨੇ। ਪਿਛਲੇ ਕੁਝ ਸਮੇਂ ਤੋਂ ਅਖਬਾਰਾਂ ਜਾਂ ਆਪਣੇ ਪ੍ਰਚਾਰ ਮਾਧਿਅਮ ਰਾਹੀਂ,ਆਮ ਕਰਕੇ ਅਤੇ ਪੰਜਾਬ ਦੇ ਕੁਝ ਇਲਾਕਿਆਂ 'ਚ ਖਾਸ ਕਰਕੇ ਜੀਪਾਂ-ਟਰੱਕਾਂ ਤੇ ਲਾਊਡ ਸਪੀਕਰ ਟੰਗਕੇ ਅਤੇ ਕਾਨਫਰੰਸਾਂ ਰਾਹੀਂ ਇਹ ਐਲਾਨ ਕੀਤਾ ਗਿਆ ਕਿ,'ਪਿੰਡ ਜਾਂ ਸ਼ਹਿਰ 'ਚ ਕੋਈ ਵੀ ਦੁਕਾਨਦਾਰ ਬੀੜੀ,ਸਿਗਰਟ,ਜਰਦਾ ਵੇਚਣਾ ਬੰਦ ਕਰ ਦੇਣ,ਬੀੜੀਆਂ-ਸਿਗਰਟਾਂ ਪੀਣ ਵਾਲੇ ਸਿੱਖ ਦੇ ਪੁੱਤ ਨਹੀਂ,ਜਿਹੜੇ ਅਜਿਹਾ ਕੁਝ ਕਰਨਗੇ,ਉਨ੍ਹਾਂ ਦੇ ਨਾਲ ਵੀ.....ਮੁਆਫ ਨਹੀਂ.....।''ਪਿਛਲੇ ਕੁਝ ਸਮੇਂ ਤੋਂ ਸ਼ਰਾਬ ਤੇ ਪਾਬੰਦੀ ਦੀਆਂ ਵੀ ਮੋਟੀਆਂ ਸੁਰਖੀਆਂ ਲਗਦੀਆਂ ਆ ਰਹੀਆਂ ਨੇ।

ਇਕੱਲਾ ਪੰਜਾਬ ਹੀ ਨਹੀਂ ਸਗੋਂ ਸਮੁੱਚੇ ਹਿੰਦੁਸਤਾਨ ਦੇ ਹੱਡ-ਭੰਨਵੀਂ ਕਮਾਈ ਕਰਨ ਵਾਲੇ ਲੋਕਾਂ ਦੀ ਵੱਡੀ ਗਿਣਤੀ,ਖਾਸ ਕਰਕੇ ਨੌਜਵਾਨ ਵਰਗ ਇਸ ਚੰਦਰੀ ਸੂਤ ਦੀ ਬੀਮਾਰੀ ਦਾ ਸ਼ਿਕਾਰ ਹੋਏ ਪਏ ਨੇ ਸ਼ਹਿਰਾਂ ਦੇ ਲੋਕ ਇਸਤੋਂ ਵੀ ਵੱਧ ਨਸ਼ਿਆਂ ਦੀਆਂ ਗੋਲੀਆਂ,ਹੀਰੋਇਨ,ਗਾਂਜਾ,ਸੁਲਫਾ ਆਦਿ ਦੀਆਂ ਨਸ਼ੀਲੀਆਂ ਚੀਜ਼ਾਂ ਦਾ ਪ੍ਰਯੋਗ ਕਰ ਰਹੇ ਨੇ। ਗੱਲ ਕੀ ਇਨ੍ਹਾਂ ਭਿਆਨਕ ਨਸ਼ਿਆਂ ਨੇ,ਖੇਡਾਂ ਦੇ ਅਖਾੜੇ,ਪਿਆਰ ਮੁਹੱਬਤ,ਸਤਿਕਾਰ,ਕੁਰਬਾਨੀ ਮਰ-ਮਿਟਣ ਦਾ ਜਜ਼ਬਾ ਖੋਹਕੇ ਮਨੁੱਖਤਾ ਵਿਚ ਸੁਡੌਲ ਸਰੀਰਾਂ ਦੀ ਥਾਂ ਸੁੱਕੇ ਪਿੰਜਰ ਨਫਰਤ,ਦੁਸ਼ਮਣੀ,ਗਰੀਬੀ,ਆਲਸ ਆਦਿ ਪੈਦਾ ਕਰ ਦਿਤੀ ਹੈ। ਇਨ੍ਹਾਂ ਭਿਆਨਕ ਬੀਮਾਰੀਆਂ ਤੋਂ ਥੋੜ੍ਹੀ ਬਹੁਤੀ ਸੋਝੀ-ਰੱਖਣ ਵਾਲਾ ਹਰ ਉਹ ਵਿਅਕਤੀ ਬੁਰੀ ਤਰ੍ਹਾਂ ਦੁਖੀ ਵੀ ਹੈ ਤੇ ਇਨ੍ਹਾਂ ਨਸ਼ਿਆਂ ਦੇ ਖਾਤਮੇ ਲਈ ਕੋਸ਼ਿਸ਼ਾਂ ਨੂੰ ਫਲ-ਲੱਗਣਾ ਹਾਲ ਦੀ ਘੜੀ ਨਾ-ਮੁਮਕਿਨ ਵਾਲੀ ਗੱਲ ਹੀ ਹੈ।

ਇਸ ਸਵਾਲ ਨੂੰ ਜੇਕਰ ਇਤਿਹਾਸਕ ਪੱਖ ਤੋਂ ਫਰੋਲਿਆ ਜਾਵੇ ਤਾਂ ਹਰ ਜਣਾਂ ਸਮਝ ਜਾਵੇਗਾ,ਕਿ ਨਸ਼ਿਆਂ ਦੀ ਵਧਦੀ ਜਾ ਰਹੀ ਵਰਤੋਂ,ਕੋਈ ਅਚਨਚੇਤ ਵਾਪਰੀ ਘਟਨਾ ਨਹੀਂ,ਸਗੋਂ ਲੰਮੇ ਇਤਿਹਾਸਕ ਸਮੇਂ ਨਾਲ ਜੁੜੀ ਹੋਈ ਲੁਟੇਰਿਆਂ ਹਾਕਮ ਜਮਾਤਾਂ ਦੀ ਸੋਚੀ ਸਮਝੀ ਚਾਲ ਹੈ। ਜਿਸਨੂੰ ਮੁੱਖ ਰੂਪ'ਚ ਸਾਡੇ ਮੁਲਕ ਦੀ ਆਰਥਿਕਤਾ ਨਿਰਧਾਰਿਤ ਕਰਦੀ ਹੈ। ਭਾਵੇਂ ਸਮਾਜਿਕ,ਧਾਰਮਿਕ ਤੇ ਰਾਜਨੀਤਕ ਹੋਰ ਫੈਕਟਰ ਵੀ ਹਨ,ਜੋ ਇਸਨੂੰ ਆਮ ਰੂਪ'ਚ ਪ੍ਰਭਾਵਿਤ ਕਰ ਰਹੇ ਨੇ। ਸਦੀਆਂ ਤੋਂ ਹਿੰਦੁਸਤਾਨ ਦੇਸੀ ਤੇ ਬਿਦੇਸ਼ੀ ਜਰਵਾਣਿਆਂ ਦੀ ਲੁੱਟ-ਖਸੁੱਟ ਦਾ ਸ਼ਿਕਾਰ ਰਿਹਾ। ਜਿਨ੍ਹਾਂ ਨੇ ਇਥੋਂ ਦੇ ਲੋਕਾਂ ਦੀ ਆਰਥਿਕ ਲੁੱਟ ਕਰਨ,ਵੱਧ ਮੁਨਾਫਾ ਕਮਾਉਣ,ਘੱਟ ਉਜਰਤ ਦੇਣ ਤੱਕ ਹੀ ਸੀਮਿਤ ਰੱਖਿਆ। ਜਿਸਦੇ ਫਲਸਰੂਪ ਲੋਕ ਦਿਨੋ-ਦਿਨ ਗਰੀਬੀ ,ਮਹਿੰਗਾਈ,ਬੇਰੁਜ਼ਗਾਰੀ,ਕੰਗਾਲੀ, ਭੁੱਖਮਰੀ,ਅਨਪੜ੍ਹਤਾ ਦਾ ਸ਼ਿਕਾਰ ਹੋ ਗਏ। ਮਿਹਨਤੀ ਲੋਕਾਂ ਨੂੰ ਨਿੱਤ ਵਰਤੋਂ ਦੀਆਂ ਚੀਜ਼ਾਂ ਮਹਿੰਗੇ ਭਾਅ ਖਰੀਦਣ ਲਈ,ਵਿਆਹ,ਸ਼ਾਦੀਆਂ ਤੇ ਕੀਤੇ ਖਰਚਾਂ ਨੇ ਕਰਜ਼ਿਆਂ ਦੀ ਪੰਡ ਦੇ ਥੱਲੇ ਲੈ ਲਿਆ। ਮਜ਼ਦੂਰਾਂ ਤੇ ਕਿਸਾਨਾਂ ਨੂੰ ਦਿਨੋ ਦਿਨ ਵੱਧ ਰਹੀ ਗਰੀਬੀ ''ਭੂਤ''ਬਣਕੇ ਡਰਾ ਰਹੀ ਹੈ। ਜਿਨ੍ਹਾਂ ਨੂੰ ਖਾਣ-ਪੀਣ ਵਾਸਤੇ ਦੁੱਧ-ਘਿਉ ਮਿਲਣਾ ਨਸੀਬ ਨਾ ਹੋ ਸਕਿਆ। ਜਿਹੜੇ ਮਜ਼ਦੂਰ ਆਪਣੇ ਸਿਰ ਤੋਂ ਕਰਜ਼ਿਆਂ ਦੀ ਪੰਡ ਲਾਹੁਣ ਵਾਸਤੇ,ਲਗਾਤਾਰ 24 ਘੰਟੇ ਕੰਮ ਕਰਦੇ ਨੇ,ਜਿਨ੍ਹਾਂ ਲੋਕਾਂ ਨੂੰ ਚੰਗਾ ਖਾਣਾ-ਪੀਣਾ,ਪਹਿਨਣਾ-ਹੰਢਾਉਣਾ,ਮਨੋਰੰਜਨ ਦੇ ਸਾਧਨ ਨਸੀਬ ਨਾ ਹੋਣ ! ਕੀ ਉਹ ਲੋਕ ਆਪਣੇ ਦਿਮਾਗ ਦੀ ਸੰਤੁਸ਼ਟੀ ਦੇ ਵਾਸਤੇ ਨਸ਼ਿਆਂ ਦਾ ਪ੍ਰਯੋਗ ਕਿਉਂ ਨਹੀਂ ਕਰਨਗੇ ? ਜਿਨ੍ਹਾਂ ਕੋਲ ਧੀ ਦੇ ਵਿਆਹ ਲਈ,ਬੀਮਾਰੀ ਦੇ ਇਲਾਜ ਲਈ,ਬੱਚਿਆਂ ਦੀ ਪੜ੍ਹਾਈ ਵਾਸਤੇ ਲੋੜਾਂ ਅਨੁਸਾਰ ਪੈਸਾ ਨਾ ਹੋਵੇ,ਘਰ ਦੀਆਂ ਕਬੀਲਦਾਰੀਆਂ 'ਚ ਲੜਾਈ ਝਗੜੇ ਪੈਦਾ ਹੋ ਰਹੇ ਹੋਣ। ਅਜਿਹੀ ਹਾਲਤ 'ਚ ਸਟੇਟ ਪਾਵਰ ਦੇ ਖਿਲਾਫ ਗੁੱਸਾ ਅਤੇ ਲਾਵਾ ਉਠਣਾ ਸੁਭਾਵਿਕ ਹੈ। ਇਸ ਗੁੱਸੇ ਅਤੇ ਲਾਵੇ ਨੂੰ ਠੰਢਾ ਕਰਨਾ (ਵਰਤਣਾ) ਲੁਟੇਰੀ ਜਮਾਤ ਦੀ ਇਹ ਲੋੜ ਹੈ ਕਿ ਲੋਕਾਂ ਨੂੰ ਇਨ੍ਹਾਂ ਨਸ਼ਿਆਂ ਦਾ ਆਦੀ ਬਣਾਕੇ ਉਨ੍ਹਾਂ ਦੀ ਬੌਧਿਕ ਚੇਤਨਤਾ ਨੂੰ ਖੁੰਡਾ ਕਰਕੇ ਰੱਖਿਆ ਜਾਵੇ,ਜਿਨ੍ਹਾਂ 'ਚ ਮੁਗਧ ਹੋਕੇ ਲੋਕ ਗਰੀਬੀ,ਮਹਿੰਗਾਈ ਤੇ ਬੇਰੁਜ਼ਗਾਰੀ ਵਰਗੀਆਂ ਬੀਮਾਰੀਆਂ ਦੀ ਜੜ੍ਹ ਬਾਰੇ ਨਾ ਸੋਚ ਸਕਣ।

ਨਸ਼ਿਆਂ ਤੋਂ ਤੰਗ ਆਕੇ ਸਾਧਾਰਨ ਲੋਕਾਂ ਨੂੰ ਖਾਲਿਸਤਾਨੀਆਂ ਦੀ ਨਸ਼ਿਆਂ ਵਿਰੋਧੀ ਮੁਹਿੰਮ ਇਕ ਹੱਦ ਤੱਕ ਜ਼ਰੂਰ ਚੰਗੀ ਲਗਦੀ ਹੋਣੀ ਐ। ਪਰ ਇਸਦਾ ਅਸਲ ਮਨੋਰਥ ਨਸ਼ਿਆਂ ਵਿਰੋਧੀ ਜਾਂ ਅਜਿਹੀਆਂ ਹਾਲਤਾਂ ਵਿਰੋਧੀ ਨਹੀਂ ਜੋ ਨਸ਼ਿਆਂ ਨੂੰ ਪੈਦਾ ਕਰਦੀਆਂ ਨੇ। ਸਗੋਂ ਇਸ ਮਸਲੇ ਨਾਲ ਜੋੜਕੇ ਆਮ ਲੋਕਾਂ 'ਚ ਹਿੰਦੂਆਂ ਪ੍ਰਤੀ ਜਨੂੰਨ ਪੈਦਾ ਕਰਨਾ ਹੈ,ਜਿਹੜੇ ਪੰਜਾਬ ਵਿਚ ਮੁੱਖ ਤੌਰ ਤੇ ਤੰਬਾਕੂ ਵਿਕਰੇਤਾ ਦਾ ਕੰਮ ਕਰ ਰਹੇ ਨੇ। ਇਸ ਲਈ ਖਾਲਿਸਤਾਨੀ ਆਪਣਾ ਮੁੱਖ ਨਿਸ਼ਾਨਾ ਇਥੋਂ ਦੇ ਪਿਛਾਖੜੀ ਸਮਾਜਿਕ ਪ੍ਰਬੰਧ ਨਹੀਂ,ਬਲਕਿ ਇਥੋਂ ਦੇ ਹਿੰਦੂ ਲੋਕਾਂ ਨੂੰ ਸਮਝਦੇ ਹਨ। ਇਸ ਨਾਲ ਹਿੰਦੂ-ਸਿੱਖਾਂ 'ਚ ਪਾੜਾ ਵੀ ਵਧੇਗਾ ਤੇ ਹਿੰਦੂ ਤਬਕੇ ਦੇ ਆਰਥਿਕ ਹਿੱਤਾਂ ਤੇ ਵੀ ਸੱਟ ਵਜੇਗੀ। ਜਿਥੋਂ ਤੱਕ ਪੰਜਾਬ 'ਚ ਸ਼ਰਾਬ ਦੀ ਵਿਕਰੀ ਤੇ ਪਾਬੰਦੀ ਦਾ ਸੁਆਲ ਹੈ। ਸ਼ਰਾਬ ਦਾ ਪ੍ਰਯੋਗ ਇਕੱਲੇ ਪੇਂਡੂ ਲੋਕ ਹੀ ਨਹੀਂ ਕਰਦੇ ਸਗੋਂ ਅਕਾਲੀ ਸਿਆਸਤ ਨਾਲ ਬੱਝੇ ਦਰਜਨਾਂ ਅਖੌਤੀ ਲੀਡਰ ਤੇ ਵਿਧਾਇਕਾਂ ਸਮੇਤ ਕਿੰਨੇ ਹੀ ਸਰਮਾਏਦਾਰ,ਧਨਾਢ ਚੌਧਰੀ,ਜਿਹੜੇ ਮਿਹਨਤੀ ਲੋਕਾਂ ਦੀ ਖੂਨ-ਪਸੀਨੇ ਦੀ ਕਮਾਈ ਦੇ ਜ਼ਰੀਏ ਲਿਟਰਾਂ ਦੇ ਲਿਟਰ ਸ਼ਰਾਬਾਂ ਪੀਣ ਦੀ ਸਮਰੱਥਾ ਰੱਖਦੇ ਨੇ। ਕੀ ਅਜਿਹੇ ਲੋਕ ਜਿਨ੍ਹਾਂ ਦਾ ਬਕਾਇਦਾ ਪੰਜਾਬ ਦੀ ਰਾਜ-ਮਸ਼ੀਨਰੀ ਦੇ ਵਿਚ ਪੂਰਾ 2 ਹੱਥ ਹੈ ਕਿਵੇਂ ਸ਼ਰਾਬ ਤੇ ਪਾਬੰਦੀ ਲਗਵਾ ਸਕਦੇ ਨੇ।

ਇਸ ਲਈ ਉਪਰੋਕਤ ਨੂੰ ਸਮਝਕੇ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਖਾਲਿਸਤਾਨੀਆਂ ਦਾ ਮਕਸਦ ਸਮਾਜ ਵਿਚੋਂ ਨਸ਼ਿਆਂ ਵਰਗੀਆਂ ਭਿਆਨਕ ਬੀਮਾਰੀਆਂ ਦਾ ਖਾਤਮਾ ਕਰਨਾ ਨਹੀਂ,ਸਗੋਂ ਹਰ ਢੰਗ-ਤਰੀਕਾ ਅਪਣਾਕੇ ਫਿਰਕੂ ਪਾੜਾ ਹੋਰ ਤੇਜ਼ ਕਰਨਾ ਹੈ। ਦੂਜੀ ਗੱਲ ਇਹ ਹੈ ਕਿ ਜਿੰਨਾ ਚਿਰ ਲੁਟੇਰਿਆਂ ਦੀ ਤਰਜ਼ ਤੇ ਉਸਰੇ ਇਸ ਪਿਛਾਖੜੀ ਪ੍ਰਬੰਧ ਨੂੰ ਤਹਿਸ ਨਹਿਸ਼ ਨਹੀਂ ਕੀਤਾ ਜਾਂਦਾ,ਜਿਹੜਾ ਸਮਾਜ 'ਚ ਨਸ਼ਿਆਂ ਨੂੰ ਜਨਮ ਦਿੰਦਾ ਹੈ,ਲੁੱਟ-ਖਸੁੱਟ,ਰਿਸ਼ਵਤ ਖੋਰੀ,ਬਲੈਕ,ਠੱਗੀ-ਚੋਰੀ,ਗਰੀਬੀ ਮਹਿੰਗਾਈ ਤੇ ਬੇਰੁਜ਼ਗਾਰੀ ਆਦਿ ਵਰਗੀਆਂ ਅਨੇਕਾਂ ਸਮੱਸਿਆਵਾਂ ਨੂੰ ਜਨਮ ਦਿੰਦਾ ਹੈ। ਇਸ ਪ੍ਰਬੰਧ ਨੂੰ ਬੁਨਿਆਦੀ ਤੌਰ ਤੇ ਖਤਮ ਕਰਨ ਲਈ ਤੇ ਇਸ ਦੀਆਂ ਜੜ੍ਹਾਂ ਨੂੰ ਸਮਝੇ ਤੋਂ ਬਗੈਰ,ਦਹਿਸ਼ਤ ਰਾਹੀਂ ਪਿੰਡਾਂ-ਸ਼ਹਿਰਾਂ ਚੋਂ ਤੰਬਾਕੂ ਦੀ ਵਰਤੋਂ ਨੂੰ ਕਿਸੇ ਵੀ ਤਰ੍ਹਾਂ ਖਤਮ ਨਹੀਂ ਕੀਤਾ ਜਾ ਸਕਦਾ ਭਾਵੇਂ ਵਕਤੀ ਤੌਰ ਤੇ ਲੱਖ ਆਸਾਂ ਬਝਦੀਆਂ ਰਹਿਣ।

ਸੋ ਖਾਲਿਸਤਾਨੀਆਂ ਦੀ ਨਸ਼ਿਆਂ ਵਿਰੋਧੀ ਮੁਹਿੰਮ ਦਾ ਉਦੋਂ ਤੱਕ ਕੋਈ ਅੰਤਿਮ ਸਿੱਟਾ ਨਹੀਂ ਨਿਕਲੇਗਾ,ਜਿੰਨਾ ਚਿਰ ਆਮ ਜਨ-ਸਾਧਾਰਨ ਨੂੰ ਇਸ ਪ੍ਰਬੰਧ ਬਾਰੇ ਪੂਰੀ ਤਰ੍ਹਾਂ ਚੇਤੰਨ ਨਹੀਂ ਕੀਤਾ ਜਾ ਸਕਦਾ,ਉਦੋਂ ਤੱਕ ਭਾਵੇਂ ਕਿੰਨੇ ਵੀ ਦਹਿਸ਼ਤ ਦੇ ਬੱਦਲ ਛਾਏ ਰਹਿਣ।

**(ਸਮਤਾ ਦੇ ਧੰਨਵਾਦ ਸਹਿਤ)**

## ਪਤਨੀ ਨੇ ਪਤੀ ਦੀ ਲਾਸ਼ ਦੀ ਭੁਰਜੀ ਬਣਾਈ

ਸਿੰਘਾਪੁਰ——ਇਥੋਂ ਦੀ ਇਕ ਅਦਾਲਤ ਵਿਚ ਇਕ ਔਰਤ ਨੂੰ ਪੇਸ਼ ਕੀਤਾ ਗਿਆ ਜਿਸ ਨੇ ਆਪਣੇ ਸ਼ਰਾਬੀ ਪਤੀ ਨੂੰ ਆਪਣੇ ਤਿੰਨ ਭਰਾਵਾਂ ਦੀ ਮੱਦਦ ਨਾਲ ਕਤਲ ਕੀਤਾ ਤੇ ਫਿਰ ਲਾਸ਼ ਦੇ ਟੁਕੜੇ ਕਰ ਕੇ ਉਸ ਦਾ ਮਸੀਣਾ (ਭੁਰਜੀ) ਬਣਾਇਆ ਤੇ ਬੋਰੀ ਵਿਚ ਬੰਦ ਕਰ ਕੇ ਕੂੜੇ ਵਿਚ ਸੁੱਟ ਦਿੱਤਾ। ਮੁਲਜ਼ਮਾਂ ਵਿਚ ਇਕ ਕਸਾਈ ਵੀ ਸ਼ਾਮਲ ਹੈ। ਪਤੀ ਦਾ ਨਾਂ ਮਿ. ਮੋਥੇ ਸੀ। ਘਟਨਾ 1984 ਦੀ ਹੈ। ਪਤਨੀ ਰਾਮੀਆ ਨਾਰਾਗਾਥਾ ਨੇ ਆਪਣੇ ਭਰਾ ਸ਼ਨਮੋਗਾਮ ਚੰਦਰ, ਰਥਾ ਕ੍ਰਿਸ਼ਨਨ ਅਤੇ ਰਾਮੀਆ ਕ੍ਰਿਸ਼ਨਨ ਨੇ ਅਦਾਲਤ ਵਿਚ ਆਪਣਾ ਪੱਖ ਹਾਲਾਂ ਪੇਸ਼ ਕਰਨਾ ਹੈ ਪਰ ਪਤਨੀ ਨੇ ਕਿਹਾ ਕਿ ਉਸ ਦਾ ਪਤੀ ਹਰ ਸਮੇਂ ਸ਼ਰਾਬ ਪੀ ਕੇ ਉਸ ਨੂੰ ਮਾਰ ਕੁੱਟ ਕਰਦਾ ਸੀ। ਉਹ ਉਸ ਤੋਂ ਛੁਟਕਾਰਾ ਚਾਹੁੰਦੀ ਸੀ।

ਪੰਨਾ 31 ਦੀ ਬਾਕੀ

ਵਿਆਹ ਹੋ ਗਿਆ ਤਾਂ ''ਕੋਠਾ ਉਸਰਿਆ ਤੇ ਤਰਖਾਣ ਵਿਸਰਿਆ''ਵਾਲੀ ਗੱਲ ਹੋਣੀ ਹੈ। ਉਹ ਇਹ ਸੋਚਦੇ ਹਨ ਕਿ ਵਿਆਹ ਦਾ ਦਿਨ ਅੱਗੇ ਪਾਉਣ ਵਿਚ ਹੀ ਫਾਇਦਾ ਹੈ। ਉਦੋਂ ਤੱਕ ਜਿਹੜਾ ਲਾਹਾ ਲੈਣਾ ਹੈ ਲੈ ਲਵੋ। ਜੇ ਲੜਕਾ ਤੇ ਘਰ ਦੇ ਸ਼ਰੀਫ ਸ਼੍ਰੇਣੀ ਦੇ ਹੋਣ ਤਾਂ ਵੱਧ ਤੋਂ ਵੱਧ ਉਨ ਲਾਹ ਲੈਂਦੇ ਹਨ। ਕਦੇ ਕਹਿਣਗੇ,''ਸਾਡੀ ਜ਼ਮੀਨ ਵਾਹ ਦਿਓ''ਕਦੇ ਕਹਿਣਗੇ ''ਸਾਡੇ ਪੱਠਿਆਂ ਨੂੰ ਪਾਣੀ ਲਾਇਐ ਤੁਹਾਡਿਉਂ ਹੀ ਵੱਡ ਲਿਆਉਂਦੇ ਹਾਂ।''ਵਿਚੋਲਾ ਬਣਨ ਦਾ ਸੇਵਾ ਫਲ ਇਤਨਾ ਵਧਦਾ ਵੇਖਕੇ ਮੁੰਡੇ ਵਾਲੇ ਜਲਦੀ ਵਿਆਹ ਪੱਕਾ ਕਰਨ ਲਈ ਜ਼ੋਰ ਪਾਉਂਦੇ ਰਹਿਦੇ ਹਨ।

ਢੀਠਾਂ ਦਾ ਮੁੱਖ ਅਸੂਲ ਇਹ ਹੁੰਦਾ ਹੈ ਕਿ ਅਗਲੇ ਬੰਦੇ ਨੂੰ ਮੂਰਖ ਜਾਣਕੇ ਜਦ ਤੱਕ ਗੱਡੀ ਚਲਦੀ ਹੈ ਚਲਾਈ ਜਾਵੋ। ਅਗਲਾ ਕਿਹੜਾ ਦਿਮਾਗ ਨੀ ਰੱਖਦਾ,ਉਹ ਕਿਸੇ ਹੱਦ ਤੀਕਰ ਸਹਿਣ ਕਰੀ ਜਾਂਦਾ ਹੈ ਪਰ ਜਦ ਪਾਣੀ ਸਿਰ ਤੋਂ ਲੰਘ ਜਾਂਦਾ ਹੈ ਤਾਂ ਉਹ ਢੀਠ ਆਦਮੀ ਨੂੰ ਜੋਕ ਵਾਂਗ ਤੋੜਕੇ ਪਰਾਂ ਵਗਾਹ ਮਾਰਦਾ ਹੈ। ਢੀਠ ਆਦਮੀ ਆਪਣੀ ਆਦਤ ਤੋਂ ਬਾਜ਼ ਨਹੀਂ ਆਉਂਦੇ ਤੇ ਕੋਈ ਹੋਰ ਦਰ ਮੱਲ ਲੈਂਦੇ ਹਨ।

TICKETS TO ANYWHERE

GABA TRAVELS

ਤੁਹਾਡੇ ਰਿਸ਼ਤੇਦਾਰਾਂ, ਦੋਸਤਾਂ ਤੇ ਆਪਣੇ ਲਈ ਹਮੇਸ਼ਾਂ ਸਾਨੂੰ ਯਾਦ ਕਰੋ। ਅਸੀਂ ਵਾਜਬ ਕਿਰਾਏ ਤੇ ਵਧੀਆ ਸੇਵਾਵਾਂ ਦੀ ਗਰੰਟੀ ਦਿੰਦੇ ਹਾਂ।

MANOHAR LAL GABA
GET HELP IN INDIA AT
NUR MAHAL PH: 49
JULLUNDUR PH: 74597
NEW DELHI PH: 44165
JANDIALA (JULLUNDUR)
MOGA (FAREEDKOT)

6612, MAIN ST. VANCOUVER, B. C.
Phone 324-3336




# ਮੈਨੂੰ ਗਰੂਰ ਨਹੀਂ ਫਖਰ ਹੈ—ਮਿਤਲ



ਮੇਹਰ ਮਿੱਤਲ

ਪੰਜਾਬੀ ਫਿਲਮਾਂ ਦੇ ਹਾਸ-ਅਭਿਨੇਤਾ ਮੇਹਰ ਮਿਤਲ ਦਾ ਕਹਿਣਾ ਹੈ ਕਿ ਉਸਨੂੰ ਗਰੂਰ ਨਹੀਂ ਸਗੋਂ ਇਸ ਗੱਲ 'ਤੇ ਫਖਰ ਹੈ ਕਿ ਉਸਦਾ ਨਾਂ ਵਿਕਦਾ ਹੈ ਤੇ ਉਹਦੇ ਨਾਂ ਨੂੰ ਫਿਲਮਾਂ ਵਿਕਦੀਆਂ ਹਨ।

ਉਹਦੀ ਦਿਲੀ-ਇੱਛਾ ਹੈ ਕਿ ਸੁਥਰੇ ਰੋਲ ਕਰਾਂ ਪਰ ਫਿਲਮਾਂ ਵਾਲੇ ਸਮਝਦੇ ਹਨ ਕਿ ਮੈਨੂੰ ਕਦੇ ਬੱਕਰੀਆਂ ਵਾਲਾ, ਕਦੇ ਸਲੋਤਰੀ, ਕਦੇ ਸਿੱਧਰਾ ਮੁੰਡਾ, ਕਦੇ ਦੋਧੀ ਤੇ ਕਦੇ ਸਬਜ਼ੀ ਵੇਚਣ ਵਾਲਾ ਆਦਿ ਬਣਾਕੇ ਹੀ ਵੱਧ ਫਾਇਦਾ ਹੋਵੇਗਾ।'ਉਹ ਕਹਿੰਦਾ ਹੈ, 'ਕਮਰਸ਼ੀਅਲ ਆਰਟਿਸਟ ਹੋਣ ਦੇ ਨਾਤੇ ਸਾਨੂੰ ਉਹੋ ਕੁੱਝ ਕਰਨਾ ਪੈਂਦਾ ਹੈ ਜੋ ਡਾਇਰੈਕਟਰ ਕਰਾਵੇ'

ਇੱਕ ਭੇਤ ਵਾਲੀ ਗੱਲ ਮੇਹਰ ਮਿਤਲ ਨੇ ਦੱਸੀ ਕਿ ਦਸਾਂ 'ਚੋਂ ਨੌਂ ਫਿਲਮਾਂ ਵਿਚ ਉਹਨੂੰ ਆਪਣੇ ਹਿੱਸੇ ਦਾ ਰੋਲ ਖੁਦ ਹੀ ਲਿਖਣਾ ਪੈਂਦਾ ਹੈ ਕਿਉਂ ਜੋ ਪੰਜਾਬੀ ਫਿਲਮਾਂ ਦੀਆਂ ਕਹਾਣੀਆਂ ਤੇ ਸਕਰੀਨ ਪਲੇ ਲਿਖਣ ਵਾਲੇ ਅਕਸਰ ਅਨਜਾਣ ਹੁੰਦੇ ਹਨ ਤੇ ਉਹ ਫਿਲਮ ਲਈ ਸਾਈਨ ਕਰਨ ਵੇਲੇ ਹੀ ਆਖ ਦਿੰਦੇ ਹਨ ਕਿ ਮਿੱਤਲ ਜੀ ਤੁਸੀਂ ਆਪਣੀ ਭੂਮਿਕਾ ਨੂੰ ਜ਼ਰਾ ਆਪ ਹੀ ਸੁਆਰ ਨਿਖਾਰ ਲੈਣਾ।

ਸਾਗਰ ਸਰਹੱਦੀ ਨੇ ਇਕ ਤੋਂ ਵੱਧ ਵਾਰ ਦਾਅਵਾ ਕੀਤਾ ਹੈ ਕਿ ਉਹ 'ਵਗਦੇ ਪਾਣੀ' ਪੰਜਾਬੀ ਫਿਲਮ ਨੂੰ ਮੇਹਰ ਮਿਤਲ ਵਰਗੇ ਟਪੂਸੀ-ਮਾਰ ਤੇ ਦੋਹਰੇ ਅਰਥਾਂ ਵਾਲੇ ਫਿਕਰੇ ਵਰਤਣ ਵਾਲੇ ਕਾਮੇਡੀਅਨ ਤੋਂ ਬਿਨਾਂ ਹੀ ਬਣਾ ਰਿਹਾ ਹੈ।

ਮਿਤਲ ਨੇ ਸਰਹੱਦੀ ਦੇ ਬਿਆਨ ਉਪਰ ਟਿੱਪਣੀ ਕਰਦਿਆਂ ਕਿਹਾ, "ਮੈਂ ਕਦੇ ਵੀ ਇੰਜ ਨਹੀਂ ਦਾਅਵਾ ਕੀਤਾ ਕਿ ਮਿਤਲ ਬਗੈਰ ਪੰਜਾਬੀ ਫਿਲਮ ਨਹੀਂ ਬਣ ਸਕਦੀ ਬਲਕਿ ਇਹ ਤਾਂ ਫਿਲਮਾਂ ਵਾਲਿਆਂ ਦੀ ਆਪਣੀ ਲੋੜ ਹੁੰਦੀ ਹੈ। ਮੈਨੂੰ ਖੁਸ਼ੀ ਹੋਵੇਗੀ ਜੇਕਰ ਸਰਹੱਦੀ ਨੂੰ ਏਨਾ ਕੁ ਕਾਨਫੀਡੈਂਸ ਹੋ ਗਿਆ ਹੈ ਪਰ ਉਹ 'ਵਗਦੇ ਪਾਣੀ' ਨੂੰ ਮੁਕੰਮਲ ਕਰ ਲਵੇ ਫੇਰ ਰਿਲੀਜ਼ ਕਰੇ ਤੇ ਉਸ ਉਪਰੰਤ ਜਦੋਂ ਫਿਲਮ ਲੋਕ-ਕਸਵੱਟੀ 'ਤੇ ਖਰੀ ਉਤਰੇ ਤਦ ਅਜਿਹਾ ਦਾਅਵਾ ਸਮੇਂ ਸਿਰ ਜਾ ਕੇ ਕਰੇ।"

ਮਿਤਲ ਨੇ ਆਖਿਆ ਕਿ ਸਰਹੱਦੀ ਕਾਬਲ-ਫਿਲਮਕਾਰ ਜੇਕਰ ਸਾਬਤ ਹੋਵੇ ਤਾਂ ਮੈਨੂੰ ਖੁਸ਼ੀ ਹੋਵੇਗੀ ਪਰ ਅਜੇ ਤੱਕ ਉਹ ਨਾਕਾਬਲ ਚਲਿਆ ਆ ਰਿਹਾ ਹੈ।

ਇਹ ਪੁੱਛਣ 'ਤੇ ਕਿ ਸਾਗਰ ਸਰਹੱਦੀ ਨਾਲ ਅਜਿਹੇ ਮਾਮਲਿਆਂ 'ਤੇ ਤੁਹਾਡੀ ਕਦੇ ਸਿੱਧੀ ਗੱਲਬਾਤ ਹੋਈ ਹੈ ਜਾਂ ਨਹੀਂ, ਮੇਹਰ ਮਿਤਲ ਨੇ ਕਿਹਾ, "ਮੈਂ ਸਰਹੱਦੀ ਦਾ ਸਿਰਫ ਨਾਂ ਜਾਣਦਾ ਹਾਂ, ਜੇ ਕਿਧਰੇ ਸੜਕ 'ਤੇ ਮਿਲ ਪਵੇ ਤਾਂ ਮੈਂ ਉਸ ਨੂੰ ਪਛਾਣਦਾ ਨਹੀਂ।"

## ਇਹ ਕੀ ਹੋਇਆ:

ਪਿਛਲੇ ਹਫਤੇ ਮੇਹਰ ਮਿਤਲ ਨਾਲ ਦਿੱਲੀ 'ਚ ਵਿਕੋਲਿਤਰੀ ਘਟਨਾ ਵਾਪਰੀ। ਉਹਨੇ ਜ਼ਹਾਜ਼ ਫੜਨਾ ਸੀ ਪਰ ਕਿਸੇ ਕਾਰਨ ਉਡਾਣ ਰੱਦ ਹੋ ਗਈ। ਦੂਜੀ ਕੰਪਨੀ ਦੇ ਜ਼ਹਾਜ਼ 'ਚ ਟਿਕਟ ਲੈਣ ਲਈ ਭੱਜ ਨੱਸ ਕਰਨ ਲੱਗਾ ਤੇ ਪਹਿਲੀ ਟਿਕਟ ਦੇ ਪੈਸੇ ਵੀ ਵਾਪਸ ਲੈਣੇ ਸਨ। ਇਸ ਸ਼ਸ਼ੋਪੰਜ ਵਿਚ ਦੂਜੇ ਜ਼ਹਾਜ਼ ਦੀਆਂ ਵੀ ਟਿਕਟਾਂ ਮੁੱਕ ਗਈਆਂ।

ਹਵਾਈ ਅੱਡੇ ਉਪਰ ਡਿਊਟੀ ਦੇ ਰਹੇ ਦਿੱਲੀ ਪੁਲਿਸ ਦੇ ਇਕ ਸਿਪਾਹੀ ਨੇ ਇਹ ਗੱਲ 'ਤਾੜ' ਲਈ ਤੇ ਆਪਣੇ ਅਸਰ-ਰਸੂਖ ਨਾਲ ਮਿਤਲ ਨੂੰ ਟਿਕਟ ਦੇ ਪੈਸੇ ਜਲਦ ਵਾਪਸ ਕਰਵਾ ਦਿੱਤੇ।

ਹੁਣ ਹੋਰ ਕੋਈ ਚਾਰਾ ਵੀ ਨਹੀਂ ਸੀ, ਰਾਤ ਬੀਤਦੀ ਜਾ ਰਹੀ ਸੀ। ਬੱਸ ਅੱਡੇ ਪੁੱਜ ਕੇ ਬੱਸ ਹੀ ਫੜੀ ਜਾ ਸਕਦੀ ਸੀ। ਸਿਪਾਹੀ ਨੇ ਮੁੜ ਸੇਵਾਵਾਂ ਪੇਸ਼ ਕੀਤੀਆਂ ਤੇ ਕਿਹਾ, "ਮਿਤਲ ਜੀ, ਮੇਰੇ ਭਾਣਜੇ ਦਾ ਆਟੋ-ਰਿਕਸ਼ਾ ਬਾਹਰ ਖੜ੍ਹਾ ਹੈ, ਚਲੋ ਤੁਹਾਨੂੰ ਹਿਫਾਜ਼ਤ ਨਾਲ ਬੱਸ ਅੱਡੇ ਪਹੁੰਚਾ ਦੇਵੇਗਾ"

....ਆਟੋ ਰਿਕਸ਼ਾ ਸਟਾਰਟ ਹੋਇਆ ਤਾਂ ਸਿਪਾਹੀ ਖੁਦ ਵੀ ਉਸ 'ਚ ਸਵਾਰ ਹੋ ਗਿਆ।

ਸਿੱਧੇ ਰਸਤੇ 'ਤੋਂ ਜਦੋਂ ਇਕ ਥਾਂ ਜਾ ਕੇ ਆਟੋ-ਰਿਕਸ਼ਾ ਕਿਸੇ ਸੁੰਨੀ ਥਾਂ ਵੱਲ ਨੂੰ ਵਧਿਆ ਤਾਂ ਮਿਤਲ ਨੇ ਮਨ ਹੀ ਮਨ ਵਿੱਚ ਕਿਹਾ, "ਫਸ ਗਏ'

ਉਹਨੇ ਬਰੀਫਕੇਸ ਨੂੰ ਘੁੱਟ ਕੇ ਕੱਛ ਵਿੱਚ ਦੇ ਲਿਆ ਜਿਸ 'ਚ 30 ਹਜ਼ਾਰ ਰੁਪਏ ਦੀ ਨਕਦੀ ਸੀ। ਉਹਨੇ ਪੁੱਛਿਆ, "ਕਿਧਰ ਲਈ ਜਾਨੇ ਓਂ ਬੜੇ ਭਾਈ, ਇਹ ਬੱਸ ਅੱਡੇ ਦਾ ਰਸਤਾ ਤਾਂ ਨਹੀਂ।" ਸਿਪਾਹੀ ਬੋਲਿਆ, "ਬੱਸ ਜੀ, ਜ਼ਰਾ ਕੁ ਘੁੰਮ ਕੇ ਉਥੇ ਹੀ ਪਹੁੰਚ ਜਾਵਾਂਗੇ।"

ਜਦੋਂ ਇੱਕ ਬਸਤੀ ਜਿਹੀ 'ਚ ਆਟੋ-ਰਿਕਸ਼ਾ ਦਾਖਲ ਹੋਇਆ ਤਾ ਮਿੱਤਲ ਦੀ ਘਬਰਾਹਟ ਹੋਰ ਵਧ ਗਈ। ਉਹਨੇ ਇਕੋ ਸਮੇਂ ਕਈ ਦੇਵੀ-ਦੇਵਤਿਆਂ ਨੂੰ ਧਿਆਇਆ...। ਅਗਾਂਹ ਜਾਕੇ ਆਟੋ-ਰਿਕਸ਼ਾ ਰੁਕ ਗਿਆ। ਮਿਤਲ ਨੂੰ ਸਿਪਾਹੀ ਨੇ ਆਖਿਆ, "ਬੱਸ ਜੀ ਪੰਜ ਕੁ ਮਿੰਟਾਂ ਲਈ ਮੇਰੇ ਘਰ 'ਚ ਬੈਠ ਕੇ ਚਾਹ ਦਾ ਕੱਪ ਪੀ ਲਉ, ਏਨੇ ਨਾਲ ਮੁਹੱਲੇ ਵਾਲਿਆਂ 'ਤੇ ਮੇਰੀ ਟੌਅਰ ਬਣ ਜਾਊਗੀ।"

ਕਿਸੇ ਚਾਬੀ ਵਾਲੇ ਖਿਡਾਉਣੇ ਵਾਂਗ ਮਿਤਲ ਆਟੋ-ਰਿਕਸ਼ਾ 'ਚੋਂ ਉਤਰਿਆ, ਚਾਹ ਪੀਤੀ, ਸਿਪਾਹੀ ਨੇ ਮੁਹੱਲੇ ਵਾਲਿਆਂ ਨਾਲ ਮਿਤਲ

ਬਾਕੀ ਪੰਨਾ 31 'ਤੇ

# ਮਨੋਜ ਕੁਮਾਰ ਦੀ ਫਿਲਮ



'ਕਲਯਗ ਕਾ ਸਪਨਾ' ਵਿਚ ਮਨੋਜ ਕੁਮਾਰ ਤੇ ਮਾਧਵੀ

ਮਨੋਜ ਕੁਮਾਰ ਦੀ ਫਿਲਮ 'ਕਲਯੁੱਗ ਕੀ ਰਮਾਇਣ' ਆਖਰ ਸਾਰੇ ਪੜਾਅ ਤੈਅ ਕਰਕੇ ਦਰਸ਼ਕਾਂ ਦੀ ਕਚਹਿਰੀ ਵਿਚ ਪੇਸ਼ ਹੋਣ ਲਈ ਅਗਲੇ ਦਿਨਾਂ 'ਚ ਆ ਰਹੀ ਹੈ। ਹੁਣ ਇਸਦਾ ਨਾਂ 'ਕਲਯੁੱਗ ਔਰ ਰਮਾਇਣ" ਵੀ ਛੱਡ ਕੇ ਤੀਜਾ ਨਾਂ 'ਕਲਯੁੱਗ ਕਾ ਸਪਨਾ' ਐਲਾਨਿਆ ਗਿਆ ਹੈ।

ਫਿਲਮ ਦੇ ਪਹਿਲੇ ਨਾਵਾਂ ਉਪਰ ਕੁਝ ਹਿੰਦੂ ਜਥੇਬੰਦੀਆਂ ਨੇ ਇਤਰਾਜ਼ ਉਠਾਇਆ ਸੀ। ਸੈਂਸਰ ਬੋਰਡ ਨੇ ਵੀ ਇਸ ਨੂੰ ਆਮ ਨਾਲੋਂ ਵੱਧ ਸੁਚੇਤ ਨਜ਼ਰ ਨਾਲ ਦੇਖਿਆ ਤੇ ਕਈ ਦ੍ਰਿਸ਼ਾਂ ਉਪਰ ਕੈਂਚੀ ਫੇਰ ਦਿੱਤੀ।

ਫਿਲਮਕਾਰ ਮਨੋਜ ਕੁਮਾਰ ਜਦੋਂ ਵੀ ਕਦੇ ਫਿਲਮ ਬਣਾਉਂਦਾ ਹੈ, ਪਹਿਲੇ ਦਿਨ ਤੋਂ ਹੀ ਖਟਾਮਿਠੀ ਚਰਚਾ ਛਿੜ ਪੈਂਦੀ ਹੈ। ਉਹਦੀ ਕੋਸ਼ਿਸ਼ ਹੁੰਦੀ ਹੈ ਕਿ ਹਰ ਵਾਰ ਕੋਈ ਨਵੀਂ ਗੱਲ ਕੀਤੀ ਜਾਵੇ।

'ਉਪਕਾਰ', 'ਪੂਰਬ ਔਰ ਪੱਛਮ', 'ਰੋਟੀ ਕੱਪੜਾ ਔਰ ਮਕਾਨ', 'ਯਾਦਗਾਰ', 'ਦਸ ਨੰਬਰੀ', ਤੇ 'ਕ੍ਰਾਂਤੀ' ਵਰਗੀਆਂ ਫਿਲਮਾਂ ਨੇ ਆਪੋ-ਆਪਣੇ ਰਿਲੀਜ਼-ਸਮਿਆਂ ਵਿਚ ਗੂੜ੍ਹੀਆਂ ਪੈੜਾਂ ਪਾਈਆਂ।

'ਕਲਯੁੱਗ ਕਾ ਸਪਨਾ' ਬਾਰੇ ਲੋਕਾਂ 'ਚ ਕਾਫੀ ਉਤਸੁਕਤਾ ਹੈ ਕਿ ਮਨੋਜ ਕੁਮਾਰ ਨੇ ਜਿਹੜੀ ਕਿਹੜੀ ਹਟਵੀਂ ਗੱਲ ਕੀਤੀ ਹੋਵੇਗੀ ਪਰ ਇਹ ਵੀ ਸੁਣਨ ਵਿਚ ਆਇਆ ਹੈ ਕਿ ਸੈਂਸਰ ਦੀ 'ਭੇਂਟ' ਵਿਚ ਕਈ ਮਹੱਤਵਪੂਰਨ ਦ੍ਰਿਸ਼ ਆ ਗਏ ਹਨ। ਮਨੋਜ ਦੀ ਇਸ ਫਿਲਮ ਦਾ ਡਾਇਰੈਕਟਰ ਬਾਬੂ ਭਾਈ ਮਿਸਤਰੀ ਹੈ।

ਇਸਦੇ ਸਿਤਾਰਿਆਂ ਵਿਚ ਮਨੋਜ ਕੁਮਾਰ ਤੋਂ ਇਲਾਵਾ ਮਾਧਵੀ, ਸੋਨਿਕਾ ਗਿੱਲ, ਰਾਜੀਵ ਗੋਸਵਾਮੀ, ਹੁਮਾ ਖਾਨ, ਰਾਹੁਲ, ਬਿੰਦੂ, ਪ੍ਰੇਮ ਚੋਪੜਾ ਤੇ ਓਮ ਪ੍ਰਕਾਸ਼ ਸ਼ਾਮਲ ਹਨ।

# ਬੰਦਾ ਢੀਠ ਹੋਣਾ ਚਾਹੀਦੈ

**ਲਾਲ ਸਿੰਘ ਗਿੱਲ**

ਢੀਠ ਕਿਸਮ ਦੇ ਬੰਦੇ ਆਲੇ-ਦੁਆਲੇ ਹਰ ਪਿੰਡ,ਸ਼ਹਿਰ ਵਿਚ ਮੌਜੂਦ ਦਿਸਦੇ ਹਨ। ਇਨ੍ਹਾਂ ਨੂੰ ਜੋ ਮਰਜ਼ੀ ਕਹੀ ਜਾਓ ਇਹ ਤੁਹਾਡਾ ਪਿੱਛਾ ਘੱਟ ਹੀ ਛੱਡਦੇ ਹਨ। ਆਪਣੀ ਧੁਨ ਵਿਚ ਮਸਤ ਰਹਿਣਾ ਇਨ੍ਹਾਂ ਦਾ ਸ਼ੁਗਲ ਹੈ ਬੇਇੱਜ਼ਤੀ ਦਾ ਇਨ੍ਹਾਂ ਦੀ ਸਿਹਤ 'ਤੇ ਕੋਈ ਅਸਰ ਨਹੀਂ ਪੈਂਦਾ ਸਗੋਂ ਇਸ ਨੂੰ 'ਟਾਨਿਕ' ਸਮਝ ਕੇ ਪੀ ਲੈਂਦੇ ਹਨ।

ਢੀਠ ਆਦਮੀਆਂ ਦੀ ਢੀਠਤਾਈ ਦਾ ਸ਼ਿਕਾਰ ਜ਼ਿਆਦਾਤਰ ਸ਼ਰੀਫ ਕਿਸਮ ਦੇ ਆਦਮੀ ਹੁੰਦੇ ਹਨ। ਸ਼ਰੀਫ ਇਹ ਸੋਚਕੇ ਚੁੱਪ ਕਰ ਰਹਿੰਦਾ ਹੈ ਕਿ ਕੋਈ ਹੋਰ 'ਪਠਾਣ' ਟੱਕਰ ਜਾਊ,ਢੀਠ ਆਪੇ ਆਪਣੀ ਢੀਠਤਾਈ ਛੱਡ ਦੇਵੇਗਾ। ਕਦੇ ਕਦੇ ਢੀਠ ਆਦਮੀ ਆਪਣੇ ਮੌਰ ਭੰਨਾ ਵੀ ਲੈਂਦੇ ਹਨ।

ਗਲੀਆਂ-ਬਜ਼ਾਰਾਂ ਤੇ ਬੱਸਾਂ-ਗੱਡੀਆਂ ਢੀਠ ਆਸ਼ਕ ਵਲੋਂ ਰਿਮਾਰਕਸ ਕੱਸਣ 'ਤੇ ਆਮ ਕੁੜੀ ਚੁੱਪ ਰਹਿੰਦੀ ਹੈ। ਪਰ ਕੋਈ ਵਿਰਲੀ ਵਿਰਲੀ ਅਣਖ ਵਾਲੀ ਅਜਿਹੀ ਸੇਵਾ ਕਰਦੀ ਹੈ ਕਿ ਉਹ ਤੋਬਾ ਵੀ ਕਰ ਲੈਂਦੇ ਹਨ।

ਇਕ ਆਦਮੀ ਦੀ ਇਹ ਆਦਤ ਸੀ ਕਿ ਰੋਟੀ ਖਾਣ ਵੇਲੇ ਮੇਰੇ ਪਾਸ ਆ ਧਮਕਦਾ। ਰੋਟੀ ਪਾਣੀ ਛੱਕਣਾ ਤੇ ਕਹਿਣਾ,'ਬਾਈ ਕੌਣ ਕਿਸੇ ਦਾ ਖਾਂਦਾ ਹੈ। ਦਾਣਾ ਪਾਣੀ ਖਿੱਚ ਕੇ ਲਿਆਉਂਦਾ ਹੈ। ਦਾਣੇ ਦਾਣੇ 'ਤੇ ਮੋਹਰ ਹੈ। ਜਿਥੇ ਕਿਸੇ ਦਾ ਅੰਨ-ਜਲ ਲਿਖਿਐ,ਚੁਗਣਾ ਹੀ ਪੈਂਦੇ। 'ਮੈਂ ਕਹਿ ਦੇਣਾ,'....ਤੇ ਚੁਗਣ ਵਾਲਾ ਹਰ ਹੀਲਾ ਵਰਤ ਕੇ ਪਹੁੰਚ ਹੀ ਜਾਂਦਾ ਹੈ' ਦੋ ਕੁ ਮਹੀਨੇ ਤਾਂ ਮੈਂ ਉਸਦੀ ਮੋਹਰ ਵਾਲਾ ਦਾਣਾ ਪਾਣੀ ਪੇਸ਼ ਕਰਦਾ ਰਿਹਾ ਪਰ ਕਦ ਤੱਕ।

ਇਕ ਦਿਨ ਪੱਕੀ ਧਾਰ ਲਈ ਕਿ ਉਸ ਢੀਠ ਨੂੰ ਮਗਰੋਂ ਲਾਹ ਦੇਣਾ ਹੈ। ਮੈਂ ਘਰੋਂ ਬਾਹਰ ਲਾਗਲੀ ਦੁਕਾਨ 'ਤੇ ਬੈਠ ਗਿਆ। ਉਹ ਭਲਾਮਾਣਸ ਆਇਆ ਤੇ ਫੁਰਮਾਇਆ,"ਚਲੋ ਮਾਰਾਜ ਅੰਦਰ ਬੈਠੀਏ। ਠੰਢ ਐ। ਗੱਲਾਂ ਬਾਤਾਂ ਕਰਾਂਗੇ ("ਤੇ ਤੋਰੀ ਫੁਲਕਾ ਵੀ ਛਕਾਂਗੇ") ਮੈਂ ਹੱਥ ਵਿਚ ਰਿਸਾਲਾ ਲੈ ਕੇ ਅੰਤਰ-ਧਿਆਨ ਜਿਹਾ ਹੋਕੇ ਬੈਠਾ ਰਿਹਾ। ਉਸਨੇ ਦੋਬਾਰਾ 'ਹੁਕਮ'ਵਰਗੀ ਅਰਜੋਈ ਕੀਤੀ,"ਚੱਲ ਵੀ ਯਾਰ"। ਮੈਂ ਬੜੇ ਠਰੰਮੇ ਨਾਲ ਕਿਹਾ,"ਯਾਰ ਇਕ ਕਹਾਣੀ ਛਪੀ ਐ। ਉਹ ਪੜ੍ਹ ਰਿਹਾ ਸੀ।"ਉਹ ਢੀਠ ਆਦਮੀ ਸਾਹਿਤਕ-ਰੁਚੀਆਂ ਵਾਲਾ ਸੀ। ਕਹਿਣ ਲੱਗਾ ਕੋਈ ਨਵੀਂ ਕਿਸਮ ਦੀ ਕਹਾਣੀ ਹੈ?" ਮੈਂ ਕਿਹਾ ਬੜਾ ਅਛੂਤਾ ਵਿਸ਼ਾ ਹੈ। ਸਾਰਅੰਸ਼ ਇਹ ਕਿ ਦਾਣੇ ਦਾਣੇ 'ਤੇ ਮੋਹਰ ਹੁੰਦੀ ਹੈ। ਪਰ ਕਈ ਢੀਠ ਕਿਸਮ ਦੇ ਆਦਮੀ ਹੱਥ ਵਿਚ ਮੋਹਰ ਰੱਖਦੇ ਤੇ ਜਿਥੇ ਚੰਗੇ ਦਾਣੇ ਵੇਖੇ ਆਪਣੀ ਮੋਹਰ ਠੱਪਣ ਦੀ ਕਰਦੇ ਹਨ।"

ਇਹ ਸੁਣਕੇ ਉਹ ਕਹਿਣ ਲੱਗਾ,"ਯਾਰ ਹੁਣੇ ਪੰਜ ਮਿੰਟ 'ਚ ਆਇਆ,ਮੈਨੂੰ ਇਕ ਕੰਮ ਯਾਦ ਆ ਗਿਐ।"ਪੰਜ ਮਿੰਟ ਕੀ ਤਿੰਨ ਮਹੀਨੇ ਹੋਣ ਲੱਗੇ ਹਨ ਤੇ ਮੈਨੂੰ ਉਸਦੇ ਦਰਸ਼ਨ ਦੁਰਲੱਭ ਹੋ ਗਏ।

ਢੀਠ-ਬਰਾਦਰੀ ਦੇ ਇਕ ਰੁਕਨ ਨਾਲ ਆਪਣੀ ਤੁਆਰਫ ਕਰਾਉਣਾ ਮੇਰਾ ਫਰਜ਼ ਹੈ। ਇਕ ਸਾਹਿਤਕਾਰ ਜਿਸਨੂੰ 'ਸਿਹਤਕਾਰ'ਕਹਿਣਾ ਬਿਹਤਰ ਰਹੇਗਾ ਮੇਰਾ ਦੋਸਤ ਬਣ ਗਿਆ। ਸ਼ਾਮ ਨੂੰ ਖਾਣ ਪੀਣ ਵੇਲੇ ਆ ਧਮਕਣਾ। ਆਏ ਗਏ ਵਾਸਤੇ ਰੱਖੀ ਦਾਰੂ ਦਾ ਕੋਟਾ ਵੀ ਨਿਬੇੜ ਦੇਣਾ ਤੇ ਮੇਰੀ ਉਸਤਤ ਵੀ ਕਰੀ ਜਾਣੀ। ਮੈਂ ਸਭ ਕੁਝ ਜਾਣਦੇ ਹੋਏ ਵੀ ਉਸਦੀ ਹਾਂ ਵਿਚ ਹਾਂ ਮਿਲਾਈ ਜਾਣੀ। ਇਕ ਦਿਨ ਮੇਰਾ ਦੋਸਤ ਮਹਿੰਦਰ ਸਿੰਘ ਫੌਜੀ ਰੰਮ ਦੀ ਬੋਤਲ ਦੇ ਗਿਆ ਅਖੇ,"ਪੈਂਤੀਆਂ ਦੀ ਦੇਸੀ ਕਾਹਤੋਂ ਲਵੇਂ ਆਹ ਪੱਚੀਆਂ ਦੀ ਰੰਮ ਲਿਆ ਕਰ।" ਆਪਾਂ ਉਹ ਬੋਤਲ ਸੰਭਾਲ ਦਿੱਤੀ ਬਈ ਕਿਸੇ ਰਿਸ਼ਤੇਦਾਰ ਆਏ ਤੋਂ ਵਰਤਾਂਗੇ। ਉਹ ਸੱਜਣ ਸ਼ਾਮ ਨੂੰ ਆਇਆ ਤੇ ਕਿਹਾ,"ਯਾਰ ਦੱਸ ਰੁਪਈਏ ਦੇਈਂ,ਜੇਬ ਖਾਲੀ ਪਈ ਐ ਪੀਣ ਨੂੰ ਜੀਅ ਕਰਦੈ।"ਮੈਂ ਸੋਚਿਆ ਦੱਸ ਦੇਣ ਨਾਲੋਂ ਛੇ ਦਾ ਰੰਮ ਦਾ ਪਊਆ ਪਿਆਕੇ ਮਗਰੋਂ ਲਾਹੀਏ। ਉਸਨੂੰ ਬੋਤਲ ਫੜਾ ਦਿੱਤੀ। ਉਸਨੇ ਪਊਆ ਕੁ ਦਾਰੂ ਨਾਲ ਗਿਲਾਸ ਭਰ ਲਿਆ। ਪੀਣ ਲੱਗਾ ਤਾਂ ਮੈਂ ਕਿਹਾ,"ਪਾਣੀ ਤਾਂ ਪਾ ਲੈ,ਬੜੀ ਤੇਜ਼ ਹੁੰਦੀ ਐ।"ਉਸਨੇ ਨੀਟ ਹੀ ਪੀ ਲਈ। ਕੁਝ ਦੇਰ ਬਾਅਦ ਸਰੂਰ ਵਿਚ ਕਹਿਣ ਲੱਗਾ,"ਮੇਰੇ ਨਾਲ ਚੱਲ। ਰੋਟੀ ਖਾਕੇ ਆ ਜਾਵੀਂ। ਐਵੇਂ ਕਿਥੇ ਹੱਥ ਸਾੜਦਾ ਫਿਰੇਂਗਾ। ਨਾਲੇ ਤੇਰੀ ਭਰਜਾਈ ਵੀ ਬੜਾ ਯਾਦ ਕਰਦੀ ਰਹਿੰਦੀ ਐ।"ਮੈਂ ਤਿੰਨ ਚਾਰ ਰੁਪਏ ਰੋਟੀ ਦਾ ਖਰਚਾ ਬਚਾਉਣ ਖਾਤਰ ਉਸਦੇ ਨਾਲ ਤੁਰ ਪਿਆ। ਰੋਟੀ ਖਾਣ ਬਾਅਦ ਜਾਣ ਦੀ ਇਜ਼ਾਜ਼ਤ ਮੰਗੀ ਤਾਂ ਉਹ ਨਾਲ ਹੀ ਤੁਰ ਪਿਆ। ਮੈਂ ਸ਼ਰਾਬੀ ਦੀ ਜ਼ਿੱਦ ਸਮਝਕੇ ਨਾਲ ਲੈ ਆਇਆ। ਮੇਰੇ ਘਰ ਪਹੁੰਚਕੇ ਬੇਨਤੀ ਕੀਤੀ ਕਿ ਘੁੱਟ ਹੋਰ ਪੀਕੇ ਰੋਟੀ ਖਾਣ ਜੋਗੇ ਹੋ ਜਾਵਾਂਗੇ। ਮੈਂ ਕਿਹਾ ਅੱਧਾ ਕੁ ਪਊਆ ਹੋਰ ਖਿੱਚ ਲਏਗਾ। ਪਰ ਉਸਨੇ ਲਾਲਚ ਵਸ ਡੇਢ ਪਊਆ ਨੀਟ ਹੀ ਪੀ ਲਿਆ। 'ਫੇਰ ਮਿਲਾਂਗੇ'ਕਹਿ ਕੇ ਚਾਲੇ ਪਾ ਦਿੱਤੇ। ਮੈਂ ਸਾਰੀ ਰਾਤ ਸੋਚਦਾ ਰਿਹਾ ਕਿ ਢਾਈ ਪਊਆ ਰੰਮ ਪੀਕੇ ਪਤਾ ਨਹੀਂ ਰਾਤ ਨੂੰ ਕਿੰਨਾ ਕੁ ਔਖਾ ਹੋਇਆ ਹੋਊ। ਪਰ ਉਹ ਦੋਸਤ ਸਵੇਰੇ ਸਵੱਖਤੇ ਹੀ ਫਿਰ ਆ ਧਮਕਿਆ। ਉਸਨੇ ਅਰਜੋਈ ਕੀਤੀ,ਮੈਂ ਕਿਹਾ ਰਾਤ ਦੀ 'ਤਿੱਪ ਕੁ'ਬਚੀ ਹੋਈ ਐ। ਮੈਂ ਜਵਾਬ ਦਿੱਤਾ ਉਹ ਤਾਂ ਤੇਰੇ ਵਰਗਾ ਇਕ ਹੋਰ ਢੀਠ ਆਦਮੀਂ ਰਾਤੀਂ ਹੀ ਪੀ ਗਿਆ। ਉਸ ਢੀਠ ਨੇ ਆਪਣੀ ਮਜਬੂਰੀ ਦੱਸੀ,"ਚੰਗਾ ਫੇਰ ਮੇਰੇ ਕੋਲ ਤਿੰਨ ਰੁਪਏ ਹਨ ਤੇ ਛੇ ਤੂੰ ਦੇ ਦੇ ਇਕ ਪਊਆ ਦੇਸੀ ਨਾਲ ਹੀ ਸਾਰ ਲਵਾਂਗੇ।"ਮੈਂ ਉਸਨੂੰ ਛੇ ਰੁਪਏ ਦੇਕੇ ਮਗਰੋਂ ਲਾਹੁਣ ਵਿਚ ਹੀ ਗਨੀਮਤ ਸਮਝੀ।

ਲੜਕੇ-ਲੜਕੀ ਦਾ ਰਿਸ਼ਤਾ ਜੋੜਨ ਵਾਲੇ ਵਿਚੋਲੇ (ਵਿਚ-ਉਹਲੇ) ਅਕਸਰ ਢੀਠ ਹੀ ਹੁੰਦੇ ਹਨ। ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਜਦ

ਬਾਕੀ ਪੰਨਾ ੨੧ 'ਤੇ

ਪੰਨਾ 30 ਦੀ ਬਾਕੀ

ਦੀਆਂ ਫੋਟੋਆਂ ਖਿਚਵਾਈਆਂ ਤੇ ਫੇਰ 'ਹਿਫਾਜ਼ਤ'ਨਾਲ ਆਟੋ-ਰਿਕਸ਼ਾ 'ਚ ਬੈਠਾਕੇ ਬੱਸ ਅੱਡੇ 'ਤੇ ਛੱਡਣ ਆਇਆ।

ਸਿਪਾਈ ਨੇ ਅਲਵਿਦਾ ਕਹਿਣ ਵੇਲੇ ਕਿਹਾ,"ਤੁਸੀਂ ਬੁਰਾ ਤਾਂ ਨਹੀਂ ਮਨਾਇਆ?"ਮੋਹਰ ਮਿੱਤਲ ਨੇ ਗੁੱਸੇ ਨੂੰ ਪੀਂਦਿਆਂ ਤੇ ਹਾਸੇ ਨੂੰ ਛੁਪਾਉਂਦਿਆਂ ਗੁੱਝੇ ਵਿਅੰਗ ਨਾਲ ਸਿਪਾਹੀ ਨੂੰ ਆਖਿਆ,"ਹੈਂ...ਹੈਂ... ਲੈ,ਬੜੇ ਭਾਈ ਤੇਰੇ ਵਰਗੇ 'ਪੁਰਾਣੇ ਮਿੱਤਰਾਂ' ਦੀ ਗੱਲ ਦਾ ਕਿਵੇਂ ਬੁਰਾ ਮਨਾ ਸਕਦਾਂ,ਤੂੰ ਤਾਂ ਆਪਣਾ ਬੜਾਂ ਭਾਈ ਐਂ...।


## ਮੈਟਰੀਮੋਨੀਅਲ

ਕੈਨੇਡਾ ਵਿਚ ਚੰਗੀ ਤਰ੍ਹਾਂ ਸਥਾਪਤ ਰਾਮਗੜ੍ਹੀਆ ਪ੍ਰਵਾਰ ਦੇ ਲੜਕੇ ਲਈ ਇਕ ਸੁਸ਼ੀਲ ਤੇ ਘਰ ਦੇ ਕੰਮ ਵਿਚ ਪ੍ਰਬੀਨ ਲੜਕੀ ਦੀ ਜ਼ਰੂਰਤ ਹੈ। ਲੜਕੇ ਦਾ ਕੱਦ 5'-10" ਹੈ ਤੇ ਉਮਰ 39 ਸਾਲ ਹੈ, ਲੜਕਾ ਕਲੀਨ-ਸ਼ੇਵ ਹੈ। ਲੜਕਾ ਯੂ. ਏ. ਈ. (ਯੂਨਾਈਟਿਡ ਅਰਬ ਐਮੇਂਰੀਟਸ) ਵਿਚ ਆਪਣਾ ਟਰਾਂਸਪੋਰਟ ਦਾ ਵਪਾਰ ਕਰ ਰਿਹਾ ਹੈ। ਜ਼ਾਤਪਾਤ ਦਾ ਕੋਈ ਵਿਚਾਰ ਨਹੀਂ। ਨਾ ਕਿਸੇ ਕਿਸਮ ਦੀ ਹੋਰ ਕੋਈ ਮੰਗ ਹੈ।

ਖਤ ਇਸ ਪਤੇ ਤੇ ਲਿਖੋ :

**P.O.BOX 430**
**Postal Station 'T'**
**Calgary — ALTA T2H 3G9**

## ਬੇਸਮੈਂਟ ਕਿਰਾਏ ਲਈ ਖਾਲੀ

ਤਿੰਨ ਕਮਰੇ ਦੀ ਬੇਸਮਿੰਟ ਕਿਰਾਏ ਲਈ ਖਾਲੀ ਹੈ। ਕਮਰੇ ਬਹੁਤ ਖੁਲ੍ਹੇ ਹਨ ਅਤੇ ਨਾਲ ਵੱਡਾ ਕਿਚਨ ਹੈ। ਇਹ ਵੈਨਕੂਵਰ ਈਸਟ ਦੇ ਇਲਾਕੇ ਵਿਚ ਹੈ। ਵਿਕਟੋਰੀਆ ਡਰਾਈਵ ਅਤੇ 1st Ave. ਦੇ ਨੇੜੇ ਹੈ। ਬਿਜ਼ਨਸ ਸੈਂਟਰ, ਬੱਸ ਸਟਾਪ ਨਜ਼ਦੀਕ ਹਨ। ਕਿਰਾਇਆ ਬਹੁਤ ਵਾਜਬ ਹੈ। ਅੱਜ ਹੀ ਫ਼ੋਨ ਕਰੋ :

**253-9521**



# ਕੀ ਇੰਮੀਗਰੇਸ਼ਨ ਦਾ ਮਸਲਾ ਹੈ?

**ਸਲਾਹ ਮਸ਼ਵਰੇ ਲਈ ਸਾਡੀ ਮਦਦ ਲਵੋ**

**ਅਸੀਂ ਆਪਦੀ ਸੇਵਾ 1946 ਤੋਂ ਕਰਦੇ ਆ ਰਹੇ ਹਾਂ ਪਹਿਲੀ ਮੁਲਾਕਾਤ ਦੀ ਕੋਈ ਫੀਸ ਨਹੀਂ ਹੋਵੇਗੀ।**

## ਵਰਲਡ ਵਾਈਡ ਇੰਮੀਗਰੇਸ਼ਨ ਐਂਡ ਡਾਕੂਮੈਨਟੇਸ਼ਨ ਸਰਵਿਸਜ਼



ਦਲਜੀਤ ਸਿੰਘ ਸੰਧੂ L.L.B. (U.K.)
Res. 580-1822

- ਰਿਸ਼ਤੇਦਾਰਾਂ ਨੂੰ ਕੈਨੇਡਾ ਮੰਗਵਾਉਣ ਲਈ ਚੰਗੀ ਸਲਾਹ
- ਇੰਡੀਆ, ਕੈਨੇਡਾ ਜਾਂ ਕਿਸੇ ਹੋਰ ਮੁਲਕ ਦਾ ਵੀਜ਼ਾ ਲੈਣਾ ਹੋਵੇ ਜਾਂ ਮਿਆਦ ਵਧਾਉਣੀ ਹੋਵੇ ਉਸਦੇ ਬਾਰੇ 'ਚ ਵੀ ਸਾਡੇ ਕੋਲ ਆਉ ਅਸੀਂ ਤੁਹਾਨੂੰ ਸਹੀ ਸਲਾਹ ਦੇ ਸਕਦੇ ਹਾਂ।
- ਕਿਸੇ ਰਿਸ਼ਤੇਦਾਰ ਦੇ ਬੱਚੇ ਨੂੰ ਅਡਾਪਟ (ਗੋਦ ਲੈਣਾ) ਕਰਨ ਬਾਰੇ ਜਾਣਕਾਰੀ -ਤੁਸੀਂ ਇਥੇ ਬੈਠੇ ਹੀ ਕਿਸੇ ਵੀ ਮੁਲਕ ਚੋਂ ਬੱਚੇ ਨੂੰ ਅਡਾਪਟ ਕਰ ਸਕਦੇ ਹੋ। ਤੁਹਾਨੂੰ ਉਸ ਮੁਲਕ 'ਚ ਜਾਣ ਦੀ ਲੋੜ ਨਹੀਂ ਹੈ।
- ਅਰਫਨ ਜਾਂ ਯਤੀਮ ਬੱਚੇ ਨੂੰ ਮੰਗਵਾਉਣਾ ਹੋਵੇ ਉਸ ਬਾਰੇ ਜਾਣਕਾਰੀ ਭਰਾ, ਭੈਣ, ਭਤੀਜਾ, ਭਤੀਜੀ, ਭਾਣਜਾ, ਭਾਣਜੀ, ਪੋਤੀ, ਪੋਤਾ, ਦੋਹਤੀ ਦੋਹਤਾ ਜਿਨ੍ਹਾਂ ਦੀ ਉਮਰ 18 ਸਾਲ ਤੋਂ ਘੱਟ ਹੋਵੇ ਤੇ ਵਿਆਹੇ ਹੋਏ ਨਾ ਹੋਣ। ਉਸ ਨੂੰ ਤੁਸੀਂ ਮੰਗਵਾ ਸਕਦੇ ਹੋ।
- ਜੇ ਕਿਸੀ ਕਾਰਨ ਕੋਈ ਤੁਹਾਡਾ ਰਿਸ਼ਤੇਦਾਰ ਬੇ-ਕਾਨੂੰਨੀ ਰਹਿੰਦਾ ਹੋਇਆ ਕੈਨੇਡਾ ਫੜਿਆ ਜਾਵੇ ਜਾਂ ਉਸਦੇ ਸੈਰ ਕਰਨ ਦੀ ਮਨਿਆਦ ਲੰਘ ਗਈ ਹੋਵੇ ਤਾਂ ਅਸੀਂ ਉਸ ਨੂੰ ਕਿਵੇਂ ਛੁਡਾ ਸਕਦੇ ਹਾਂ ਉਸ ਦੇ ਬਾਰੇ ਸਾਰੀ ਜਾਣਕਾਰੀ ਅਸੀਂ ਤੁਹਾਨੂੰ ਦੇ ਸਕਦੇ ਹਾਂ।
- ਜੇ ਤੁਸੀਂ ਕਿਸੇ ਰਿਸ਼ਤੇਦਾਰ ਦੀ ਚਿਠੀ ਭਰੀ ਹੈ ਤਾਂ ਉਨ੍ਹਾਂ ਨੂੰ ਕਿਸੇ ਵੀ ਕਾਰਨ ਇੰਮੀਗਰੇਸ਼ਨ ਉਸ ਨੂੰ ਆਉਣ ਤੋਂ ਵੀਜ਼ਾ ਦੇਣ ਤੋਂ ਮਨਾਂ ਕਰ ਦਿਤਾ ਗਿਆ ਹੈ ਤਾਂ ਤੁਹਾਡੇ ਖਿਆਲ ਵਿਚ ਉਨ੍ਹਾਂ ਨਾਲ ਬੇਇਨਸਾਫੀ ਹੋਈ ਹੈ ਅਸੀਂ ਉਸ ਕੰਮ ਦੀ ਅਪੀਲ ਕਰਕੇ ਤੁਹਾਡੀ ਹਰ ਕਾਨੂੰਨੀ ਤੌਰ ਤੇ ਮੱਦਦ ਕਰ ਸਕਦੇ ਹਾਂ।
- ਜੇਕਰ ਤੁਹਾਡੇ ਕੇਸ ਨੂੰ ਬਹੁਤ ਦੇਰ ਹੋ ਗਈ ਹੈ। ਸਾਲ, ਦੋ ਸਾਲ, ਤਿੰਨ ਸਾਲ ਤੱਕ ਤੋਂ ਕੰਮ ਨਹੀਂ ਨਿਕਲ ਰਿਹਾ। ਤਾਂ ਅਸੀਂ ਕਾਨੂੰਨੀ ਤੌਰ 'ਤੇ ਤੁਹਾਡੇ ਵਾਸਤੇ ਇੰਮੀਗਰੇਸ਼ਨ ਕੋਲੋਂ ਪਤਾ ਕਰਕੇ ਦੱਸ ਸਕਦੇ ਹਾਂ ਕਿ ਕੀ ਕਾਰਨ ਹੈ।
- ਜੇ ਇੰਡੀਆ ਤੋਂ ਕੋਈ ਡਾਕੂਮੈਂਟ ਮੰਗਾਉਣਾ ਹੋਵੇ ਤਾਂ ਅਸੀਂ ਮੰਗਵਾ ਸਕਦੇ ਹਾਂ।
- ਬਿਜ਼ਨਿਸ ਤੌਰ ਤੇ ਕੈਨੇਡਾ ਦੀ ਇੰਮੀਗਰੇਸ਼ਨ ਲੈਣੀ ਹੋਵੇ।
- ਸਟੂਡਿੰਟ ਵੀਜ਼ੇ ਬਾਰੇ ਜਾਣਕਾਰੀ ਵੀ ਸਾਥੋਂ ਲਵੋ।
- ਟੈਂਪਰੇਰੀ ਵਰਕ ਪਰਮਿਟ ਲੈਣ ਬਾਰੇ ਵੀ ਅਸੀਂ ਕਾਨੂੰਨੀ ਤਰੀਕੇ ਦੱਸ ਸਕਦੇ ਹਾਂ
- ਜੇਕਰ ਤੁਸੀਂ ਕਿਸੇ ਰਿਸ਼ਤੇਦਾਰ ਜਾਂ ਦੋਸਤ ਮਿੱਤਰ ਨੂੰ ਕੈਨੇਡਾ ਸੈਰ ਕਰਨ ਲਈ ਮੰਗਵਾਉਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੇ ਲਈ ਰਾਹਦਾਰੀ (Declaration) ਬਣਾ ਸਕਦੇ ਹਾਂ।
- ਕੈਨੇਡੀਅਨ ਸਿਟੀਜ਼ਨਸ਼ਿਪ ਲੈਣ ਦਾ ਤੇ ਤੁਹਾਡੇ ਨਾਲ ਜਾ ਕੇ ਗੱਲਬਾਤ ਕਰਨ 'ਚ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ।
- ਜੇ ਤੁਸੀਂ ਇੰਡੀਆ ਕੋਈ ਜਾਇਦਾਦ ਹੈ ਉਸਨੂੰ ਤੁਸੀਂ ਕਿਵੇਂ ਆਪਣੇ ਨਾਂ ਰੱਖ ਸਕਦੇ ਹੋ ਜਾਂ ਕਿਸੇ ਦੇ ਨਾਂ ਕਿਸ ਤਰ੍ਹਾਂ ਲਵਾ ਕੇ ਫੇਰ ਵੀ ਤੁਹਾਡੇ ਕੋਲ ਜ਼ਮੀਨ ਕਿਵੇਂ ਰਹਿ ਸਕਦੀ ਹੈ, ਜਾਂ ਤੁਸੀਂ ਇਥੇ ਬੈਠੇ ਹੋਏ ਉਹੋ ਜ਼ਮੀਨ ਕਿਵੇਂ ਵੇਚ ਸਕਦੇ ਹੋ। ਇਸ ਬਾਰੇ ਅਸੀਂ ਸਲਾਹ ਦੇ ਸਕਦੇ ਹਾਂ।
- ਜੇ ਤੁਸੀਂ ਘਰ ਖਰੀਦਣਾ ਹੋਵੇ, ਤੁਹਾਡੇ ਕੋਲ ਪੈਸੇ ਡਾਊਨ ਪੇਮਿੰਟ ਦੇਣ ਲਈ ਥੋੜੇ ਹੋਣ ਤਾਂ ਅਸੀਂ ਤੁਹਾਨੂੰ ਦਸ ਸਕਦੇ ਹਾਂ ਕਿ ਇਸ ਸਭ ਦਾ ਬੰਦੋਬਸਤ ਕਿਵੇਂ ਹੋ ਸਕਦਾ ਹੈ। ਤੁਹਾਡੇ ਕੋਲ ਪ੍ਰਾਪਰਟੀ ਹੈ, ਜੇਕਰ ਉਸਦੇ ਉਪਰ ਫਸਟ, ਸੈਕਿੰਡ, ਥਰਡ ਮੌਰਗੇਜ ਥੋੜੇ ਤੋਂ ਥੋੜੇ ਵਿਆਜ ਤੇ ਲੈਣੀ ਹੋਵੇ ਤਾਂ ਉਸ ਬਾਰੇ ਦਸ ਸਕਦੇ ਹਾਂ ਤੁਸੀਂ ਪ੍ਰਾਪਰਟੀ ਜਾਂ ਬਿਜ਼ਨਿਸ ਖਰੀਦਣੀ ਹੋਵੇ। ਤੁਸੀਂ ਕਿਥੋਂ ਜਾਂ ਕਿੰਦਾਂ ਪੈਸੇ ਲੈ ਸਕਦੇ ਹੋ।

ਉਪਰ ਲਿਖੇ ਮਸਲਿਆਂ ਤੋਂ ਇਲਾਵਾ ਅਸੀਂ ਤੁਹਾਨੂੰ ਹੋਰ ਕਿਸੇ ਤੁਹਾਡੇ ਇੰਡੀਆਂ ਵਿਚਲੇ ਮਸਲੇ ਬਾਰੇ ਵੀ ਸਲਾਹ ਮਸ਼ਵਰਾ ਦੇ ਸਕਦੇ ਹਾਂ।

ਨਵੇਂ ਰਫਿਊਜੀ ਕਾਨੂੰਨ ਬਾਰੇ ਸਾਡੇ ਕੋਲੋਂ ਸਲਾਹ ਲਵੋ।



ਮਲਕੀਤ ਸਿੰਘ ਪਰਹਾਰ
(ਇਮੀਗਰੇਸ਼ਨ ਸਲਾਹਕਾਰ)
Res. 228-0452

## IMMIGRATION PROBLEMS?

**Let us assist you as we have been doing since 1946**

**Complete Immigration Service in Canada**

Sponsoring Immediate Family
Close Relatives
Independent Immigrants
Fiance (e) Application
Student Visa
Refugee Application
Visitors Visa
Adoption Application
Returning Resident Permit
Citizenship Application
Orphan Relatives Application

Investors Immigration
Entrepreneurs Immigration
Self-Employed Immigration
Family Business Immigration
Work Permit
Retired Person Application
Release Hearing
Immigration Inquiry
Immigration Appeal
Preparing Application Forms
Etc....

FREE consultation for first interview

**Malkit Singh Parhar & Daljit Sandhu**

**IMMIGRATION CONSULTANTS**

World Wide Immigration & Documentation Services
# 201-1275 W. 6th Avenue, Vancouver, B.C. Canada.

Off. (604) 733-1644

# GILL AUTO SALES

# ਗਿੱਲ ਆਟੋ ਸੇਲਜ਼

DLR #8220

'ਤੇ

# *Grand Opening*

# SALE

UNTIL MAY 19th, 1987

**Come and have a look at our lowest prices**

OR

**Give your own offer if acceptable we will sell it**

**ਸਸਤੇ ਭਾਅ ਫਾਰਮ ਵੈਨਾਂ ਦੀਆਂ ਸੀਟਾਂ ਲਾਉਣ ਲਈ**

**ਖਾਸ ਪ੍ਰਬੰਧ ਤੇ ਵਾਜਬ ਰੇਟ**

## Gill Van Conversion

## —WINDOWS—

- Complete Conversions
- Full Line of Accessories
- Sun-roofs

We will build to your plans or ours

**BEST RATES — GUARANTEED WORK**

**ALL QUALITY CARS, PICK UPS & VANS TO CHOOSE FROM**

## 7762 - Edmonds St. [near Canada Way]

**Burnaby, B.C.**

**Ph. 522-2122**